New Location
Punjab Insurance Agency Inc.
Super Visa Insurance
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ • ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ • ਮਨੀ ਬੈਕ ਟਰਮ ਇੰਸ਼ੋਰੈਂਸ • ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 19 23 May, 2025 C ੧੦ ਜੇਠ ਨਾਨਕਸ਼ਾਹੀ ਸੰਮਤ ੫੫੭ Ph.: 604-338-7310 FAX : 604-572-3638 /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar (Pasla)
604-597-0991
778-895-7444
icc.accounting@yahoo.ca
8740 - 140A St., Surrey, BC V3W 0M4

## ਕੈਨੇਡਾ ਨੇ ਇਮੀਗ੍ਰੇਸ਼ਨ ਅਰਜ਼ੀਆਂ ਦੀ ਨਿਆਇਕ ਸਮੀਖਿਆ ਲਈ ਮਿਆਦ ਵਧਾ ਕੇ ਕੀਤੀ 75 ਦਿਨ

ਔਟਵਾ : ਕੈਨੇਡਾ ਦੀ ਫੈਡਰਲ ਅਦਾਲਤ ਨੇ ਇਮੀਗ੍ਰੇਸ਼ਨ ਅਰਜ਼ੀਆਂ ਸੰਬੰਧੀ ਨਿਆਇਕ ਸਮੀਖਿਆ (ਜੁਡੀਸ਼ੀਅਲ ਰਿਵਿਊ) ਲਈ ਅਰਜ਼ੀ ਦਾਖਲ ਕਰਨ ਦੀ ਸਮਾਂ ਸੀਮਾ ਵਧਾ ਕੇ 75 ਦਿਨ ਕਰ ਦਿੱਤੀ ਹੈ। ਪਹਿਲਾਂ ਇਹ ਮਿਆਦ 30 ਦਿਨ ਸੀ, ਜਿਸ ਨੂੰ 14 ਮਈ, 2025 ਤੋਂ ਲਾਗੂ ਹੋਈ ਨਵੀਂ ਨੀਤੀ ਅਧੀਨ ਵਧਾਇਆ ਗਿਆ ਹੈ। ਇਸ ਤਬਦੀਲੀ ਦਾ ਮੁੱਖ ਮਕਸਦ ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (IRCC) ਦੇ ਨਕਾਰਾਤਮਕ ਫੈਸਲਿਆਂ, ਜਿਵੇਂ ਕਿ ਅਰਜ਼ੀਆਂ ਦੀ ਰੱਦ ਹੋਣ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਆਪਣੇ ਕੇਸ ਨੂੰ ਮਜ਼ਬੂਤ ਕਰਨ ਲਈ ਵਧੇਰੇ ਸਮਾਂ ਅਤੇ ਮੌਕਾ ਦੇਣਾ ਹੈ।




**ਨਿਆਇਕ ਸਮੀਖਿਆ ਕੀ ਹੈ?**

ਨਿਆਇਕ ਸਮੀਖਿਆ ਇੱਕ ਕਾਨੂੰਨੀ ਪ੍ਰਕਿਰਿਆ ਹੈ, ਜਿਸ ਰਾਹੀਂ ਅਰਜ਼ੀਕਰਤਾ IRCC ਦੇ ਫੈਸਲਿਆਂ ਨੂੰ ਸੰਘੀ ਅਦਾਲਤ ਵਿੱਚ ਚੁਣੌਤੀ ਦੇ ਸਕਦੇ ਹਨ। ਇਹ ਪ੍ਰਕਿਰਿਆ ਉਹਨਾਂ ਮਾਮਲਿਆਂ ਵਿੱਚ ਵਰਤੀ ਜਾਂਦੀ ਹੈ ਜਿੱਥੇ ਅਰਜ਼ੀਕਰਤਾਵਾਂ ਨੂੰ ਲੱਗਦਾ ਹੈ ਕਿ IRCC ਦਾ ਫੈਸਲਾ ਅਨੁਚਿਤ, ਗੈਰ-ਕਾਨੂੰਨੀ, ਪੱਖਪਾਤੀ ਜਾਂ ਪ੍ਰਕਿਰਿਆ ਵਿੱਚ ਗਲਤੀਆਂ ਕਾਰਨ ਲਿਆ ਗਿਆ। ਇਸ ਵਿੱਚ ਵੀਜ਼ਾ ਅਰਜ਼ੀਆਂ ਰੱਦ ਹੋਣਾ, ਪਰਮਾਨੈਂਟ ਰੈਜ਼ੀਡੈਂਸੀ (PR) ਦੀ ਅਰਜ਼ੀ ਸਵੀਕਾਰ ਨਾ ਹੋਣਾ, ਰਫਿਊਜ਼ੀ ਕੇਸਾਂ ਦੀ ਨਾਮਨਜ਼ੂਰੀ, ਜਾਂ ਸਿਟੀਜ਼ਨਸ਼ਿਪ ਨਾਲ ਸਬੰਧਤ ਫੈਸਲੇ ਸ਼ਾਮਲ ਹੋ ਸਕਦੇ ਹਨ। ਨਿਆਂਕ ਸਮੀਖਿਆ ਦਾ ਮਕਸਦ ਅਰਜ਼ੀਕਰਤਾਵਾਂ ਨੂੰ ਨਿਰਪੱਖਤਾ ਅਤੇ ਕਾਨੂੰਨੀ ਅਧਿਕਾਰਾਂ ਦੀ ਸੁਰੱਖਿਆ ਦੇਣਾ ਹੈ।

**ਨਵੀਂ ਨੀਤੀ ਦੇ ਫਾਇਦੇ**

ਪਹਿਲਾਂ 30 ਦਿਨਾਂ ਦੀ ਮਿਆਦ ਦੌਰਾਨ ਇਮੀਗ੍ਰੇਸ਼ਨ ਲਈ ਅਪਲਾਈ ਕਰਨਾ ਨਾਕਾਫੀ

☛ ਬਾਕੀ ਸਫ਼ਾ 2 'ਤੇ

## ਕੈਨੇਡਾ ਪੋਸਟ ਦੇ ਕਰਮਚਾਰੀਆਂ ਵੱਲੋਂ 23 ਮਈ ਤੋਂ ਹੜਤਾਲ ਦੀ ਸੰਭਾਵਨਾ

### ਨਵੰਬਰ 2023 ਤੋਂ ਚੱਲ ਰਹੀ ਨਵੇਂ ਸਮਝੌਤੇ ਲਈ ਗੱਲਬਾਤ 'ਤੇ ਨਹੀਂ ਮਿਲੀ ਕੋਈ ਸਫ਼ਲਤਾ, 2024 ਦੀ ਹੜਤਾਲ ਕਾਰਨ ਹੋਇਆ ਸੀ 1.6 ਬਿਲੀਅਨ ਡਾਲਰ ਦਾ ਨੁਕਸਾਨ

**ਸਰੀ, (ਪਰਮਜੀਤ ਸਿੰਘ):** ਕੈਨੇਡਾ ਪੋਸਟ ਦੇ 55,000 ਕਰਮਚਾਰੀਆਂ ਦੀ ਨੁਮਾਇੰਦਗੀ ਕਰਨ ਵਾਲੀ ਕੈਨੇਡੀਅਨ ਯੂਨੀਅਨ ਆਫ ਪੋਸਟਲ ਵਰਕਰਜ਼ (CUPW) ਨੇ 19 ਮਈ, 2025 ਨੂੰ ਐਲਾਨ ਕੀਤਾ ਕਿ ਜੇ ਨਵਾਂ ਸਮਝੌਤਾ ਨਾ ਹੋਇਆ, ਤਾਂ 23 ਮਈ ਤੋਂ ਹੜਤਾਲ ਸ਼ੁਰੂ ਹੋ ਸਕਦੀ ਹੈ। ਇਹ ਸੰਭਾਵੀ ਹੜਤਾਲ ਛੇ ਮਹੀਨਿਆਂ ਵਿੱਚ ਦੂਜੀ ਵਾਰ ਹੋਵੇਗੀ, ਜਦੋਂ ਪਿਛਲੇ ਸਾਲ ਨਵੰਬਰ-ਦਸੰਬਰ 2024 ਵਿੱਚ 32 ਦਿਨਾਂ ਦੀ ਹੜਤਾਲ ਨੇ ਡਾਕ ਸੇਵਾਵਾਂ ਨੂੰ ਠੱਪ ਕਰ ਦਿੱਤਾ ਸੀ।




ਕੈਨੇਡਾ ਪੋਸਟ ਅਤੇ ਯੂਨੀਅਨ ਵਿਚਕਾਰ ਸਮਝੌਤੇ ਦੀ ਮਿਆਦ 22 ਮਈ, 2025 ਨੂੰ ਖਤਮ ਹੋ ਰਹੀ ਹੈ। CUPW ਨੇ ਸੋਮਵਾਰ ਨੂੰ 72 ਘੰਟਿਆਂ ਦਾ ਸਟ੍ਰਾਈਕ ਨੋਟਿਸ ਜਾਰੀ ਕੀਤਾ, ਜਿਸ ਵਿੱਚ ਕਿਹਾ ਗਿਆ ਕਿ ਕੰਪਨੀ ਵੱਲੋਂ ਕੰਮ ਦੀਆਂ ਸਥਿਤੀਆਂ ਅਤੇ ਮੁਲਾਜ਼ਮ ਲਾਭਾਂ ਵਿੱਚ ਇਕਤਰਫਾ ਤਬਦੀਲੀ ਦੀ ਸੰਭਾਵਨਾ ਨੇ ਇਹ ਕਦਮ ਚੁੱਕਣ ਲਈ ਮਜਬੂਰ ਕੀਤਾ। ਨਵੇਂ ਸਮਝੌਤੇ ਲਈ ਗੱਲਬਾਤ ਪਿਛਲੇ ਸਾਲ ਨਵੰਬਰ 2023 ਤੋਂ ਚੱਲ ਰਹੀ ਹੈ, ਪਰ ਕੋਈ ਸਫਲਤਾ ਨਹੀਂ ਮਿਲੀ।

ਇੰਡਸਟਰੀਅਲ ਇਨਕੁਆਰੀ ਕਮਿਸ਼ਨ, ਜਿਸ ਦੀ ਅਗਵਾਈ ਵਿਲੀਅਮ ਕਪਲਾਨ ਕਰ ਰਹੇ ਹਨ, ਨੇ 16 ਮਈ ਨੂੰ ਰਿਪੋਰਟ ਜਾਰੀ ਕੀਤੀ, ਜਿਸ ਵਿੱਚ ਕਿਹਾ ਗਿਆ ਕਿ

☛ ਬਾਕੀ ਸਫ਼ਾ 2 'ਤੇ

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖ਼ਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST. (PAYAL BUSINESS CENTRE) SURREY

Satya Asha FUSION 9
100% VEGETARIAN INDIAN RESTAURANT
Real Indian Espresso Coffee
Eat-in and Take out
We do customize Catering for all occasions
TUESDAY TO FRIDAY 10:00am to 8:30pm SATURDAY - SUNDAY 9:00am to 8:30pm
MONDAY CLOSED
Tel: 604-597-7077, 604-596-4191
#5&6-12818-72nd, Avenue, Surrey
www.safusion9.com

HOMELAND MORTGAGE CORP.
ਜੇ ਮੌਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

S&S INSURANCE SERVICE
FAST SERVICE AND COMPETITIVE RATES
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW 604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

Keep Smiling Denture Clinic
• Complete Denture • Implant Denture • Partial Denture
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D. Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey
ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford) 604-592-2676 (Surrey)
Unit 109-12830 80 Ave, York Centre Surrey

SARABHA TRUCK REPAIR SERVICES LTD.
HEAVY DUTY TRUCK PARTS
GOVERNMENT APPROVED FACILITY
AMRIT GREWAL : 604-600-5835
JAS : 604-916-5835
SUKH : 778-241-5835
19770 98 Ave, Langley, BC

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD 604-746-4222 31324 - 107 Peardonville Rd
604-316-3643 CHILLIWACK BACK SIDE OF CHILLIWACK TAXI : 45877-HOCKING AVE

## ਕੈਨੇਡਾ ਨੇ ਇਮੀਗ੍ਰੇਸ਼ਨ ਅਰਜ਼ੀਆਂ...

ਸੀ, ਖਾਸ ਤੌਰ 'ਤੇ ਮੁਸ਼ਕਲ ਮਾਮਲਿਆਂ ਵਿੱਚ। 75 ਦਿਨਾਂ ਦੀ ਨਵੀਂ ਮਿਆਦ ਨਾਲ 45 ਦਿਨ ਵਾਧੂ ਮਿਲਣਗੇ, ਜਿਸ ਨਾਲ ਅਰਜ਼ੀਕਰਤਾ ਸਬੂਤ ਇਕੱਠੇ ਕਰ ਸਕਣਗੇ, ਵਕੀਲਾਂ ਨਾਲ ਸਲਾਹ-ਮਸ਼ਵਰਾ ਕਰ ਸਕਣਗੇ ਅਤੇ ਮਜ਼ਬੂਤ ਕਾਨੂੰਨੀ ਦਲੀਲਾਂ ਤਿਆਰ ਕਰ ਸਕਣਗੇ।

**ਮੁਸ਼ਕਲ ਮਾਮਲਿਆਂ ਵਿੱਚ ਅਨੁਕੂਲਤਾ:** ਇਹ ਤਬਦੀਲੀ ਉਹਨਾਂ ਅਰਜ਼ੀ ਦੇਣ ਵਾਲਿਆਂ ਲਈ ਵਿਸ਼ੇਸ਼ ਤੌਰ 'ਤੇ ਲਾਭਦਾਇਕ ਹੈ ਜਿਵੇਂ ਕਿ ਵੀਜ਼ਾ ਰੱਦ ਹੋਣਾ, PR ਅਰਜ਼ੀਆਂ ਸਵੀਕਾਰ ਨਾ ਹੋਣਾ, ਅਸਾਈਲਮ ਕੇਸ, ਜਾਂ ਜੋ ਲੋਕ ਸਪਾਂਸਰਸ਼ਿਪ ਨਾਲ ਸਬੰਧਤ ਮੁਸ਼ਕਲ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ। ਵਧੇਰੇ ਸਮਾਂ ਮਿਲਣ ਨਾਲ ਉਹ ਆਪਣੇ ਕੇਸ ਨੂੰ ਬਿਹਤਰ ਤਰੀਕੇ ਨਾਲ ਪੇਸ਼ ਕਰ ਸਕਣਗੇ।

**ਨਿਰਪੱਖਤਾ ਅਤੇ ਪਹੁੰਚ:** ਵਧੀ ਹੋਈ ਮਿਆਦ ਨਾਲ ਅਰਜ਼ੀਕਰਤਾਵਾਂ ਨੂੰ ਆਪਣੇ ਕਾਨੂੰਨੀ ਅਧਿਕਾਰਾਂ ਦੀ ਰਾਖੀ ਲਈ ਜ਼ਿਆਦਾ ਮੌਕਾ ਮਿਲੇਗਾ, ਜੋ ਨਿਆਂ ਪ੍ਰਣਾਲੀ ਵਿੱਚ ਵਿਸ਼ਵਾਸ ਵਧਾਏਗਾ। ਇਹ ਖਾਸ ਤੌਰ 'ਤੇ ਉਹਨਾਂ ਲਈ ਮਹੱਤਵਪੂਰਨ ਹੈ ਜਿਹੜੇ ਵਿੱਤੀ ਜਾਂ ਭਾਸ਼ਾਈ ਰੁਕਾਵਟਾਂ ਦਾ ਸਾਹਮਣਾ ਕਰਦੇ ਹਨ।

**ਅਦਾਲਤੀ ਬੋਝ ਵਿੱਚ ਸੁਧਾਰ:** ਵਧੇਰੇ ਸਮੇਂ ਨਾਲ ਅਰਜ਼ੀਕਰਤਾ ਬਿਹਤਰ ਤਿਆਰੀ ਕਰ ਸਕਣਗੇ, ਜਿਸ ਨਾਲ ਅਧੂਰੀਆਂ ਜਾਂ ਕਮਜ਼ੋਰ ਅਰਜ਼ੀਆਂ ਦੀ ਸੰਖਿਆ ਘਟ ਸਕਦੀ ਹੈ। ਇਹ ਅਦਾਲਤੀ ਪ੍ਰਕਿਰਿਆ ਨੂੰ ਵਧੇਰੇ ਕੁਸ਼ਲ ਬਣਾਏਗਾ।

### ਪਿਛੋਕੜ ਅਤੇ IRCC ਦੀਆਂ ਚੁਣੌਤੀਆਂ

ਇਹ ਫੈਸਲਾ IRCC ਦੀਆਂ ਅਰਜ਼ੀਆਂ ਦੀ ਪ੍ਰੋਸੈਸਿੰਗ ਵਿੱਚ ਹੋ ਰਹੀ ਦੇਰੀ ਦੇ ਮੱਦੇਨਜ਼ਰ ਆਇਆ ਹੈ। ਹਾਲੀਆ ਰਿਪੋਰਟਾਂ ਮੁਤਾਬਕ, ਸਪਾਊਸ ਜਾਂ ਕਾਮਨ-ਲਾਅ ਸਪਾਂਸਰਸ਼ਿਪ ਅਰਜ਼ੀਆਂ ਦੀ ਪ੍ਰੋਸੈਸਿੰਗ ਵਿੱਚ 36 ਮਹੀਨਿਆਂ ਤੱਕ ਦਾ ਸਮਾਂ ਲੱਗ ਰਿਹਾ ਹੈ, ਜਦਕਿ ਕਿਊਬੈਕ ਵਿੱਚ ਇਹ ਮਿਆਦ 48 ਮਹੀਨਿਆਂ ਤੱਕ ਪਹੁੰਚ ਗਈ ਹੈ। ਅਸਥਾਈ ਨਿਵਾਸੀਆਂ (ਵਿਜ਼ਟਰ ਵੀਜ਼ਾ, ਸਟੱਡੀ ਪਰਮਿਟ, ਵਰਕ ਪਰਮਿਟ) ਲਈ ਵੀ ਲੰਮੀਆਂ ਉਡੀਕਾਂ ਦੀਆਂ ਸ਼ਿਕਾਇਤਾਂ ਵਧੀਆਂ ਹਨ। 2024 ਦੀ ਇੱਕ ਰਿਪੋਰਟ ਅਨੁਸਾਰ, IRCC ਕੋਲ 2.2 ਮਿਲੀਅਨ ਤੋਂ ਵੱਧ ਅਰਜ਼ੀਆਂ ਬਕਾਇਆ ਸਨ, ਜਿਸ ਵਿੱਚ ਅਸਾਈਲਮ ਅਤੇ PR ਅਰਜ਼ੀਆਂ ਦੀ ਵੱਡੀ ਸੰਖਿਆ ਸ਼ਾਮਲ ਸੀ।

ਇਸ ਦੇਰੀ ਦੇ ਪਿੱਛੇ ਕਈ ਕਾਰਨ ਹਨ, ਜਿਵੇਂ ਕਿ ਸਟਾਫ ਦੀ ਘਾਟ, ਪੁਰਾਣੀਆਂ ਤਕਨੀਕੀ ਪ੍ਰਣਾਲੀਆਂ, ਅਤੇ ਕੋਵਿਡ-19 ਮਹਾਮਾਰੀ ਦੇ ਬਾਅਦ ਅਰਜ਼ੀਆਂ ਵਿੱਚ

ਸਫ਼ਾ 1 ਦਾ ਬਾਕੀ

ਹੋਇਆ ਵਾਧਾ। ਇਹ ਸਥਿਤੀ ਅਰਜ਼ੀਕਰਤਾਵਾਂ ਲਈ ਨਿਰਾਸ਼ਾਜਨਕ ਸੀ, ਕਿਉਂਕਿ ਉਹਨਾਂ ਨੂੰ ਨਕਾਰਾਤਮਕ ਫੈਸਲਿਆਂ ਦੇ ਵਿਰੁੱਧ ਅਪੀਲ ਕਰਨ ਲਈ ਤੰਗ ਸਮਾਂ ਸੀਮਾ ਦਾ ਸਾਹਮਣਾ ਕਰਨਾ ਪੈਂਦਾ ਸੀ। 30 ਦਿਨਾਂ ਦੀ ਪੁਰਾਣੀ ਮਿਆਦ ਅਕਸਰ ਅਰਜ਼ੀਕਰਤਾਵਾਂ, ਖਾਸ ਤੌਰ 'ਤੇ ਵਿਦੇਸ਼ਾਂ ਵਿੱਚ ਰਹਿਣ ਵਾਲਿਆਂ ਜਾਂ ਸੀਮਤ ਸਰੋਤਾਂ ਵਾਲਿਆਂ, ਲਈ ਚੁਣੌਤੀਪੂਰਨ ਸੀ।

### ਪ੍ਰਭਾਵ ਅਤੇ ਅਰਜ਼ੀਕਰਤਾਵਾਂ 'ਤੇ ਅਸਰ

ਨਵੀਂ 75 ਦਿਨਾਂ ਦੀ ਮਿਆਦ ਨਾਲ ਅਰਜ਼ੀਕਰਤਾਵਾਂ ਨੂੰ ਵਧੇਰੇ ਲਚਕਤਾ ਮਿਲੇਗੀ, ਜੋ ਉਹਨਾਂ ਦੀਆਂ ਅਰਜ਼ੀਆਂ ਦੀ ਸਫਲਤਾ ਦੀਆਂ ਸੰਭਾਵਨਾਵਾਂ ਨੂੰ ਵਧਾ ਸਕਦੀ ਹੈ। ਇਹ ਖਾਸ ਤੌਰ 'ਤੇ ਸ਼ਰਨਾਰਥੀਆਂ ਅਤੇ ਰਫਿਊਜ਼ੀ ਮੰਗਣ ਵਾਲਿਆਂ ਲਈ ਮਹੱਤਵਪੂਰਨ ਹੈ, ਜਿਹਨਾਂ ਦੇ ਕੇਸ ਅਕਸਰ ਜਟਿਲ ਅਤੇ ਜੀਵਨ-ਮਰਨ ਦੇ ਮੁੱਦਿਆਂ ਨਾਲ ਜੁੜੇ ਹੁੰਦੇ ਹਨ। ਉਦਾਹਰਨ ਲਈ, ਜੇਕਰ ਕਿਸੇ ਸ਼ਰਨਾਰਥੀ ਦੀ ਅਰਜ਼ੀ ਨੂੰ ਗਲਤ ਅਧਾਰਾਂ 'ਤੇ ਰੱਦ ਕੀਤਾ ਜਾਂਦਾ ਹੈ, ਤਾਂ ਵਧੇਰੇ ਸਮਾਂ ਉਸ ਨੂੰ ਸਬੂਤ ਪੇਸ਼ ਕਰਨ ਅਤੇ ਅਪੀਲ ਦੀ ਤਿਆਰੀ ਲਈ ਮਦਦਗਾਰ ਹੋਵੇਗਾ।

ਇਸ ਤੋਂ ਇਲਾਵਾ, ਇਹ ਤਬਦੀਲੀ IRCC ਦੀ ਪ੍ਰਕਿਰਿਆ ਵਿੱਚ ਸੁਧਾਰ ਦੀ ਦਿਸ਼ਾ ਵਿੱਚ ਇੱਕ ਕਦਮ ਹੈ। ਹਾਲਾਂਕਿ, ਮਾਹਿਰਾਂ ਦਾ ਮੰਨਣਾ ਹੈ ਕਿ ਸਮੁੱਚੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਤੇਜ਼ ਕਰਨ ਲਈ ਹੋਰ ਸੁਧਾਰਾਂ ਦੀ ਲੋੜ ਹੈ, ਜਿਵੇਂ ਕਿ ਡਿਜੀਟਲ ਪ੍ਰੋਸੈਸਿੰਗ ਨੂੰ ਵਧਾਉਣਾ, ਸਟਾਫ ਦੀ ਸੰਖਿਆ ਵਧਾਉਣਾ, ਅਤੇ ਬੈਕਲਾਗ ਨੂੰ ਘਟਾਉਣ ਲਈ ਪ੍ਰਭਾਵੀ ਰਣਨੀਤੀਆਂ ਅਪਣਾਉਣਾ।

### ਚੁਣੌਤੀਆਂ ਅਤੇ ਅਗਲੇ ਕਦਮ

ਹਾਲਾਂਕਿ 75 ਦਿਨਾਂ ਦੀ ਮਿਆਦ ਇੱਕ ਸਕਾਰਾਤਮਕ ਕਦਮ ਹੈ, ਕੁਝ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਨਾਲ ਅਦਾਲਤੀ ਪ੍ਰਕਿਰਿਆ ਵਿੱਚ ਦੇਰੀ ਵਧ ਸਕਦੀ ਹੈ, ਕਿਉਂਕਿ ਵਧੇਰੇ ਅਰਜ਼ੀਆਂ ਦਾਖਲ ਹੋ ਸਕਦੀਆਂ ਹਨ। ਸੰਘੀ ਅਦਾਲਤ ਨੂੰ ਇਸ ਵਾਧੇ ਦੇ ਅਸਰ ਨੂੰ ਸੰਭਾਲਣ ਲਈ ਵਧੇਰੇ ਸਰੋਤਾਂ ਦੀ ਲੋੜ ਹੋ ਸਕਦੀ ਹੈ। ਨਾਲ ਹੀ, ਅਰਜ਼ੀਕਰਤਾਵਾਂ ਨੂੰ ਸਲਾਹ ਦਿੱਤੀ ਜਾ ਰਹੀ ਹੈ ਕਿ ਉਹ ਸਮੇਂ ਦੀ ਪਾਬੰਦੀ ਨਾਲ ਅਤੇ ਮਜ਼ਬੂਤ ਸਬੂਤਾਂ ਨਾਲ ਅਰਜ਼ੀਆਂ ਦਾਖਲ ਕਰਨ, ਕਿਉਂਕਿ ਵਧੇਰੇ ਸਮਾਂ ਹੋਣ ਦਾ ਮਤਲਬ ਆਪਣੇ-ਆਪ ਸਫਲਤਾ ਨਹੀਂ।

ਇਮੀਗ੍ਰੇਸ਼ਨ ਵਕੀਲਾਂ ਅਤੇ ਸਮਰਥਕ ਸਮੂਹਾਂ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ, ਪਰ ਉਹਨਾਂ ਨੇ ਸਰਕਾਰ ਨੂੰ IRCC ਦੀ ਦੇ ਕੰਮ ਦੀ ਸਮਰੱਥਾ ਵਧਾਉਣ ਅਤੇ ਸੁਪਰੀਮ ਕੋਰਟ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਦੀ ਮੰਗ ਵੀ ਕੀਤੀ ਹੈ। ਅਗਲੇ ਮਹੀਨਿਆਂ ਵਿੱਚ, ਫੈਡਰਲ ਅਦਾਲਤ ਅਤੇ IRCC ਇਸ ਨਵੀਂ ਨੀਤੀ ਦੇ ਅਸਰਾਂ ਦੀ ਨਿਗਰਾਨੀ ਕਰਨਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਅਰਜ਼ੀਕਰਤਾਵਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਦੀ ਹੈ ਅਤੇ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਨਿਰਪੱਖਤਾ ਨੂੰ ਉਤਸ਼ਾਹਿਤ ਕਰਦੀ ਹੈ।

## ਕੈਨੇਡਾ ਪੋਸਟ ਦੇ ਕਰਮਚਾਰੀਆਂ ਵੱਲੋਂ ...

ਕੈਨੇਡਾ ਪੋਸਟ "ਬੁਰੀ ਤਰ੍ਹਾਂ ਦੀਵਾਲੀਆ" ਹੈ। ਰਿਪੋਰਟ ਨੇ ਘਰ-ਘਰ ਮੇਲ ਡਿਲੀਵਰੀ ਖਤਮ ਕਰਨ ਅਤੇ ਵੀਕੈਂਡ ਪਾਰਸਲ ਡਿਲੀਵਰੀ ਲਈ ਪਾਰਟ-ਟਾਈਮ ਮੁਲਾਜ਼ਮਾਂ ਦੀ ਵਰਤੋਂ ਦੀ ਸਿਫਾਰਸ਼ ਕੀਤੀ। ਯੂਨੀਅਨ ਨੇ ਇਸ ਰਿਪੋਰਟ ਨੂੰ ਕੰਪਨੀ ਦੇ ਹੱਕ ਵਿੱਚ "ਝੁਕਿਆ ਹੋਇਆ" ਦੱਸਿਆ ਅਤੇ ਸੇਵਾ ਕਟੌਤੀਆਂ ਅਤੇ ਠੇਕੇਦਾਰੀ ਦੇ ਵਿਰੋਧ ਵਿੱਚ ਹੜਤਾਲ ਦੀ ਚਿਤਾਵਨੀ ਦਿੱਤੀ।

ਯੂਨੀਅਨ ਦੀਆਂ ਮੰਗਾਂ ਵਿੱਚ ਚਾਰ ਸਾਲਾਂ ਵਿੱਚ 19% ਵੇਤਨ ਵਾਧਾ, ਫਰਟੀਲਿਟੀ ਇਲਾਜ ਅਤੇ ਜੈਂਡਰ-ਅਫਰਮਿੰਗ ਕੇਅਰ ਲਈ ਬਿਹਤਰ ਲਾਭ, ਅਤੇ ਤਕਨੀਕੀ ਤਬਦੀਲੀਆਂ ਵਿਰੁੱਧ ਸੁਰੱਖਿਆ ਸ਼ਾਮਲ ਹਨ। ਕੈਨੇਡਾ ਪੋਸਟ, ਜਿਸ ਨੇ 2018 ਤੋਂ 3 ਬਿਲੀਅਨ ਡਾਲਰ ਤੋਂ ਵੱਧ ਦਾ ਨੁਕਸਾਨ ਝੱਲਿਆ ਹੈ, ਨੇ ਇਹ ਮੰਗਾਂ "ਗੈਰ-ਕਿਫਾਇਤੀ" ਦੱਸੀਆਂ।

ਹੜਤਾਲ ਹੋਣ ਦੀ ਸੂਰਤ ਵਿੱਚ, ਮੇਲ ਅਤੇ ਪਾਰਸਲ ਡਿਲੀਵਰੀ ਬੰਦ ਹੋ ਜਾਵੇਗੀ, ਜਿਸ ਨਾਲ ਲੱਖਾਂ ਨਿਵਾਸੀਆਂ ਅਤੇ ਕਾਰੋਬਾਰਾਂ 'ਤੇ ਅਸਰ ਪਵੇਗਾ। ਸਰਕਾਰੀ ਚੈੱਕ, ਜਿਵੇਂ ਮਈ ਦੇ ਸੋਸ਼ਲ-ਇਕਨੌਮਿਕ ਚੈੱਕ, ਹੜਤਾਲ ਤੋਂ ਪਹਿਲਾਂ ਪਹੁੰਚਾਏ ਜਾਣਗੇ। ਕੈਨੇਡਾ ਪੋਸਟ ਨੇ ਗਾਹਕਾਂ ਨੂੰ ਸੰਭਾਵੀ ਦੇਰੀ ਲਈ ਤਿਆਰ ਰਹਿਣ ਦੀ ਸਲਾਹ ਦਿੱਤੀ ਹੈ।

ਛੋਟੇ ਕਾਰੋਬਾਰ, ਜਿਨ੍ਹਾਂ ਨੂੰ 2024 ਦੀ ਹੜਤਾਲ ਨੇ 1.6 ਬਿਲੀਅਨ ਡਾਲਰ ਦਾ ਨੁਕਸਾਨ ਪਹੁੰਚਾਇਆ, ਇੱਕ ਹੋਰ ਰੁਕਾਵਟ ਤੋਂ ਚਿੰਤਤ ਹਨ। ਸਰਕਾਰ ਨੇ ਪਹਿਲਾਂ ਦਖਲ ਦਿੱਤਾ ਸੀ, ਅਤੇ ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਮੁੜ ਕਰਮਚਾਰੀਆਂ ਨੂੰ ਕੰਮ 'ਤੇ ਵਾਪਸ ਜਾਣ ਦਾ ਆਦੇਸ਼ ਦੇ ਸਕਦੀ ਹੈ।

2018 ਤੋਂ ਲੈ ਕੇ ਹੁਣ ਤੱਕ ਕੰਪਨੀ ਤਿੰਨ ਅਰਬ ਡਾਲਰ ਤੋਂ ਵੱਧ ਦੇ ਨੁਕਸਾਨ 'ਚ ਚੱਲ ਰਹੀ ਹੈ। 2024 ਵਿੱਚ ਵੀ ਵੱਡਾ ਘਾਟਾ ਹੋਇਆ ਹੈ। 2025 ਦੀ ਸ਼ੁਰੂਆਤ ਵਿੱਚ ਸੰਘੀ ਸਰਕਾਰ ਨੇ ਕੈਨੇਡਾ ਪੋਸਟ ਨੂੰ 1.034 ਅਰਬ ਡਾਲਰ ਦੀ ਵਾਪਸੀਯੋਗ ਮਦਦ ਦਾ ਐਲਾਨ ਕੀਤਾ ਸੀ।

ਕੈਨੇਡਾ ਪੋਸਟ ਅਨੁਸਾਰ, ਉਦਯੋਗਿਕ ਜਾਂਚ ਕਮਿਸ਼ਨ (IIC) ਦੀਆਂ ਸਿਫ਼ਾਰਸ਼ਾਂ ਦੀ ਆਧਾਰ 'ਤੇ ਹੁਣ ਮਜ਼ਦੂਰੀ ਗੱਲਬਾਤ ਨੂੰ ਤਤਕਾਲਤਾ ਦੇਣ ਦੀ ਲੋੜ ਹੈ। ਕੰਮ ਰੁਕਾਵਟ ਕਾਰੋਬਾਰਾਂ, ਕਰਮਚਾਰੀਆਂ ਅਤੇ ਲੋਕਾਂ ਲਈ ਨੁਕਸਾਨਦਾਇਕ ਹੋਵੇਗੀ।

ਕੈਨੇਡਾ ਪੋਸਟ ਨੇ ਦੱਸਿਆ ਕਿ ਜੇ CUPW ਰੋਟੇਟਿੰਗ ਹੜਤਾਲ ਸ਼ੁਰੂ ਕਰਦੀ ਹੈ, ਤਾਂ ਉਹ ਪ੍ਰਭਾਵਿਤ ਨਾ ਹੋਣ ਵਾਲੇ ਖੇਤਰਾਂ ਵਿੱਚ ਸੇਵਾਵਾਂ ਜਾਰੀ ਰੱਖਣ ਦੀ ਕੋਸ਼ਿਸ਼ ਕਰੇਗੀ ਅਤੇ ਸਮਝੌਤੇ 'ਤੇ ਪਹੁੰਚਣ ਲਈ ਕੰਮ ਕਰੇਗੀ। ਹਾਲਾਂਕਿ, ਗਾਹਕਾਂ ਨੂੰ ਸੇਵਾਵਾਂ ਵਿੱਚ ਦੇਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜੇਕਰ ਰਾਸ਼ਟਰੀ ਪੱਧਰ 'ਤੇ ਮਜ਼ਦੂਰ ਅਸਥਿਰਤਾ ਹੁੰਦੀ ਹੈ, ਤਾਂ ਮੇਲ ਅਤੇ ਪਾਰਸਲ ਦੀ ਡਿਲੀਵਰੀ ਨਹੀਂ ਹੋਵੇਗੀ, ਅਤੇ ਅਸਥਿਰਤਾ ਖਤਮ ਹੋਣ ਤੱਕ ਕੋਈ ਨਵੀਆਂ ਚੀਜ਼ਾਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ। ਕੈਨੇਡਾ ਪੋਸਟ ਦੇ ਨੈਟਵਰਕ ਵਿੱਚ ਮੌਜੂਦ ਸਾਰੇ ਮੇਲ ਅਤੇ ਪਾਰਸਲ ਸੁਰੱਖਿਅਤ ਰੱਖੇ ਜਾਣਗੇ ਅਤੇ ਸੰਚਾਲਨ ਸ਼ੁਰੂ ਹੋਣ 'ਤੇ ਜਲਦੀ ਤੋਂ ਜਲਦੀ ਡਿਲੀਵਰ ਕੀਤੇ ਜਾਣਗੇ।

ਮਈ ਮਹੀਨੇ ਦੇ ਸੋਸ਼ੋ-ਇਕਨੌਮਿਕ ਚੈੱਕ (ਸ਼ਓਛਸ) ਹੜਤਾਲ ਸ਼ੁਰੂ ਹੋਣ ਤੋਂ ਪਹਿਲਾਂ ਡਿਲੀਵਰ ਕਰ ਦਿੱਤੇ ਜਾਣਗੇ। ਕੈਨੇਡੀਅਨਜ਼ ਨੂੰ ਉਹੀ ਤਰੀਕੇ ਨਾਲ ਚੈੱਕ ਮਿਲਣਗੇ, ਜਿਵੇਂ ਉਹ ਆਮ ਤੌਰ 'ਤੇ ਮੇਲ ਪ੍ਰਾਪਤ ਕਰਦੇ ਹਨ। ਕੈਨੇਡਾ ਪੋਸਟ ਅਤੇ ਛੂਫਾਂ ਨੇ ਸਹਿਮਤੀ ਜਤਾਈ ਹੈ ਕਿ ਕਿਸੇ ਵੀ ਮਜ਼ਦੂਰ ਅਸਥਿਰਤਾ ਦੌਰਾਨ ਸੋਸ਼ੋ-ਇਕਨੌਮਿਕ ਚੈੱਕਾਂ ਦੀ ਡਿਲੀਵਰੀ ਜਾਰੀ ਰਹੇਗੀ, ਤਾਂ ਜੋ ਸੀਨੀਅਰਜ਼ ਅਤੇ ਹੋਰ ਕੈਨੇਡੀਅਨ, ਜੋ ਸਰਕਾਰੀ ਵਿੱਤੀ ਸਹਾਇਤਾ 'ਤੇ ਨਿਰਭਰ ਹਨ, ਨੂੰ ਇਹ ਮਿਲ ਸਕੇ। ਜੂਨ ਲਈ ਸ਼ਓਛਸ ਦੀਆਂ ਵਿਸਤ੍ਰਿਤ ਜਾਣਕਾਰੀਆਂ ਜਲਦ ਸਾਂਝੀਆਂ ਕੀਤੀਆਂ ਜਾਣਗੀਆਂ।

ਕੰਪਨੀ ਨੇ ਕਿਹਾ, "ਹੜਤਾਲ ਦੀ ਸੰਭਾਵਨਾ ਪੋਸਟਲ ਸਿਸਟਮ ਲਈ ਇੱਕ ਨਾਜ਼ੁਕ ਸਮੇਂ 'ਤੇ ਆਈ ਹੈ। 2018 ਤੋਂ, ਕਾਰਪੋਰੇਸ਼ਨ ਨੂੰ ਟੈਕਸ ਤੋਂ ਪਹਿਲਾਂ 3 ਬਿਲੀਅਨ ਡਾਲਰ ਤੋਂ ਵੱਧ ਦਾ ਨੁਕਸਾਨ ਹੋਇਆ ਹੈ, ਅਤੇ 2024 ਲਈ ਵੀ ਵੱਡਾ ਨੁਕਸਾਨ ਹੋਣ ਦੀ ਸੰਭਾਵਨਾ ਹੈ। 2025 ਦੇ ਸ਼ੁਰੂ ਵਿੱਚ, ਕੈਨੇਡਾ ਸਰਕਾਰ ਨੇ ਕੈਨੇਡਾ ਪੋਸਟ ਨੂੰ ਦੀਵਾਲੀਆਪਨ ਤੋਂ ਬਚਾਉਣ ਲਈ 1.034 ਬਿਲੀਅਨ ਡਾਲਰ ਦੀ ਵਾਪਸੀਯੋਗ ਫੰਡਿੰਗ ਦੀ ਘੋਸ਼ਣਾ ਕੀਤੀ।"

ਕੈਨੇਡਾ ਪੋਸਟ ਨੇ ਜ਼ੋਰ ਦਿੱਤਾ ਕਿ ਉਹ ਆਪਣੇ ਕਰਮਚਾਰੀਆਂ ਦੀਆਂ ਵੇਤਨ ਅਤੇ ਲਾਭਾਂ ਨੂੰ ਸੁਰੱਖਿਅਤ ਅਤੇ ਵਧਾਉਣ ਵਾਲੇ ਸਮੂਹਿਕ ਸਮਝੌਤਿਆਂ 'ਤੇ ਪਹੁੰਚਣ ਲਈ ਵਚਨਬੱਧ ਹੈ, ਜੋ ਕੰਪਨੀ ਦੀ ਮੌਜੂਦਾ ਵਿੱਤੀ ਸਥਿਤੀ ਨੂੰ ਵੀ ਦਰਸਾਉਂਦੇ ਹਨ।


BADYAL BLUEBERRY FARM

BKS ENTERPRISES LTD.

ਵੈਨਕੂਵਰ, ਨਿਊਵੈਸਟ ਮੀਨਿਸਟਰ, ਸਰੀ, ਡੈਲਟਾ, ਅਤੇ ਬਰਨਬੀ ਤੋਂ ਬੇਰੀ ਤੋੜਨ ਵਾਲੇ

ਵਰਕਰਾਂ ਦੀ ਲੋੜ ਹੈ।



- ਕੰਮ ਜੁਲਾਈ ਦੇ ਪਹਿਲੇ ਹਫ਼ਤੇ ਸ਼ੁਰੂ ਹੋਵੇਗਾ।
- ਕੀਤੇ ਕੰਮ ਦੀਆਂ ਸਟੈਪਾਂ ਦਿੱਤੀਆਂ ਜਾਣਗੀਆਂ।
- ਤਨਖਾਹ ਦੋ ਹਫ਼ਤਿਆ ਬਾਅਦ ਮਿਲੇਗੀ।
- ਰਾਈਡ ਦਾ ਵੀ ਖਾਸ ਪ੍ਰਬੰਧ ਹੈ।

ਕਲਾਸ-1, 4 ਅਤੇ 5 ਵਾਲੇ ਡਰਾਈਵਰਾਂ ਦੀ ਲੋੜ ਹੈ।
ਚੰਗੀ ਤਨਖਾਹ ਦਿੱਤੀ ਜਾਵੇਗੀ।

ਬਲਿਊ ਬੇਰੀ ਸੀਜ਼ਨ ਤੋਂ ਬਾਅਦ ਨਰਸਰੀ ਲਈ ਦਸੰਬਰ ਤੱਕ ਔਰਤਾਂ ਅਤੇ ਆਦਮੀਆਂ ਦੀ ਜ਼ਰੂਰਤ ਹੈ। ਕੰਮ ਘੰਟਿਆਂ ਦੇ ਹਿਸਾਬ ਹੋਵੇਗਾ।

ਬਡਿਆਲ ਬਲਿਊ ਬੇਰੀ ਫਾਰਮ

-: ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਕੁਲਵਿੰਦਰ ਸਿੰਘ ਬਡਿਆਲ
ਵੈਨਕੂਵਰ ਲਈ
604-671-0642

ਕੁਲਦੀਪ ਸਿੰਘ ਰਾਏ
ਡੈਲਟਾ ਅਤੇ ਸਰੀ ਲਈ
778-549-9620

ਬਲਦੇਵ ਸਿੰਘ ਸੰਘਾ
ਨਿਊਵੈਸਟ ਅਤੇ ਬਰਨਬੀ ਲਈ
604-813-0909

# ਪ੍ਰੀਮੀਅਰ ਡੇਵਿਡ ਈਬੀ ਵਲੋਂ ਮਾਈਕਲ ਬ੍ਰਾਇੰਟ ਦਾ ਕੰਟਰੈਕਟ ਖ਼ਤਮ ਕਰਨ 'ਤੇ ਬੀ.ਸੀ. ਕੰਜ਼ਰਵੇਟਿਵ ਪਾਰਟੀ ਦੇ ਨੇਤਾ ਜੌਨ ਰੌਸਟਡ ਨੇ ਕੀਤੀ ਨਿੰਦਾ

## ਪਹਿਲਾਂ ਕੰਟਰੈਕਟ ਨੂੰ ਲੁਕਾਇਆ ਅਤੇ ਹੁਣ ਜਦੋਂ ਇਹ ਜਨਤਕ ਹੋ ਗਿਆ, ਤਾਂ ਆਪਣੀ ਸਾਖ ਬਚਾਉਣ ਲਈ ਬ੍ਰਾਇੰਟ ਨੂੰ ਬਰਖਾਸਤ ਕੀਤਾ : ਜੌਨ ਰੌਸਟਡ

ਸਰੀ, (ਪਰਮਜੀਤ ਸਿੰਘ): ਬੀ.ਸੀ. ਕੰਜ਼ਰਵੇਟਿਵ ਪਾਰਟੀ ਦੇ ਨੇਤਾ ਜੌਨ ਰੌਸਟਡ ਨੇ ਪ੍ਰੀਮੀਅਰ ਡੇਵਿਡ ਈਬੀ 'ਤੇ ਤੰਜ ਕੱਸਦਿਆਂ, ਡਾਊਨਟਾਊਨ ਈਸਟਸਾਈਡ ਦੇ ਸਲਾਹਕਾਰ ਅਤੇ ਸਾਬਕਾ ਲੀਗਲ ਏਡ ਬੀ.ਸੀ. ਦੇ ਸੀਈਓ ਮਾਈਕਲ ਬ੍ਰਾਇੰਟ ਦੇ ਵਿਵਾਦਗ੍ਰਸਤ ਕੰਟਰੈਕਟ ਨੂੰ ਖ਼ਤਮ ਕਰਨ ਦੀ ਘੋਸ਼ਣਾ ਕਰਨ 'ਤੇ ਨਿੰਦਾ ਕੀਤੀ।

ਪਿਛਲੇ ਹਫਤੇ, ਸਰੀ-ਵ੍ਹਾਈਟ ਰੌਕ ਦੇ ਬੀ.ਸੀ. ਕੰਜ਼ਰਵੇਟਿਵ ਐਮਐਲਏ ਟ੍ਰੇਵਰ ਹੈਫੋਰਡ ਨੇ ਈਬੀ ਅਤੇ ਸਮਾਜਿਕ ਵਿਕਾਸ ਅਤੇ ਗਰੀਬੀ ਘਟਾਉਣ ਦੇ ਮੰਤਰੀ ਤੋਂ ਜਵਾਬ ਮੰਗੇ ਸਨ, ਜਦੋਂ ਅਧਿਕਾਰਤ ਵਿਰੋਧੀ ਧਿਰ ਨੂੰ ਬ੍ਰਾਇੰਟ ਦਾ ਪੂਰਾ ਡਾਊਨਟਾਊਨ ਈਸਟਸਾਈਡ ਕੰਟਰੈਕਟ ਮਿਲਿਆ, ਜਿਸ ਵਿੱਚ 325,000 ਡਾਲਰ ਤੱਕ ਦੀ ਡੀਲ ਸਾਹਮਣੇ ਆਈ, ਜੋ ਪਹਿਲਾਂ ਜਨਤਕ ਕੀਤੀ ਗਈ ਰਕਮ ਨਾਲੋਂ ਕਾਫੀ ਜ਼ਿਆਦਾ ਸੀ।

ਜੌਨ ਰੌਸਟਡ ਨੇ ਐਕਸ 'ਤੇ ਪੋਸਟ ਕੀਤੇ ਇੱਕ ਵੀਡੀਓ ਵਿੱਚ ਕਿਹਾ, "ਮਾਈਕਲ ਬ੍ਰਾਇੰਟ ਨੂੰ ਡੇਵਿਡ ਈਬੀ ਨੇ ਨਿੱਜੀ ਤੌਰ 'ਤੇ ਤਿੰਨ ਮਹੀਨੇ ਪਹਿਲਾਂ ਕੰਮ ਲਈ ਰੱਖਿਆ ਸੀ, ਜੋ ਉਸ ਦਾ ਨਿੱਜੀ ਦੋਸਤ ਹੈ। ਉਸ ਨੇ ਇਸ ਕੰਟਰੈਕਟ ਨੂੰ ਲੁਕਾਇਆ ਅਤੇ ਹੁਣ ਜਦੋਂ ਇਹ ਜਨਤਕ ਹੋ ਗਿਆ, ਤਾਂ ਉਹ ਸ਼ਰਮਿੰਦਾ ਹੋ ਕੇ ਬ੍ਰਾਇੰਟ ਨੂੰ ਬਰਖਾਸਤ ਕਰ ਰਿਹਾ ਹੈ। ਅਸੀਂ ਇਸ



ਨੂੰ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਦੀ ਜਿੱਤ ਮੰਨਦੇ ਹਾਂ। ਪਰ ਇਹ ਡੇਵਿਡ ਈਬੀ ਅਤੇ ਉਸ ਦੀ ਸਰਕਾਰ ਬਾਰੇ ਕੀ ਦੱਸਦਾ ਹੈ? ਇਹ ਟੈਕਸਦਾਤਾਵਾਂ ਅਤੇ ਸੂਬੇ ਦੇ ਲੋਕਾਂ ਪ੍ਰਤੀ ਉਨ੍ਹਾਂ ਦੇ ਸਤਿਕਾਰ ਦੀ ਕੀ ਗੱਲ ਕਰਦਾ ਹੈ? ਕਿਸੇ ਨੂੰ ਨਿੱਜੀ ਤੌਰ 'ਤੇ ਰੱਖਣਾ, ਇਸ ਨੂੰ ਲੁਕਾਉਣ ਦੀ ਕੋਸ਼ਿਸ਼ ਕਰਨਾ ਅਤੇ ਫੜੇ ਜਾਣ 'ਤੇ ਉਸ ਨੂੰ ਬਰਖਾਸਤ ਕਰ ਦੇਣਾ, ਇਹ ਦਰਸਾਉਂਦਾ ਹੈ ਕਿ ਡੇਵਿਡ ਈਬੀ ਅਸਲ ਵਿੱਚ ਕੀ ਹੈ ਅਤੇ ਉਹ ਸੂਬੇ ਦੇ ਲੋਕਾਂ ਦਾ ਸਤਿਕਾਰ ਨਹੀਂ ਕਰਦੇ।"

ਜੌਨ ਰੌਸਟਡ ਨੇ ਕੁਝ ਬਿੱਲਾਂ ਦਾ ਜ਼ਿਕਰ ਕੀਤਾ, ਜੋ ਉਨ੍ਹਾਂ ਦੇ ਅਨੁਸਾਰ ਐਨਡੀਪੀ ਨੇ ਆਪਣੇ ਏਜੰਡੇ ਨੂੰ ਵਿਧਾਨ ਸਭਾ ਵਿੱਚ ਜ਼ਬਰਦਸਤੀ ਲਾਗੂ ਕਰਨ ਲਈ ਪੇਸ਼ ਕੀਤੇ। ਉਨ੍ਹਾਂ ਨੇ ਅੱਗੇ ਕਿਹਾ, "ਇਸ ਦਾ ਮਤਲਬ ਹੈ ਕਿ ਇਨ੍ਹਾਂ ਬਿੱਲਾਂ ਦੇ ਪਾਸ ਹੋਣ ਦੌਰਾਨ, ਜਨਤਾ ਨੂੰ ਜਾਂਚ-ਪੜਤਾਲ ਦਾ ਮੌਕਾ ਨਹੀਂ ਮਿਲੇਗਾ। ਤੁਹਾਨੂੰ ਇਹ ਨਹੀਂ ਪਤਾ ਲੱਗੇਗਾ ਕਿ ਉਹ ਕੀ ਕਰਨ ਜਾ ਰਹੇ ਹਨ। ਉਹ ਪ੍ਰੋਜੈਕਟਾਂ ਨੂੰ ਅੱਗੇ ਵਧਾਉਣ ਲਈ ਜੇਤੂ ਅਤੇ ਹਾਰਨ ਵਾਲਿਆਂ ਨੂੰ ਚੁਣ ਸਕਣਗੇ ਅਤੇ ਜ਼ਰੂਰੀ ਕਾਨੂੰਨਾਂ ਨੂੰ ਨਜ਼ਰਅੰਦਾਜ਼ ਕਰ ਸਕਣਗੇ।"

ਜੌਨ ਰੌਸਟਡ ਨੇ ਇਸ ਨੂੰ ਸੂਬੇ ਨੂੰ ਚਲਾਉਣ ਦਾ "ਘਿਣਾਉਣਾ ਤਰੀਕਾ" ਦੱਸਦਿਆਂ ਕਿਹਾ ਕਿ ਇਹ ਲੋਕਤੰਤਰੀ ਨਹੀਂ ਹੈ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਅਜਿਹਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਨੇ ਜ਼ੋਰ ਦਿੱਤਾ, "ਬੀ.ਸੀ. ਕੰਜ਼ਰਵੇਟਿਵ ਪਾਰਟੀ ਵਜੋਂ, ਅਸੀਂ ਸਹੀ ਚੀਜ਼ਾਂ ਲਈ ਲੜਦੇ ਰਹਾਂਗੇ, ਈਬੀ ਦੀਆਂ ਲੁਕਵੀਆਂ ਕਾਰਵਾਈਆਂ ਨੂੰ ਰੋਕਣ ਦੀ ਕੋਸ਼ਿਸ਼ ਕਰਾਂਗੇ ਅਤੇ ਸੂਬੇ ਵਿੱਚ ਪੂਰੀ ਪਾਰਦਰਸ਼ਤਾ ਯਕੀਨੀ ਬਣਾਵਾਂਗੇ। ਅਸੀਂ ਐਨਡੀਪੀ ਅਤੇ ਡੇਵਿਡ ਈਬੀ ਨੂੰ ਜਵਾਬਦੇਹ ਬਣਾਵਾਂਗੇ।"

# ਬਰੈਂਪਟਨ ਦੇ ਸੁਖਦਿਆਲ ਸਿੰਘ ਅਤੇ ਸੁਪਿੰਦਰ ਕੌਰ 5 ਲੱਖ ਡਾਲਰ ਤੋਂ ਵੱਧ ਦੀ ਗੱਡੀ ਧੋਖਾਧੜੀ ਲਈ ਭਗੌੜੇ ਕਰਾਰ

ਬਰੈਂਪਟਨ : ਓਂਟਾਰੀਓ ਦੀ ਪੀਲ ਰੀਜਨਲ ਪੁਲਿਸ ਦੇ ਫਰਾਡ ਬਿਊਰੋ ਦੇ ਅਧਿਕਾਰੀਆਂ ਵਲੋਂ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ ਇੱਕ ਪੰਜਾਬੀ ਜੋੜੇ ਦੀ ਭਾਲ ਵਿੱਚ ਸਹਾਇਤਾ ਲਈ ਲੋਕਾਂ ਨੂੰ ਅਪੀਲ ਕੀਤੀ ਹੈ, ਜੋ ਕਈ ਹਾਈ-ਐਂਡ ਗੱਡੀਆਂ ਦੀ ਧੋਖਾਧੜੀਆਂ ਨਾਲ ਜੁੜੇ ਹਨ। ਜਾਣਕਾਰੀ ਅਨੁਸਾਰ ਬਰੈਂਪਟਨ ਦਾ ਸੁਖਦਿਆਲ ਸਿੰਘ, 50 ਸਾਲ, ਅਤੇ ਸੁਪਿੰਦਰ ਕੌਰ, 48 ਸਾਲ, ਤੇ 5 ਲੱਖ ਡਾਲਰ ਤੋਂ ਵੱਧ ਦੀ ਧੋਖਾਧੜੀ ਕਰਨ ਦੇ ਦੋਸ਼ ਲੱਗੇ ਹਨ।

ਪੁਲਿਸ ਅਨੁਸਾਰ, 11 ਅਪ੍ਰੈਲ ਤੋਂ 5 ਮਈ ਦੇ ਵਿਚਕਾਰ, ਇਨ੍ਹਾਂ ਵਿਅਕਤੀਆਂ ਨੇ ਗ੍ਰੇਟਰ ਟੋਰਾਂਟੋ ਖੇਤਰ ਦੀਆਂ ਵੱਖ-ਵੱਖ ਆਟੋ ਡੀਲਰਸ਼ਿਪਾਂ ਤੋਂ ਪੰਜ ਹਾਈ-ਐਂਡ ਗੱਡੀਆਂ ਧੋਖੇ ਨਾਲ ਹਾਸਲ ਕੀਤੀਆਂ। ਅਧਿਕਾਰੀਆਂ ਦਾ ਮੰਨਣਾ ਹੈ ਕਿ ਸ਼ੱਕੀਆਂ ਨੇ ਜਾਅਲੀ ਅਤੇ ਧੋਖਾਧੜੀ ਵਾਲੀ ਜਾਣਕਾਰੀ ਦੀ ਵਰਤੋਂ ਕਰਕੇ ਆਟੋ ਫਾਈਨੈਂਸਿੰਗ ਪ੍ਰਾਪਤ ਕੀਤੀ, ਜਿਸ ਨਾਲ ਉਨ੍ਹਾਂ ਨੇ ਗੈਰ-ਕਾਨੂੰਨੀ ਤਰੀਕੇ ਨਾਲ ਗੱਡੀਆਂ ਲੈ ਕੇ ਫਰਾਰ ਹੋ ਗਿਆ।

ਇਨ੍ਹਾਂ ਧੋਖਾਧੜੀਆਂ ਰਾਹੀਂ ਹਾਸਲ ਕੀਤੇ ਵਾਹਨਾਂ ਦੀ ਕੁੱਲ ਕੀਮਤ 531,500 ਡਾਲਰ ਅੰਦਾਜ਼ਾ ਲਗਾਈ ਗਈ ਹੈ। ਪੁਲਿਸ ਨੂੰ ਸ਼ੱਕ ਹੈ ਕਿ ਸ਼ੱਕੀਆਂ ਦਾ ਇਰਾਦਾ ਇਨ੍ਹਾਂ ਵਾਹਨਾਂ ਨੂੰ ਦੇਸ਼ ਤੋਂ ਬਾਹਰ ਭੇਜਣ ਦਾ ਸੀ, ਕਿਉਂਕਿ ਇੱਕ ਵਾਹਨ ਮੌਂਟਰੀਅਲ ਦੀ ਬੰਦਰਗਾਹ ਨੇੜੇ ਬਰਾਮਦ ਹੋਇਆ ਅਤੇ ਇੱਕ ਹੋਰ ਹਾਲਟਨ ਰੀਜਨ ਵਿੱਚ ਮਿਲਿਆ। ਬਾਕੀ ਗੱਡੀਆਂ ਅਜੇ ਵੀ ਲਾਪਤਾ ਹਨ। ਜਾਂਚਕਰਤਾਵਾਂ ਨੇ ਸੁਖਦਿਆਲ ਸਿੰਘ ਅਤੇ ਸੁਪਿੰਦਰ ਕੌਰ ਦੀ ਪਛਾਣ ਕੀਤੀ ਹੈ, ਅਤੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਵਾਰੰਟ ਜਾਰੀ ਕੀਤੇ ਗਏ ਹਨ। ਦੋਵਾਂ 'ਤੇ 5,000 ਡਾਲਰ ਤੋਂ ਵੱਧ ਦੀ ਧੋਖਾਧੜੀ ਦੇ ਪੰਜ ਮਾਮਲਿਆਂ ਦੇ ਦੋਸ਼ ਹਨ। ਪੁਲਿਸ ਨੇ ਕਿਹਾ ਕਿ ਵਾਹਨਾਂ ਨੂੰ ਧੋਖੇ ਨਾਲ ਹਾਸਲ ਕਰਨਾ ਲਗਾਤਾਰ ਚਲ ਰਿਹਾ ਗੱਡੀਆਂ ਚੋਰੀ ਦਾ ਇੱਕ ਤਰੀਕਾ ਬਣ ਚੁੱਕਾ ਹੈ, ਅਤੇ ਇਸ ਜਾਂਚ ਨੇ ਖੇਤਰ ਵਿੱਚ ਅਜਿਹੀਆਂ ਘਟਨਾਵਾਂ ਨੂੰ ਘਟਾਉਣ ਵਿੱਚ ਯੋਗਦਾਨ ਪਾਇਆ ਹੈ। ਅਪਰਾਧ ਦੇ ਇਸ ਰੂਪ ਨੇ ਸਮਾਜ 'ਤੇ ਡੂੰਘਾ ਪ੍ਰਭਾਵ ਪਾਇਆ ਹੈ, ਜਿਸ ਕਾਰਨ ਵਪਾਰਾਂ ਅਤੇ ਵਿਅਕਤੀਆਂ ਨੂੰ ਵਿੱਤੀ ਨੁਕਸਾਨ ਹੋਇਆ ਹੈ। ਪੀਲ ਰੀਜਨਲ ਪੁਲਿਸ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਇਸ ਮਾਮਲੇ ਜਾਂ ਸੁਖਦਿਆਲ ਸਿੰਘ ਅਤੇ ਸੁਪਿੰਦਰ ਕੌਰ ਦੀ ਟਿਕਾਣੇ ਬਾਰੇ ਕੋਈ ਜਾਣਕਾਰੀ ਹੈ, ਤਾਂ ਉਹ ਫਰਾਡ ਬਿਊਰੋ ਨਾਲ (905) 453-3311, ਐਕਸਟੈਨਸ਼ਨ 3335 'ਤੇ ਸੰਪਰਕ ਕਰਨ। ਜਾਣਕਾਰੀ ਨੂੰ ਗੁਪਤ ਰੱਖਣ ਲਈ, ਪੀਲ ਕ੍ਰਾਈਮ ਸਟੌਪਰਸ ਨੂੰ 1-800-222-TIPS (8477) 'ਤੇ ਕਾਲ ਕੀਤੀ ਜਾ ਸਕਦੀ ਹੈ ਜਾਂ www.peelcirmestoppers.ca 'ਤੇ ਜਾਣਕਾਰੀ ਦਰਜ ਕੀਤੀ ਜਾ ਸਕਦੀ ਹੈ। ਇਹ ਜਾਂਚ ਅਪਰਾਧ ਨਾਲ ਨਜਿੱਠਣ ਅਤੇ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੁਲਿਸ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਜਨਤਾ ਦੀ ਸਹਾਇਤਾ ਨਾਲ, ਪੁਲਿਸ ਨੂੰ ਉਮੀਦ ਹੈ ਕਿ ਸ਼ੱਕੀਆਂ ਨੂੰ ਜਲਦ ਹੀ ਗ੍ਰਿਫਤਾਰ ਕਰਕੇ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਵੇਗਾ।


ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
- ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
- ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
- ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
- ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।



BHUPINDER OBEROI

ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।

ਸਾਡਾ ਐਡਰੈੱਸ ਨੋਟ ਕਰੋ
3200 George Ferguson Way #3, Abbotsford B.C. V2T 4C8
604-864-8803
Surrey (Kwantlen Square)
Unit # 105, 12568-72 Ave, Surrey
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey
FREE
SIGHT TEST


# ਰੁਜ਼ਗਾਰ ਦੀਆਂ ਰੁਕਾਵਟਾਂ ਦਾ ਸਾਹਮਣਾ ਕਰ ਰਹੇ ਲੋਕਾਂ ਲਈ ਨਵੇਂ ਉਪਰਾਲੇ ਪ੍ਰਦਾਨ ਕਰੇਗੀ ਬੀ.ਸੀ. ਸਰਕਾਰ

## ਉੱਚ ਮੰਗ ਵਾਲੀਆਂ ਨੌਕਰੀਆਂ ਲਈ ਤਿਆਰੀ ਦਾ ਵਿਸ਼ੇਸ਼ ਮੌਕਾ

**ਵਿਕਟੋਰੀਆ (ਸੀ.ਪੀ.ਟੀ. ਬਿਊਰੋ):** ਬ੍ਰਿਟਿਸ਼ ਕੋਲੰਬੀਆ ਅਤੇ ਕੈਨੇਡਾ ਸਰਕਾਰ ਵੱਲੋਂ ਇੱਕ ਸਾਂਝੇ ਉਪਰਾਲੇ ਹੇਠ ਉਹਨਾਂ ਲੋਕਾਂ ਲਈ ਨਵੀਆਂ ਰੁਜ਼ਗਾਰਕ ਮੁਕਾਬਲਿਆਂ ਦੀਆਂ ਰਾਹਾਂ ਖੋਲ੍ਹੀਆਂ ਜਾ ਰਹੀਆਂ ਹਨ, ਜੋ ਨੌਕਰੀ ਲੱਭਣ ਵਿੱਚ ਵੱਡੀਆਂ ਰੁਕਾਵਟਾਂ ਦਾ ਸਾਹਮਣਾ ਕਰ ਰਹੇ ਹਨ। ਦੋ ਸਾਲਾਂ ਦੀ ਮਿਆਦ ਵਾਲੇ ਇਸ ਨਵੇਂ ਪ੍ਰੋਗਰਾਮ ਲਈ $7.7 ਮਿਲੀਅਨ ਦੀ ਰਕਮ ਉਪਲਬਧ ਕਰਵਾਈ ਗਈ ਹੈ।



ਬੀ.ਸੀ. ਦੀ ਸਮਾਜਕ ਵਿਕਾਸ ਅਤੇ ਗਰੀਬੀ ਨਿਵਾਰਣ ਮੰਤਰੀ ਸ਼ੀਲਾ ਮੈਲਕਮਸਨ ਨੇ ਕਿਹਾ, "ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਲੋਕਾਂ ਕੋਲ ਉਹ ਸਾਧਨ ਹੋਣ ਜੋ ਉਹਨਾਂ ਨੂੰ ਅੱਗੇ ਵਧਣ ਲਈ ਲੋੜੀਂਦੇ ਹਨ, ਖਾਸ ਕਰਕੇ ਜਦੋਂ ਉਨ੍ਹਾਂ ਨੂੰ ਮਹਿੰਗਾਈ ਅਤੇ ਰਹਿਣ-ਸਹਿਣ ਦੇ ਵਧਦੇ ਖ਼ਰਚਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।" ਉਨ੍ਹਾਂ ਨੇ ਕਿਹਾ ਕਿ ਇਹ ਪ੍ਰੋਗਰਾਮ ਉਨ੍ਹਾਂ ਲੋਕਾਂ ਨੂੰ ਕੰਮ ਕਰਨ ਦਾ ਤਜਰਬਾ ਦੇਵੇਗਾ ਜਿਨ੍ਹਾਂ ਕੋਲ ਇੱਛਾ ਤਾਂ ਹੈ ਪਰ ਮੌਕੇ ਨਹੀਂ।

ਇਹ ਯੋਜਨਾ ਯੂਨਾਈਟਿਡ ਵੇਅ ਬੀ ਸੀ (United Way BC) ਰਾਹੀਂ ਚਲਾਈ ਜਾਵੇਗੀ ਅਤੇ ਇਸਦਾ ਨਾਂ ਵਰਕ ਐਕਸਪੀਰੀਅੰਸ ਔਪਰਚਿਊਨਿਟੀਜ਼ ਗ੍ਰਾਂਟ (WEOG) ਰੱਖਿਆ ਗਿਆ ਹੈ। ਇਹ ਪ੍ਰੋਗਰਾਮ ਵਿਸ਼ੇਸ਼ ਤੌਰ 'ਤੇ ਉਹਨਾਂ ਵਿਅਕਤੀਆਂ ਲਈ ਹੈ ਜੋ ਆਮਦਨ ਜਾਂ ਅਪੰਗਤਾ ਸਹਾਇਤਾ ਲੈ ਰਹੇ ਹਨ ਜਾਂ ਫੈਡਰਲ ਇੰਡੀਜਨਸ ਸਹਾਇਤਾ ਦੇ ਹੱਕਦਾਰ ਹਨ। ਉਨ੍ਹਾਂ ਲਈ ਗੈਰ-ਮੁਨਾਫਾ ਸੰਸਥਾਵਾਂ ਵਿੱਚ ਸਮੇਂ-ਸੀਮਤ ਤਨਖਾਹ ਵਾਲੇ ਕੰਮ ਉਪਲਬਧ ਕਰਵਾਏ ਜਾਣਗੇ।

ਕਿਮ ਵਿਨਚੈਲ, ਜੋ ਕਿ ਯੂਨਾਈਟਿਡ ਵੇਅ ਬੀ ਸੀ ਵਿੱਚ ਚੀਫ ਪ੍ਰੋਗਰਾਮ ਅਤੇ ਇੰਪੈਕਟ ਅਫਸਰ ਹਨ, ਨੇ ਕਿਹਾ, "ਬਹੁਤ ਸਾਰੇ ਲੋਕ ਅਜੇ ਵੀ ਰੁਜ਼ਗਾਰ ਦੇ ਮੌਕੇ ਲੱਭਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਇਹ ਪ੍ਰੋਗਰਾਮ ਉਨ੍ਹਾਂ ਦੀ ਮਦਦ ਕਰੇਗਾ ਕਿ ਉਹ ਆਪਣੇ ਤਜਰਬੇ ਅਤੇ ਹੁਨਰ ਨੂੰ ਨਿਖਾਰ ਕੇ ਉੱਚ ਮੰਗ ਵਾਲੀਆਂ ਨੌਕਰੀਆਂ ਵੱਲ ਵਧ ਸਕਣ।"

ਪ੍ਰੋਗਰਾਮ ਦੇ ਭਾਗੀਦਾਰ ਨਿਰਧਾਰਤ ਗੈਰ-ਮੁਨਾਫਾ ਸੰਸਥਾਵਾਂ ਵਿੱਚ 200 ਤੋਂ 240 ਘੰਟਿਆਂ ਦਾ ਤਨਖਾਹ ਸਮੇਤ ਕੰਮ ਕਰਨਗੇ, ਜਿਸ ਰਾਹੀਂ ਉਨ੍ਹਾਂ ਨੂੰ ਸਿੱਧਾ ਤਜਰਬਾ, ਨੈਟਵਰਕ ਅਤੇ ਆਤਮ-ਵਿਸ਼ਵਾਸ ਮਿਲੇਗਾ। ਨਾਲ ਹੀ ਉਨ੍ਹਾਂ ਨੂੰ ਨੌਕਰੀ ਪਲੇਸਮੈਂਟ, ਹੋਰ ਸਿਖਲਾਈ ਅਤੇ ਮੈਂਟਰਸ਼ਿਪ ਵਰਗੀਆਂ ਸਹੂਲਤਾਂ ਵੀ ਮਿਲਣਗੀਆਂ। ਇਹ ਗ੍ਰਾਂਟ ਪਲੇਸਮੈਂਟ ਭਾਗੀਦਾਰਾਂ ਨੂੰ ਆਪਣੇ ਭਾਈਚਾਰੇ ਵਿੱਚ ਯੋਗਦਾਨ ਪਾਉਣ ਅਤੇ ਆਪਣੇ ਭਵਿੱਖ ਲਈ ਬਿਹਤਰ ਰਾਹ ਚੁਣਨ ਵਿੱਚ ਸਹਾਇਕ ਹੋਵੇਗੀ। ਉਨ੍ਹਾਂ ਦੀ ਨੌਕਰੀ ਦੀ ਸੁਰੱਖਿਆ ਵੀ ਇਸ ਰਾਹੀਂ ਵਧੇਗੀ।

ਇਹ ਸਮੂਹ ਪ੍ਰੋਗਰਾਮ ਕੈਨੇਡਾ-ਬ੍ਰਿਟਿਸ਼ ਕੋਲੰਬੀਆ ਲੇਬਰ ਮਾਰਕਿਟ ਡਿਵੈਲਪਮੈਂਟ ਐਗਰੀਮੈਂਟ ਤਹਿਤ ਫੰਡ ਕੀਤਾ ਗਿਆ ਹੈ। ਇਸ ਸਾਲ ਇਸ ਐਗਰੀਮੈਂਟ ਰਾਹੀਂ ਸੂਬੇ ਨੂੰ ਲਗਭਗ $300 ਮਿਲੀਅਨ ਦੀ ਰਕਮ ਮਿਲੇਗੀ, ਜੋ ਕਿ ਬੀ.ਸੀ. ਦੇ ਲਗਭਗ 130,000 ਨਿਵਾਸੀਆਂ ਦੀ ਸਹਾਇਤਾ ਲਈ ਵਰਤੀ ਜਾਵੇਗੀ। ਗ੍ਰਾਂਟ ਲਈ ਅਰਜ਼ੀਆਂ 2 ਜੂਨ ਤੋਂ 15 ਜੁਲਾਈ, 2025 ਤੱਕ ਭੇਜੀਆਂ ਜਾ ਸਕਦੀਆਂ ਹਨ।


A TO Z DRIVING SCHOOL
SO EASY
ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ
AIR BRAKE CLASS
ਟਰੱਕ ਦਾ ਲਾਇਸੈਂਸ ਲੈਣ ਲਈ ਮਿਲੋ
ਕਲਾਸ ਵਨ ਦਾ ਲਾਇਸੈਂਸ ਲੈਣ ਲਈ ਅੱਜ ਹੀ ਸੰਪਰਕ ਕਰੋ
ਪੰਜਾਬੀ ਵਿੱਚ ਵੀ ਪੜ੍ਹਾਇਆ ਜਾਂਦਾ ਹੈ।
ਵਾਜਬ ਰੇਟ ਅਤੇ ਵਧੀਆ ਸਰਵਿਸ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
ਲਰਨਿੰਗ ਲਾਇਸੈਂਸ ਲੈਣ ਲਈ ਵੀ ਸੰਪਰਕ ਕਰੋ
ਲ਼ੱਕੀ ਸੇਖੋਂ 604 614 5365


idea immigration
Super Visas
PNPs
iccrc crcic
EXPRESS ENTRY
Canada's Express Entry immigration
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ,ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
12 ਮਹੀਨੇ ਵਿੱਚ ਨੈਨੀ ਨੂੰ ਕੈਨੇਡਾ ਬੁਲਾਓ। ਵਰਕ ਪਰਮਿਟ ਤੇ ਫੈਮਲੀ ਵੀ ਨਾਲ ਆ ਸਕਦੀ ਹੈ।
ਵਿਆਹ ਸ਼ਾਦੀਆਂ ਤੇ ਰਫਿਊਜੀ ਕੇਸਾਂ 'ਚ ਅਪੀਲ
ਆਪਣੇ ਮਾਤਾ -ਪਿਤਾ ਨੂੰ ਕੈਨੇਡਾ ਵਿੱਚ ਪੱਕੇ ਕਰਵਾਉਣ ਲਈ
ਕੈਨੇਡਾ ਦੇ ਆਰਜ਼ੀ ਵੱਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
ਇੰਜੀਨੀਅਰ, ਕੰਪਿਊਟਰ ਪ੍ਰੋਗਰਾਮਰ, ਟਰੱਕ ਡਰਾਇਵਰਾਂ ਦੀ ਜ਼ਰੂਰਤ
ਕੈਨੇਡਾ ਦੇ ਇੰਮੀਗ੍ਰੇਸ਼ਨ ਮਹਿਕਮੇਂ ਵੱਲੋਂ ਅਰਜ਼ੀਆਂ ਲੈਣੀਆਂ ਸ਼ੁਰੂ
ਵਿਜ਼ਟਰ ਵੀਜ਼ੇ ਤੇ ਆਏ , ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
ਹੋਰ ਜਾਣਕਾਰੀ ਲਈ ਸੰਪਰਕ ਕਰੋ:
NAVNEET SHARMA
778-320-0620
Phone :604-597-1119 | Fax:604-593-5099
York Centre#209-7928, 128St. Surrey BC V3W 4E8
info@ideaimmigration.com | www.ideaimmigration.com


THINKING ABOUT
BUYING
SELLING
OR
LEASE?
COMMERCIAL
FARMS
RESIDENTIAL
For a Free market evaluation of your property, contact
READY FOR A FREE EVALUATION :
Clients Evaluation of Borrowing Power for New Purchase
More Than Fourteen Years Experience in Real Estate.
ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਪਲਾਟ ਜਾਂ ਵਪਾਰਕ ਜਾਇਦਾਦ ਖਰੀਦਣ ਅਤੇ ਵੇਚਣ ਵੇਲੇ ਇਮਾਨਦਾਰ ਸੇਵਾਵਾਂ ਲਈ ਅੱਜ ਹੀ ਮਿਲੋ।
for more information
Amarpal Singh
Call : 604.338.7310
49 PARALLEL
1200 W 73rd Ave Unit 828,
Vancouver, BC V6P 6G5

# 24 ਮਈ ਤੋਂ ਬ੍ਰਿਟਿਸ਼ ਕੋਲੰਬੀਆ ਵਿੱਚ ਨਵਾਂ ਏਰੀਆ ਕੋਡ 257 ਹੋਵੇਗਾ ਸ਼ੁਰੂ

**ਸਰੀ (ਪਰਮਜੀਤ ਸਿੰਘ):** ਬ੍ਰਿਟਿਸ਼ ਕੋਲੰਬੀਆ ਵਿੱਚ ਸ਼ਨੀਵਾਰ, 24 ਮਈ ਤੋਂ ਇੱਕ ਨਵਾਂ ਏਰੀਆ ਕੋਡ 257 ਸ਼ੁਰੂ ਕੀਤਾ ਜਾ ਰਿਹਾ ਹੈ। ਇਹ ਨਵਾਂ ਕੋਡ ਉਨ੍ਹਾਂ ਖੇਤਰਾਂ ਵਿੱਚ ਲਾਗੂ ਹੋਵੇਗਾ, ਜਿੱਥੇ ਵਰਤਮਾਨ ਵਿੱਚ 236, 250, 604, 672 ਅਤੇ 778 ਏਰੀਆ ਕੋਡ ਵਰਤੇ ਜਾ ਰਹੇ ਹਨ। ਇਸ ਨਵੇਂ ਏਰੀਆ ਕੋਡ ਦੀ ਸ਼ੁਰੂਆਤ ਫੋਨ ਨੰਬਰਾਂ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਕੀਤੀ ਜਾ ਰਹੀ ਹੈ, ਤਾਂ ਜੋ ਵਸਨੀਕਾਂ ਅਤੇ ਕਾਰੋਬਾਰਾਂ ਨੂੰ ਭਵਿੱਖ ਵਿੱਚ ਵੀ ਪੂਰਤੀ ਲਈ ਕਾਫੀ ਨੰਬਰ ਉਪਲਬਧ ਰਹਿਣ।




ਨਵਾਂ ਏਰੀਆ ਕੋਡ 257, 24 ਮਈ ਤੋਂ ਹੌਲੀ-ਹੌਲੀ ਸ਼ੁਰੂ ਕੀਤਾ ਜਾਵੇਗਾ। ਇਸ ਮਿਤੀ ਤੋਂ ਬਾਅਦ, ਨਵੇਂ ਫੋਨ ਨੰਬਰ ਲਈ ਬੇਨਤੀ ਕਰਨ ਵਾਲੇ ਗਾਹਕਾਂ ਅਤੇ ਕਾਰੋਬਾਰਾਂ ਨੂੰ 257 ਏਰੀਆ ਕੋਡ ਵਾਲਾ ਨੰਬਰ ਮਿਲ ਸਕਦਾ ਹੈ। ਹਾਲਾਂਕਿ, ਮੌਜੂਦਾ ਏਰੀਆ ਕੋਡਾਂ (236, 250, 604, 672, 778) ਵਾਲੇ ਨੰਬਰ ਵੀ ਗਾਹਕਾਂ ਨੂੰ ਅਲਾਟ ਕੀਤੇ ਜਾਣਗੇ, ਜਦੋਂ ਤੱਕ ਉਨ੍ਹਾਂ ਦਾ ਸਟਾਕ ਖਤਮ ਨਹੀਂ ਹੋ ਜਾਂਦਾ।

ਜਾਣਕਾਰੀ ਅਨੁਸਾਰ ਮੌਜੂਦਾ ਫੋਨ ਨੰਬਰਾਂ ਦੇ ਏਰੀਆ ਕੋਡ ਵਿੱਚ ਕੋਈ ਬਦਲਾਅ ਨਹੀਂ ਹੋਵੇਗਾ। ਸਥਾਨਕ ਕਾਲਿੰਗ ਖੇਤਰ ਪਹਿਲਾਂ ਵਾਂਗ ਹੀ ਰਹਿਣਗੇ ਅਤੇ ਸਾਰੀਆਂ ਸਥਾਨਕ ਕਾਲਾਂ ਲਈ 10 ਅੰਕਾਂ (ਏਰੀਆ ਕੋਡ + ਸਥਾਨਕ ਨੰਬਰ) ਦੀ ਵਰਤੋਂ ਜ਼ਰੂਰੀ ਹੋਵੇਗੀ।

ਵਿਸ਼ੇਸ਼ ਨੰਬਰ ਜਿਵੇਂ ਕਿ 211, 311, 411, 611, 911 ਅਤੇ 988 ਨੂੰ ਸਿਰਫ ਤਿੰਨ ਅੰਕਾਂ ਨਾਲ ਡਾਇਲ ਕੀਤਾ ਜਾ ਸਕੇਗਾ।

ਕੈਨੇਡਾ ਦੀਆਂ ਪ੍ਰਮੁੱਖ ਦੂਰਸੰਚਾਰ ਸੇਵਾ ਕੰਪਨੀਆਂ ਨੇ ਜਨਤਾ ਨੂੰ ਨਵੇਂ ਏਰੀਆ ਕੋਡਾਂ ਬਾਰੇ ਜਾਣਕਾਰੀ ਦੇਣ ਲਈ ਇੱਕ ਸੰਚਾਰ ਮੁਹਿੰਮ ਸ਼ੁਰੂ ਕੀਤੀ ਹੈ। ਇਸ ਮੁਹਿੰਮ ਦਾ ਮਕਸਦ ਲੋਕਾਂ ਨੂੰ ਨਵੇਂ ਕੋਡਾਂ ਦੀ ਸ਼ੁਰੂਆਤ ਅਤੇ ਇਸ ਦੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਹੈ। ਨਵੇਂ ਏਰੀਆ ਕੋਡਾਂ ਬਾਰੇ ਵਧੇਰੇ ਜਾਣਕਾਰੀ ਲਈ, newareacodes.ca 'ਤੇ ਵੀ ਜਾਣਕਾਰੀ ਲਈ ਜਾ ਸਕਦੀ ਹੈ।

ਇਹ ਕਦਮ ਬ੍ਰਿਟਿਸ਼ ਕੋਲੰਬੀਆ ਦੇ ਵਸਨੀਕਾਂ ਅਤੇ ਕਾਰੋਬਾਰਾਂ ਲਈ ਸੰਚਾਰ ਸਹੂਲਤਾਂ ਨੂੰ ਨਿਰਵਿਘਨ ਅਤੇ ਭਰੋਸੇਮੰਦ ਬਣਾਈ ਰੱਖਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਉਪਰਾਲਾ ਹੈ। ਵਧਦੀ ਆਬਾਦੀ ਅਤੇ ਸੰਚਾਰ ਸੇਵਾਵਾਂ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ, ਨਵੇਂ ਏਰੀਆ ਕੋਡ ਦੀ ਸ਼ੁਰੂਆਤ ਲੰਬੇ ਸਮੇਂ ਲਈ ਫੋਨ ਨੰਬਰਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਏਗੀ।

ਇਸ ਨਵੇਂ ਕੋਡ ਦੀ ਸ਼ੁਰੂਆਤ ਨਾਲ, ਬ੍ਰਿਟਿਸ਼ ਕੋਲੰਬੀਆ ਵਿੱਚ ਸੰਚਾਰ ਸੇਵਾਵਾਂ ਦੀ ਸਮਰੱਥਾ ਵਿੱਚ ਵਾਧਾ ਹੋਵੇਗਾ, ਜੋ ਖੇਤਰ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਵਿੱਚ ਸਹਾਇਤਾ ਕਰੇਗਾ। ਇਹ ਵੀ ਸੁਨਿਸ਼ਚਿਤ ਕੀਤਾ ਜਾਵੇਗਾ ਕਿ ਸਾਰੇ ਨਵੇਂ ਅਤੇ ਮੌਜੂਦਾ ਗਾਹਕਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਸੰਚਾਰ ਸੇਵਾਵਾਂ ਮਿਲਦੀਆਂ ਰਹਿਣ।

ਨਵਾਂ ਏਰੀਆ ਕੋਡ 257 ਸੰਚਾਰ ਦੇ ਖੇਤਰ ਵਿੱਚ ਇੱਕ ਨਵੀਂ ਸ਼ੁਰੂਆਤ ਦਾ ਪ੍ਰਤੀਕ ਹੈ, ਜੋ ਬ੍ਰਿਟਿਸ਼ ਕੋਲੰਬੀਆ ਦੇ ਵਸਨੀਕਾਂ ਨੂੰ ਆਧੁਨਿਕ ਸੰਚਾਰ ਸਹੂਲਤਾਂ ਨਾਲ ਜੋੜੇ ਰੱਖਣ ਵਿੱਚ ਮਦਦ ਕਰੇਗਾ।

# ਕੈਨੇਡਾ, ਯੂ.ਕੇ. ਅਤੇ ਫਰਾਂਸ ਨੇ ਇਜ਼ਰਾਇਲ ਨੂੰ ਗਾਜ਼ਾ ਵਿੱਚ ਫੌਜੀ ਕਾਰਵਾਈਆਂ ਰੋਕਣ ਅਤੇ ਮਾਨਵਤਾਵਾਦੀ ਸਹਾਇਤਾ ਦੇਣ ਦੀ ਮੰਗ ਕੀਤੀ



**ਸਰੀ, (ਪਰਮਜੀਤ ਸਿੰਘ):** ਕੈਨੇਡਾ, ਯੂਨਾਈਟਿਡ ਕਿੰਗਡਮ ਅਤੇ ਫਰਾਂਸ ਦੇ ਆਗੂਆਂ ਨੇ ਗਾਜ਼ਾ ਅਤੇ ਵੈਸਟ ਬੈਂਕ ਦੀ ਸਥਿਤੀ 'ਤੇ ਇੱਕ ਸੰਯੁਕਤ ਬਿਆਨ ਜਾਰੀ ਕੀਤਾ। ਇਸ ਵਿੱਚ ਉਨ੍ਹਾਂ ਨੇ ਕਿਹਾ, "ਅਸੀਂ ਗਾਜ਼ਾ ਵਿੱਚ ਇਜ਼ਰਾਇਲ ਦੀਆਂ ਸੈਨਿਕ ਕਾਰਵਾਈਆਂ ਦੇ ਵਿਸਥਾਰ ਦਾ ਸਖਤ ਵਿਰੋਧ ਕਰਦੇ ਹਾਂ। ਗਾਜ਼ਾ ਵਿੱਚ ਮਨੁੱਖੀ ਦੁੱਖ ਅਸਹਿਣਯੋਗ ਪੱਧਰ 'ਤੇ ਹੈ। ਇਜ਼ਰਾਇਲ ਦਾ ਐਲਾਨ ਕਿ ਉਹ ਗਾਜ਼ਾ ਵਿੱਚ ਮੁੱਢਲੀ ਮਾਤਰਾ ਵਿੱਚ ਭੋਜਨ ਸਹਾਇਤਾ ਦੀ ਇਜਾਜ਼ਤ ਦੇਵੇਗਾ, ਪੂਰੀ ਤਰ੍ਹਾਂ ਨਾਕਾਫੀ ਹੈ। ਅਸੀਂ ਇਜ਼ਰਾਇਲ ਸਰਕਾਰ ਨੂੰ ਗਾਜ਼ਾ ਵਿੱਚ ਸੈਨਿਕ ਕਾਰਵਾਈਆਂ ਰੋਕਣ ਅਤੇ ਮਾਨਵਤਾਵਾਦੀ ਸਹਾਇਤਾ ਨੂੰ ਤੁਰੰਤ ਦਾਖਲ ਹੋਣ ਦੀ ਇਜਾਜ਼ਤ ਦੇਣ ਦੀ ਮੰਗ ਕਰਦੇ ਹਾਂ। ਇਸ ਵਿੱਚ ਸੰਯੁਕਤ ਰਾਸ਼ਟਰ ਨਾਲ ਸਹਿਯੋਗ ਕਰਕੇ ਮਾਨਵਤਾਵਾਦੀ ਸਿਧਾਂਤਾਂ ਅਨੁਸਾਰ ਸਹਾਇਤਾ ਦੀ ਡਿਲੀਵਰੀ ਮੁੜ ਸ਼ੁਰੂ ਕਰਨਾ ਸ਼ਾਮਲ ਹੈ। ਅਸੀਂ ਹਮਾਸ ਨੂੰ 7 ਅਕਤੂਬਰ, 2023 ਤੋਂ ਬੰਧਕ ਬਣਾਏ ਬਾਕੀ ਬੰਧਕਾਂ ਨੂੰ ਤੁਰੰਤ ਰਿਹਾਅ ਕਰਨ ਦੀ ਅਪੀਲ ਕਰਦੇ ਹਾਂ।"

ਬਿਆਨ ਵਿੱਚ ਕਿਹਾ ਗਿਆ, "ਇਜ਼ਰਾਇਲ ਸਰਕਾਰ ਵੱਲੋਂ ਨਾਗਰਿਕ ਆਬਾਦੀ ਨੂੰ ਜ਼ਰੂਰੀ ਮਾਨਵਤਾਵਾਦੀ ਸਹਾਇਤਾ ਦੀ ਮਨਾਹੀ ਅਸਵੀਕਾਰਨਯੋਗ ਹੈ ਅਤੇ ਇਹ ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨ ਦੀ ਉਲੰਘਣਾ ਦਾ ਜੋਖਮ ਪੈਦਾ ਕਰਦੀ ਹੈ। ਅਸੀਂ ਇਜ਼ਰਾਇਲ ਸਰਕਾਰ ਦੇ ਮੈਂਬਰਾਂ ਵੱਲੋਂ ਹਾਲ ਹੀ ਵਿੱਚ ਵਰਤੀ ਗਈ ਨਿੰਦਣਯੋਗ ਭਾਸ਼ਾ, ਜਿਸ ਵਿੱਚ ਗਾਜ਼ਾ ਦੀ ਤਬਾਹੀ ਦੇ ਨਿਰਾਸ਼ਾਜਨਕ ਮਾਹੌਲ ਵਿੱਚ ਨਾਗਰਿਕਾਂ ਦੇ ਸਥਾਨਾਂਤਰਣ ਦੀ ਧਮਕੀ ਦਿੱਤੀ ਗਈ, ਦੀ ਸਖਤ ਨਿੰਦਾ ਕਰਦੇ ਹਾਂ। ਸਥਾਈ ਜਬਰੀ ਵਿਸਥਾਪਨ ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨ ਦੀ ਉਲੰਘਣਾ ਹੈ।"

ਨੇਤਾਵਾਂ ਨੇ ਜ਼ੋਰ ਦਿੱਤਾ ਕਿ 7 ਅਕਤੂਬਰ ਨੂੰ ਇਜ਼ਰਾਇਲ 'ਤੇ ਹੋਏ ਭਿਆਨਕ ਹਮਲੇ ਦੇ ਜਵਾਬ ਵਿੱਚ ਉਹ ਹਮੇਸ਼ਾ ਇਜ਼ਰਾਇਲ ਦੇ ਅੱਤਵਾਦ ਵਿਰੁੱਧ ਆਪਣੇ ਨਾਗਰਿਕਾਂ ਦੀ ਸੁਰੱਖਿਆ ਦੇ ਅਧਿਕਾਰ ਦਾ ਸਮਰਥਨ ਕਰਦੇ ਹਨ, ਪਰ ਮੌਜੂਦਾ ਵਧਾਅ ਪੂਰੀ ਤਰ੍ਹਾਂ ਅਸੰਤੁਲਿਤ ਹੈ। ਉਨ੍ਹਾਂ ਨੇ ਕਿਹਾ, "ਅਸੀਂ ਨੇਤਨਯਾਹੂ ਸਰਕਾਰ ਦੀਆਂ ਇਨ੍ਹਾਂ ਨਿੰਦਣਯੋਗ ਕਾਰਵਾਈਆਂ ਨੂੰ ਚੁੱਪ ਚਾਪ ਨਹੀਂ ਦੇਖਾਂਗੇ। ਜੇ ਇਜ਼ਰਾਇਲ ਨਵੀਂ ਸੈਨਿਕ ਕਾਰਵਾਈ ਨੂੰ ਨਹੀਂ ਰੋਕਦਾ ਅਤੇ ਮਾਨਵਤਾਵਾਦੀ ਸਹਾਇਤਾ 'ਤੇ ਪਾਬੰਦੀਆਂ ਨਹੀਂ ਹਟਾਉਂਦਾ, ਤਾਂ ਅਸੀਂ ਅੱਗੇ ਠੋਸ ਕਾਰਵਾਈ ਕਰਾਂਗੇ।"

ਬਿਆਨ ਵਿੱਚ ਵੈਸਟ ਬੈਂਕ ਵਿੱਚ ਸੈਟਲਮੈਂਟਸ ਦੇ ਵਿਸਥਾਰ ਦੀ ਵੀ ਵਿਰੋਧਤਾ ਕੀਤੀ ਗਈ। ਨੇਤਾਵਾਂ ਨੇ ਕਿਹਾ ਕਿ ਇਜ਼ਰਾਇਲ ਨੂੰ ਗੈਰ-ਕਾਨੂੰਨੀ ਸੈਟਲਮੈਂਟਸ, ਜੋ ਪੈਲੇਸਤੀਨੀ ਰਾਜ ਦੀ ਸੰਭਾਵਨਾ ਅਤੇ ਇਜ਼ਰਾਇਲੀਆਂ ਤੇ ਪੈਲੇਸਤੀਨੀਆਂ ਦੀ ਸੁਰੱਖਿਆ ਨੂੰ ਕਮਜ਼ੋਰ ਕਰਦੇ ਹਨ, ਨੂੰ ਰੋਕਣਾ ਚਾਹੀਦਾ। ਉਹ ਨਿਸ਼ਾਨਾਬਾਜ਼ ਸੰਜਮ ਵਰਗੇ ਕਦਮ ਚੁੱਕਣ ਤੋਂ ਨਹੀਂ ਹਿਚਕਿਚਾਉਣਗੇ। ਕੈਨੇਡਾ, ਯੂ.ਕੇ. ਅਤੇ ਫਰਾਂਸ ਨੇ ਅਮਰੀਕਾ, ਕਤਰ ਅਤੇ ਮਿਸਰ ਦੀ ਅਗਵਾਈ ਵਿੱਚ ਗਾਜ਼ਾ ਵਿੱਚ ਤੁਰੰਤ ਜੰਗਬੰਦੀ ਸੁਰੱਖਿਅਤ ਕਰਨ ਦੀਆਂ ਕੋਸ਼ਿਸ਼ਾਂ ਦਾ ਸਮਰਥਨ ਕੀਤਾ। ਉਨ੍ਹਾਂ ਨੇ ਕਿਹਾ ਕਿ ਜੰਗਬੰਦੀ, ਬੰਧਕਾਂ ਦੀ ਰਿਹਾਈ ਅਤੇ ਲੰਬੇ ਸਮੇਂ ਦਾ ਸਿਆਸੀ ਹੱਲ ਹੀ ਬੰਧਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਪੀੜਾ, ਗਾਜ਼ਾ ਵਿੱਚ ਨਾਗਰਿਕਾਂ ਦੇ ਦੁੱਖ, ਹਮਾਸ ਦੇ ਕੰਟਰੋਲ ਦਾ ਅੰਤ ਅਤੇ ਦੋ-ਰਾਜੀ ਹੱਲ ਦੀ ਸੰਭਾਵਨਾ ਨੂੰ ਸੰਭਵ ਬਣਾਉਣਗੇ।






# ਸੰਤ ਬ੍ਰਹਮਮੁਨੀ ਜੀ ਵਿਵੇਕ ਆਸ਼ਰਮ ਜਲਾਲ ਵਾਲੇ ਕੈਨੇਡਾ ਦੇ ਸ਼ਹਿਰ ਪਹੁੰਚੇ ਸਰੀ ਵਿਖੇ

## ਟੋਰਾਂਟੋ, ਵਿਨੀਪੈਗ, ਕੈਲਗਰੀ ਅਤੇ ਐਡਮਿੰਟਨ 'ਚ ਕਰਨਗੇ ਕਥਾ



**ਵੈਨਕੂਵਰ, (ਬਰਾੜ-ਭਗਤਾ ਭਾਈ ਕਾ):** ਵਿਵੇਕ ਆਸ਼ਰਮ ਜਲਾਲ (ਬਠਿੰਡਾ) ਵਾਲੇ ਮਹਾਂਪੁਰਸ਼ ਸੰਤ ਬ੍ਰਹਮਮੁਨੀ ਜੀ ਜਲਾਲ ਵਾਲੇ 17 ਮਈ ਤੋਂ 9 ਸਤੰਬਰ 2025 ਤੱਕ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਕਥਾ ਕਰਨ ਲਈ ਕੈਨੇਡਾ ਦੇ ਮਿੰਨੀ ਪੰਜਾਬ ਵਜੋਂ ਜਾਣੇ ਜਾਂਦੇ ਸ਼ਹਿਰ ਸਰੀ ਵਿਖੇ ਪਹੁੰਚ ਚੁੱਕੇ ਹਨ। ਕੈਨੇਡਾ ਦੀ ਸੰਗਤ ਵੱਲੋਂ ਉਚੇਚੇ ਤੌਰ 'ਤੇ ਉਨ੍ਹਾਂ ਨੂੰ ਕਥਾ ਵਾਸਤੇ ਬੁਲਾਇਆ ਗਿਆ। ਕੈਨੇਡਾ ਦੇ ਵੱਖ ਵੱਖ ਸ਼ਹਿਰਾਂ 'ਚ ਕਥਾ ਕਰਨ ਲਈ ਉਨ੍ਹਾਂ ਨੇ ਸੰਗਤ ਦੀ ਬੇਨਤੀ ਨੂੰ ਪ੍ਰਵਾਨ ਕੀਤਾ। 29 ਮਈ ਤੋਂ 9 ਜੂਨ ਤੱਕ ਉਹ ਟੋਰਾਂਟੋ ਵਿਖੇ ਕਥਾ ਕਰਨਗੇ ਜਦੋਂ ਕਿ 10 ਜੂਨ ਤੋਂ 20 ਜੂਨ ਤੱਕ ਉਹ ਵਿੰਨੀਪੈਗ ਵਿਖੇ ਸੰਗਤ 'ਚ ਪ੍ਰਵਚਨ ਕਰਨਗੇ। ਇਸ ਤੋਂ ਬਾਅਦ ਉਹ ਕੈਲਗਰੀ ਜਾਣਗੇ ਜਿੱਥੇ 21 ਜੂਨ ਤੋਂ 30 ਜੂਨ ਤੱਕ ਰਹਿ ਕੇ ਕਥਾ ਕਰਨਗੇ। 1 ਜੁਲਾਈ ਤੋਂ 8 ਜੁਲਾਈ ਤੱਕ ਉਨ੍ਹਾਂ ਦੀ ਕਥਾ ਦਾ ਪ੍ਰੋਗਰਾਮ ਐਡਮਿੰਟਨ ਵਿਖੇ ਹੋਵੇਗਾ ਅਤੇ 9 ਜੁਲਾਈ ਨੂੰ ਉਹ ਸਰੀ ਪਹੁੰਚ ਜਾਣਗੇ ਜਿੱਥੇ 16 ਜੁਲਾਈ ਨੂੰ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਵੇਗਾ ਅਤੇ 20 ਜੁਲਾਈ ਦਿਨ ਐਤਵਾਰ ਨੂੰ ਵੱਡੇ ਪੱਧਰ 'ਤੇ ਬਾਬਾ ਸ਼ੇਰ ਸਿੰਘ ਗਿੱਲ ਦੀ ਸਾਲਾਨਾ ਬਰਸੀ ਮਨਾਈ ਜਾਵੇਗੀ। ਸਰੀ ਵਿਖੇ 2 ਮਹੀਨੇ ਰਹਿ ਕੇ ਉਹ 9 ਸਤੰਬਰ ਨੂੰ ਵਾਪਸ ਪੰਜਾਬ ਚਲੇ ਜਾਣਗੇ ਜਿੱਥੇ ਵਿਵੇਕ ਆਸ਼ਰਮ ਜਲਾਲ ਵਿਖੇ ਹੀ ਸੰਗਤ ਨੂੰ ਅਸ਼ੀਰਵਾਦ ਦਿੰਦੇ ਰਹਿਣਗੇ। ਹੋਰ ਵਧੇਰੇ ਜਾਣਕਾਰੀ ਲਈ 778-394-2070 ਫੋਨ ਜ਼ਰੀਏ ਸੰਪਰਕ ਕੀਤਾ ਜਾ ਸਕਦਾ ਹੈ।

# ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਹੋਏ ਕੈਂਸਰ ਤੋਂ ਪੀੜ੍ਹਤ

ਵਾਸ਼ਿੰਗਟਨ : ਸਾਬਕਾ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੂੰ ਪ੍ਰੋਸਟੇਟ ਕੈਂਸਰ ਦੀ ਪੁਸ਼ਟੀ ਹੋਈ ਹੈ, ਇਹ ਜਾਣਕਾਰੀ ਉਨ੍ਹਾਂ ਦੇ ਦਫਤਰ ਨੇ ਐਤਵਾਰ ਨੂੰ ਦਿੱਤੀ। ਪਿਛਲੇ ਹਫਤੇ ਪਿਸ਼ਾਬ ਸੰਬੰਧੀ ਸਮੱਸਿਆਵਾਂ ਅਤੇ ਪ੍ਰੋਸਟੇਟ ਵਿੱਚ ਗੰਢ ਮਿਲਣ ਤੋਂ ਬਾਅਦ ਡਾਕਟਰੀ ਜਾਂਚ ਵਿੱਚ ਸ਼ੁੱਕਰਵਾਰ ਨੂੰ ਕੈਂਸਰ ਦੀ ਪੁਸ਼ਟੀ ਹੋਈ। ਕੈਂਸਰ ਸੈੱਲ ਹੱਡੀਆਂ ਤੱਕ ਫੈਲ ਗਏ ਹਨ, ਜੋ ਇਸ ਨੂੰ ਵਧੇਰੇ ਗੰਭੀਰ ਬਿਮਾਰੀ ਦਰਸਾਉਂਦਾ ਹੈ। ਬਾਈਡਨ ਦੇ ਦਫਤਰ ਮੁਤਾਬਕ, "ਹਾਲਾਂਕਿ ਇਹ ਬਿਮਾਰੀ ਦਾ ਅਗਰੈਸਿਵ ਰੂਪ ਹੈ, ਪਰ ਕੈਂਸਰ ਹਾਰਮੋਨ-ਸੰਵੇਦਨਸ਼ੀਲ ਹੈ।" ਬਾਈਡਨ ਅਤੇ ਉਨ੍ਹਾਂ ਦਾ ਪਰਿਵਾਰ ਡਾਕਟਰਾਂ ਨਾਲ ਇਲਾਜ ਦੇ ਵਿਕਲਪਾਂ 'ਤੇ ਵਿਚਾਰ ਕਰ ਰਿਹਾ ਹੈ। ਪ੍ਰੋਸਟੇਟ ਕੈਂਸਰ ਦੀ ਗੰਭੀਰਤਾ ਨੂੰ ਗਲੀਸਨ ਸਕੋਰ (1 ਤੋਂ 10) ਨਾਲ ਮਾਪਿਆ ਜਾਂਦਾ ਹੈ, ਅਤੇ ਬਾਈਡਨ ਦਾ ਸਕੋਰ 9 ਹੈ, ਜੋ ਕੈਂਸਰ ਦੇ ਸਭ ਤੋਂ ਅਗਰੈਸਿਵ ਰੂਪ ਨੂੰ ਦਰਸਾਉਂਦਾ ਹੈ। ਜਦੋਂ ਪ੍ਰੋਸਟੇਟ ਕੈਂਸਰ ਸਰੀਰ ਦੇ ਹੋਰ ਹਿੱਸਿਆਂ, ਖਾਸ ਕਰਕੇ ਹੱਡੀਆਂ, ਵਿੱਚ ਫੈਲਦਾ ਹੈ, ਤਾਂ ਇਲਾਜ ਔਖਾ ਹੋ ਜਾਂਦਾ ਹੈ, ਕਿਉਂਕਿ ਦਵਾਈਆਂ ਸਾਰੇ ਟਿਊਮਰ ਤੱਕ ਪਹੁੰਚਣ ਵਿੱਚ ਅਸਮਰੱਥ ਹੁੰਦੀਆਂ। ਪਰ, ਹਾਰਮੋਨ 'ਤੇ ਨਿਰਭਰ ਕੈਂਸਰ, ਜਿਵੇਂ ਬਾਈਡਨ ਦਾ, ਹਾਰਮੋਨ-ਰੋਕੂ ਇਲਾਜ ਲਈ ਸੰਵੇਦਨਸ਼ੀਲ ਹੁੰਦੇ ਹਨ।


Are you looking to Buy, Sell or Invest in Properties?

We Can Help! for a Free market evaluation of your property, contact

ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਪਲਾਟ
ਜਾਂ ਵਪਾਰਕ ਜਾਇਦਾਦ ਖਰੀਦਣ ਅਤੇ ਵੇਚਣ ਵੇਲੇ

ਇਮਾਨਦਾਰ ਸੇਵਾਵਾਂ ਲਈ ਅੱਜ ਹੀ ਮਿਲੋ।
Amarpal Singh | Call : 604.338.7310

PARALLEL
1200 W 73rd Ave Unit 828, Vancouver, BC V6P 6G5

HOUSE FOR SALE

9213 133rd Street Surrey B.C., V3V7E3




Conveniently located in the heart of Surrey, this sought-after home is near Elementary and Secondary School, making it ideal for families. It also offers easy access to King George SkyTrain Station and nearby hospitals. This charming three-level split home features a spacious kitchen with oak cabinets and a cozy eating area. Additionally, it includes a two-bedroom unauthorized basement suite, perfect for rental income or extended family. The large backyard provides ample outdoor space, Situated in a quiet cul-de-sac, this home offers both comfort and convenience

15108 83A Avenue, Surrey, BC, V3S8R9




a beautifully maintained home in Surrey's sought-after Bear Creek Green Timbers neighbourhood. Nestled on a 7,153 sq. ft. lot, this spacious home offers the perfect blend of comfort and functionality. With multiple bedrooms and bathrooms, it's ideal for growing families or those who love to entertain. Step inside to discover a bright and inviting layout featuring two cozy fireplaces, large windows, and well-appointed living spaces. The generously sized kitchen offers plenty of storage and overlooks the backyard-perfect for family gatherings. Outside, enjoy a private, landscaped yard with ample space for relax. Enjoy breathtaking views of Mount Baker and the valley from this desirable corner lot. Walking distance to both elementary and high schools. Viewings by appointment only.

Guru Nanak's Free Kitchen
LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170

# ਕੈਨੇਡਾ ਨੇ ਵੈਸਟ ਬੈਂਕ ਵਿੱਚ ਇਜ਼ਰਾਇਲੀ ਗੋਲੀਬਾਰੀ ਤੋਂ ਬਾਅਦ ਇਜ਼ਰਾਇਲ ਦੇ ਰਾਜਦੂਤ ਨੂੰ ਤਲਬ ਕੀਤਾ



**ਸਰੀ (ਪਰਮਜੀਤ ਸਿੰਘ):** ਕੈਨੇਡਾ ਨੇ ਬੀਤੇ ਕੱਲ੍ਹ ਐਲਾਨ ਕੀਤਾ ਕਿ ਉਹ ਇਜ਼ਰਾਇਲ ਦੇ ਰਾਜਦੂਤ ਨੂੰ ਤਲਬ ਕਰ ਰਿਹਾ ਹੈ, ਜਦੋਂ ਇਜ਼ਰਾਇਲੀ ਡਿਫੈਂਸ ਫੋਰਸਿਜ਼ (IDF) ਨੇ ਵੈਸਟ ਬੈਂਕ ਵਿੱਚ ਇੱਕ ਡਿਪਲੋਮੈਟਿਕ ਡੈਲੀਗੇਸ਼ਨ ਦੇ ਨੇੜੇ ਗੋਲੀਆਂ ਚਲਾਈਆਂ, ਜਿਸ ਵਿੱਚ ਚਾਰ ਕੈਨੇਡੀਅਨ ਸ਼ਾਮਲ ਸਨ। IDF ਨੇ ਦੱਸਿਆ ਕਿ ਇਸ ਘਟਨਾ ਵਿੱਚ ਕੋਈ ਜ਼ਖਮੀ ਨਹੀਂ ਹੋਇਆ।

ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਸੋਸ਼ਲ ਮੀਡੀਆ ਪਲੈਟਫਾਰਮ ਐਕਸ 'ਤੇ ਪੋਸਟ ਕਰਦਿਆਂ ਕਿਹਾ, "ਮੈਨੂੰ ਇਹ ਜਾਣ ਕੇ ਰਾਹਤ ਮਿਲੀ ਕਿ ਸਾਡੀ ਟੀਮ ਸੁਰੱਖਿਅਤ ਹੈ। ਮੈਂ ਆਪਣੇ ਅਧਿਕਾਰੀਆਂ ਨੂੰ ਇਜ਼ਰਾਇਲ ਦੇ ਰਾਜਦੂਤ ਨੂੰ ਤਲਬ ਕਰਨ ਅਤੇ ਕੈਨੇਡਾ ਦੀਆਂ ਗੰਭੀਰ ਚਿੰਤਾਵਾਂ ਨੂੰ ਪ੍ਰਗਟ ਕਰਨ ਲਈ ਕਿਹਾ ਹੈ। ਅਸੀਂ ਪੂਰੀ ਜਾਂਚ ਅਤੇ ਜਵਾਬਦੇਹੀ ਦੀ ਉਮੀਦ ਕਰਦੇ ਹਾਂ।"

ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਸ ਘਟਨਾ ਨੂੰ "ਪੂਰੀ ਤਰ੍ਹਾਂ ਅਸਵੀਕਾਰਨਯੋਗ" ਕਰਾਰ ਦਿੱਤਾ। ਕਿਊਬੈਕ ਦੇ ਚੈਲਸੀ ਵਿੱਚ ਇੱਕ ਕੈਬਨਿਟ ਯੋਜਨਾ ਫੋਰਮ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਕਿਹਾ, "ਇਹ ਖੇਤਰ ਵਿੱਚ ਵਾਪਰ ਰਹੀਆਂ ਕਈ ਅਸਵੀਕਾਰਨਯੋਗ ਘਟਨਾਵਾਂ ਵਿੱਚੋਂ ਇੱਕ ਹੈ।" IDF ਦੇ ਇੱਕ ਬੁਲਾਰੇ ਨੇ ਕਿਹਾ ਕਿ ਜੇਨਿਨ ਸ਼ਹਿਰ ਦਾ ਦੌਰਾ ਕਰ ਰਿਹਾ ਡਿਪਲੋਮੈਟਿਕ ਸਮੂਹ "ਮਨਜ਼ੂਰਸ਼ੁਦਾ ਰੂਟ" ਤੋਂ ਹਟ ਗਿਆ ਸੀ, ਜਿਸ ਕਾਰਨ ਸੈਨਿਕਾਂ ਨੇ ਉਨ੍ਹਾਂ ਨੂੰ ਅਣਅਧਿਕਾਰਤ ਖੇਤਰ ਤੋਂ ਹਟਾਉਣ ਲਈ ਚੇਤਾਵਨੀ ਗੋਲੀਆਂ ਚਲਾਈਆਂ। IDF ਨੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਪ੍ਰਭਾਵਿਤ ਡਿਪਲੋਮੈਟਸ ਨੂੰ ਅਪਡੇਟ ਦੇਣ ਦਾ ਵਾਅਦਾ ਕੀਤਾ ਹੈ।

ਫਰਾਂਸ ਦੇ ਵਿਦੇਸ਼ ਮੰਤਰੀ ਜੀਨ-ਨੋਏਲ ਬੈਰੋ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਇਹ ਸਥਿਤੀ ਅਸਵੀਕਾਰਨਯੋਗ ਹੈ ਅਤੇ ਇਜ਼ਰਾਇਲ ਦੇ ਰਾਜਦੂਤ ਨੂੰ ਫਰਾਂਸ ਵਿੱਚ ਸਪੱਸ਼ਟੀਕਰਨ ਲਈ ਤਲਬ ਕੀਤਾ ਗਿਆ ਹੈ। ਇਟਲੀ ਦੇ ਵਿਦੇਸ਼ ਮੰਤਰੀ ਅੰਤੋਨੀਓ ਤਾਜਾਨੀ ਨੇ ਵੀ ਇਜ਼ਰਾਇਲੀ ਰਾਜਦੂਤ ਨੂੰ ਸਪੱਸ਼ਟੀਕਰਨ ਲਈ ਬੁਲਾਉਣ ਦਾ ਐਲਾਨ ਕੀਤਾ।

ਇਸ ਹਫਤੇ ਦੇ ਸ਼ੁਰੂ ਵਿੱਚ, ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ, ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਅਤੇ ਫਰਾਂਸੀਸੀ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਇੱਕ ਸੰਯੁਕਤ ਬਿਆਨ ਵਿੱਚ ਇਜ਼ਰਾਇਲ ਦੀ ਗਾਜ਼ਾ ਵਿੱਚ ਨਵੀਂ ਸੈਨਿਕ ਕਾਰਵਾਈ ਰੋਕਣ ਲਗਾਉਣ ਲਈ ਕਿਹਾ ਸੀ। ਉਨ੍ਹਾਂ ਨੇ ਵੈਸਟ ਬੈਂਕ ਵਿੱਚ ਇਜ਼ਰਾਇਲੀ ਸੈਟਲਮੈਂਟ ਦੇ ਵਿਸਥਾਰ ਦੀ ਵੀ ਵਿਰੋਧਤਾ ਕੀਤੀ।

ਕਾਰਨੀ ਨੇ ਬੁੱਧਵਾਰ ਨੂੰ ਕਿਹਾ ਕਿ ਜੇ ਇਜ਼ਰਾਇਲ ਨੇਤਾਵਾਂ ਦੀ ਬੇਨਤੀ ਨੂੰ ਨਜ਼ਰਅੰਦਾਜ਼ ਕਰਦਾ ਹੈ, ਤਾਂ ਕੈਨੇਡਾ ਦੀ "ਠੋਸ ਕਾਰਵਾਈ" ਫਰਾਂਸ ਅਤੇ ਬ੍ਰਿਟੇਨ ਨਾਲ ਸਾਂਝੀ ਹੋਵੇਗੀ। ਉਨ੍ਹਾਂ ਨੇ ਕਿਹਾ, "ਕੈਨੇਡਾ, ਫਰਾਂਸ, ਯੂ.ਕੇ. ਅਤੇ ਹੋਰ ਦੇਸ਼ਾਂ ਦੀ ਸਪੱਸ਼ਟ ਭਾਸ਼ਾ ਦਾ ਇਰਾਦਾ ਹੈ ਕਿ ਇਜ਼ਰਾਇਲ ਉਥੋਂ ਦੀ ਆਬਾਦੀ, ਜੋ ਭੁੱਖਮਰੀ ਦੀ ਕਗਾਰ 'ਤੇ ਹੈ, ਨੂੰ ਪੂਰੀ ਮਾਨਵਤਾਵਾਦੀ ਸਹਾਇਤਾ ਯਕੀਨੀ ਬਣਾਏ।"

# ਐਬਟਸਫੋਰਡ ਵਿੱਚ ਬੇਘਰਾਂ ਲਈ ਜਲਦ ਖੋਲ੍ਹੇ ਜਾਣਗੇ 67 ਹੋਰ ਸ਼ੈਲਟਰ ਸਪੇਸ



**ਸਰੀ, (ਪਰਮਜੀਤ ਸਿੰਘ):** ਐਬਟਸਫੋਰਡ ਵਿੱਚ ਬੇਘਰੇ ਲੋਕਾਂ ਲਈ ਜੋਖਮ ਘਟ ਕਰਨ ਲਈ 67 ਦੇ ਕਰੀਬ ਨਵੇਂ ਸ਼ੈਲਟਰ ਸਪੇਸ ਜਲਦ ਉਪਲਬਧ ਕਰਵਾਏ ਜਾਣਗੇ। ਇਨ੍ਹਾਂ ਵਿੱਚੋਂ 22 ਸਪੇਸ ਹੁਣ ਖੁੱਲ ਚੁੱਕੀਆਂ ਹਨ, ਜਦਕਿ 45 ਹੋਰ ਸਪੇਸ ਅਗਲੇ ਮਹੀਨਿਆਂ ਵਿੱਚ ਖੁੱਲਣਗੀਆਂ। ਇਹ ਐਲਾਨ ਹਾਊਸਿੰਗ ਅਤੇ ਮਿਊਂਸੀਪਲ ਅਫੇਅਰਜ਼ ਮੰਤਰੀ ਰਵੀ ਕਾਹਲੋਂ ਨੇ ਕੀਤਾ।

ਰਵੀ ਕਾਹਲੋਂ ਨੇ ਕਿਹਾ, "ਹਰ ਕਿਸੇ ਨੂੰ ਸੁਰੱਖਿਅਤ ਰਹਿਣ ਦੀ ਜਗ੍ਹਾ ਦਾ ਹੱਕ ਹੈ। ਵਧੇਰੇ ਸ਼ੈਲਟਰ ਸਪੇਸ ਬਣਾ ਕੇ ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਸਮੁੱਚਾ ਸਮਾਜ ਸਾਰਿਆਂ ਲਈ ਮਜ਼ਬੂਤ ਹੋਵੇ। ਇਹ ਨਵੀਆਂ ਸਪੇਸ ਲੋਕਾਂ ਨੂੰ ਸੁਰੱਖਿਅਤ ਅੰਦਰ ਲਿਆਉਣ ਅਤੇ ਉਨ੍ਹਾਂ ਨੂੰ ਸਿਹਤਮੰਦ ਜੀਵਨ ਲਈ ਜ਼ਰੂਰੀ ਸੇਵਾਵਾਂ ਮੁਹੱਈਆ ਕਰਾਉਣ ਦਾ ਸਾਡੀ ਇੱਕ ਹੋਰ ਕਾਮਯਾਬੀ ਹੈ। ਬੇਘਰ ਅਤੇ ਕੈਂਪਮੈਂਟਸ ਇੱਕ ਔਖੀ ਚੁਣੌਤੀਆਂ ਹਨ, ਪਰ ਅਸੀਂ ਐਬਟਸਫੋਰਡ ਵਿੱਚ ਨਵੀਆਂ ਯੂਨਿਟਸ ਨਾਲ ਅਸਲ ਪ੍ਰਗਤੀ ਕਰ ਰਹੇ ਹਾਂ।"

2509 ਪੌਲੀਨ ਸਟ੍ਰੀਟ 'ਤੇ ਸਥਿਤ ਸ਼ੈਲਟਰ, ਜੋ ਲੁਕਆਊਟ ਹਾਊਸਿੰਗ ਐਂਡ ਹੈਲਥ ਸੋਸਾਇਟੀ ਦੁਆਰਾ ਸੰਚਾਲਿਤ ਹੈ, ਨੇ ਅਪ੍ਰੈਲ ਦੇ ਸ਼ੁਰੂ ਵਿੱਚ 22 ਨਵੀਆਂ ਸਪੇਸ ਖੋਲ੍ਹੀਆਂ। ਇਹ ਸ਼ੈਲਟਰ ਉਨ੍ਹਾਂ ਲੋਕਾਂ ਲਈ ਸੁਰੱਖਿਅਤ ਰਹਿਣ ਦੀ ਜਗ੍ਹਾ ਪ੍ਰਦਾਨ ਕਰਦਾ ਹੈ, ਜੋ ਬਾਹਰ ਜਾਂ ਕੈਂਪਮੈਂਟਸ ਵਿੱਚ ਰਹਿ ਰਹੇ ਸਨ। ਪੌਲੀਨ ਸ਼ੈਲਟਰ ਨੂੰ ਲਾਈਟਹਾਊਸ ਸ਼ੈਲਟਰ ਤੋਂ ਵੱਖਰੇ ਤੌਰ 'ਤੇ ਸੰਚਾਲਿਤ ਕੀਤਾ ਜਾਵੇਗਾ, ਜਿਸ ਵਿੱਚ 20 ਸਪੇਸ ਹਨ ਅਤੇ ਇਹ ਪਹਿਲਾਂ ਇੱਕ ਹੋਟਲ ਵਿੱਚ ਸਥਾਪਤ ਕੀਤਾ ਗਿਆ ਸੀ।

ਜਲਦ ਹੀ ਦੋ ਹੋਰ ਸ਼ੈਲਟਰ ਖੁੱਲਣਗੇ, ਜੋ ਬੀ.ਸੀ. ਸਰਕਾਰ ਦੀ ਲੋੜਵੰਦ ਲੋਕਾਂ ਨੂੰ ਰਿਹਾਇਸ਼ ਅਤੇ ਸਹਾਇਤਾ ਸੇਵਾਵਾਂ ਪ੍ਰਦਾਨ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦੇ ਹਨ। 2539 ਮੋਂਟਵਿਊ ਐਵੇਨਿਊ 'ਤੇ 30 ਸ਼ੈਲਟਰ ਸਪੇਸ ਤਿਆਰ ਹਨ ਅਤੇ ਜੂਨ ਵਿੱਚ ਲੋਕ ਇੱਥੇ ਜਾਣਾ ਸ਼ੁਰੂ ਕਰ ਸਕਣਗੇ।

1661 ਮੈਕਕੈਲਮ ਰੋਡ 'ਤੇ ਮੌਜੂਦਾ ਸ਼ੈਲਟਰ ਦੀ 15 ਸਪੇਸ ਦੀ ਸਮਰੱਥਾ ਨੂੰ 30 ਸਪੇਸ ਤੱਕ ਵਧਾਉਣ ਲਈ 2025 ਦੀ ਗਰਮੀ ਵਿੱਚ ਨਵੀਨੀਕਰਨ ਸ਼ੁਰੂ ਹੋਵੇਗਾ, ਅਤੇ ਪਤਝੜ 2025 ਤੱਕ ਲੋਕਾਂ ਦਾ ਸਵਾਗਤ ਕੀਤਾ ਜਾਵੇਗਾ।

ਇਹ ਸ਼ੈਲਟਰ ਬੀ.ਸੀ. ਸਰਕਾਰ ਦੇ $19 ਬਿਲੀਅਨ ਦੇ ਨਿਵੇਸ਼ ਦਾ ਹਿੱਸਾ ਹਨ, ਜੋ ਲੋਕਾਂ ਲਈ ਘਰ ਅਤੇ ਸਸਤੇ ਮਕਾਨਾਂ ਦੀ ਉਸਾਰੀ ਨੂੰ ਉਤਸ਼ਾਹਿਤ ਕਰਨ ਲਈ ਕੀਤਾ ਜਾ ਰਿਹਾ ਹੈ।


SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES

Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2




NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
"Over 20 years experience as Denturist"
- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।

BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)



FAST COMPUTER REPAIR
New Web Designing & Hosting Services

Onsite Service Available
Computer Repair & Upgrade
Spyware & Virus Removal
Same Day Service

Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444



GURTAJ SAMRA
PERSONAL REAL ESTATE CORPORATION

ਕੀ ਤੁਸੀਂ ਨਵਾਂ ਘਰ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
ਨਵਾਂ ਘਰ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
RESIDENTIAL, COMMERCIAL SALES & LEASING
GURTAJ SAMRA
ASSOCIATE
778-869-0607
778-564-3300
gurtaj@mainlandcommercial.com | www.maillandcommercial.com
105 - 7928 128nd Street Surrey, BC V3W 4E8

SINCE : 2007
ਕੈਨੇਡੀਅਨ
ਪੰਜਾਬ ਟਾਈਮਜ਼
Canadian Punjab Times

Funded by the Government of Canada | Financé par le gouvernement du Canada | Canada

- Brar Bhagta Bhai Ka
  604-751-1113
- Karamjit Singh Buttar
  Journalist
- Simranjit Singh
  Journalist
- Dr. Puran Singh
  Writer
- Gora Sandhu Khurd
  News Reporter (Punjab)
- Paramjit Singh
  Graphic Designer

Contact for Advertisement
604-338-7310

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**

**(Punjabi Newspaper)**

Website :
**www.thepunjabtimes.ca**

E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

**ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।**

# ਕੈਨੇਡਾ ਨਵੇਂ ਆਉਣ ਵਾਲਿਆਂ ਲਈ ਇਥੋਂ ਦੀਆਂ ਸੰਸਥਾਵਾਂ ਦੀ ਅਹਿਮੀਅਤ

**ਲੇਖਕ : ਪ੍ਰਿੰਸੀਪਲ ਵਿਜੈ ਕੁਮਾਰ**
**ਈਮੇਲ: vijaykumarbehki@gmail.com**




ਕੈਨੇਡਾ ਦੀ ਸਥਿਤੀ ਬਾਰੇ ਸੋਸ਼ਲ ਮੀਡੀਆ ਅਤੇ ਪ੍ਰਿੰਟ ਮੀਡੀਆ ਵਿੱਚ ਭਾਵੇਂ ਕਈ ਤਰ੍ਹਾਂ ਦੀਆਂ ਖ਼ਬਰਾਂ ਨਸ਼ਰ ਹੁੰਦੀਆਂ ਰਹਿੰਦੀਆਂ ਹਨ, ਪਰ ਇਸ ਮੁਲਕ 'ਚ ਪਿਛਲੇ ਕਈ ਮਹੀਨੇ ਤੋਂ ਨਿਵਾਸ ਕਰਦਿਆਂ ਮੇਰਾ ਅਨੁਭਵ ਇਹ ਕਹਿੰਦਾ ਹੈ ਕਿ ਇਸ ਮੁਲਕ ਦੀਆਂ ਬਹੁਤ ਸਾਰੀਆਂ ਖੂਬੀਆਂ ਹਰ ਇੱਕ ਇਨਸਾਨ ਨੂੰ ਇਹ ਕਹਿਣ ਲਈ ਮਜਬੂਰ ਕਰ ਦਿੰਦੀਆਂ ਹਨ ਕਿ ਕੈਨੇਡਾ, ਕੈਨੇਡਾ ਹੀ ਹੈ। ਭਾਵੇਂ ਲੋਕ ਇਸ ਮੁਲਕ ਵਿੱਚ ਪੈਦਾ ਹੋ ਰਹੀਆਂ ਕਈ ਬੁਰਾਈਆਂ ਲਈ ਇਸ ਦੀ ਬਹੁਤ ਆਲੋਚਨਾ ਕਰਦੇ ਹਨ, ਪਰ ਫੇਰ ਵੀ ਇਸ ਮੁਲਕ ਦੀਆਂ ਬਹੁਤ ਸਾਰੀਆਂ ਚੰਗਿਆਈਆਂ ਵੀ ਹਨ ਜੋ ਇਸ ਨੂੰ ਦੂਜੇ ਮੁਲਕ ਤੋਂ ਵੱਖਰਾ ਕਰਦੀਆਂ ਹਨ ਤੇ ਲੋਕਾਂ ਨੂੰ ਇੱਥੇ ਆ ਕੇ ਵਸਣ ਲਈ ਮਜਬੂਰ ਕਰਦੀਆਂ ਹਨ।

ਉਨ੍ਹਾਂ ਚੰਗਿਆਈਆਂ 'ਚੋਂ ਇੱਕ ਚੰਗਿਆਈ ਦੀ ਚਰਚਾ ਕਰਦੇ ਹਾਂ। ਜੇਕਰ ਇਹ ਮੁਲਕ ਬਾਹਰਲੇ ਦੇਸ਼ਾਂ ਦੇ ਨਾਗਰਿਕਾਂ ਨੂੰ ਇੱਥੇ ਆ ਕੇ ਵਸਣ ਦਾ ਸੱਦਾ ਦਿੰਦਾ ਹੈ ਤਾਂ ਉਹ ਇੱਥੇ ਆਉਣ ਤੋਂ ਬਾਅਦ ਉਨ੍ਹਾਂ ਦੀ ਬਾਂਹ ਵੀ ਫੜਦਾ ਹੈ। ਜਦੋਂ ਤੱਕ ਉਹ ਚੰਗੀ ਤਰ੍ਹਾਂ ਵਸ ਨਹੀਂ ਜਾਂਦੇ ਉਦੋਂ ਤੱਕ ਉਨ੍ਹਾਂ ਦੀ ਸਹਾਇਤਾ ਕਰਦਾ ਹੈ। ਇਸ ਮੁਲਕ 'ਚ ਸਰਕਾਰਾਂ ਵੱਲੋਂ ਐਕਿਵ ਵਰਗੀਆਂ ਅਨੇਕਾਂ ਸਰਕਾਰੀ ਸੰਸਥਾਵਾਂ ਕਾਇਮ ਕੀਤੀਆਂ ਗਈਆਂ ਹਨ ਜੋ ਬਿਨਾਂ ਕੋਈ ਫੀਸ ਲਿਆਂ ਯਾਨੀ ਕਿ ਮੁਫ਼ਤ ਵਿੱਚ ਵੱਖ ਵੱਖ ਸੇਵਾਵਾਂ ਰਾਹੀਂ ਵਿਦੇਸ਼ਾਂ ਤੋਂ ਆ ਕੇ ਵਸੇ ਤੇ ਵਸਣ ਵਾਲੇ ਨਾਗਰਿਕਾਂ ਦੀ ਸਮੇਂ ਸਮੇਂ 'ਤੇ ਸਹਾਇਤਾ ਕਰਦੀਆਂ ਹਨ।

ਇਹ ਸਰਕਾਰੀ ਸੰਸਥਾਵਾਂ ਤਿੰਨ ਤਰ੍ਹਾਂ ਦੇ ਨਾਗਰਿਕਾਂ ਦੀ ਵੱਖ ਵੱਖ ਸੇਵਾਵਾਂ ਰਾਹੀਂ ਸਹਾਇਤਾ ਕਰਦੀਆਂ ਹਨ। ਪਹਿਲੀ ਕਿਸਮ ਦੇ ਨਾਗਰਿਕ ਉਹ ਹੁੰਦੇ ਹਨ ਜਿਨ੍ਹਾਂ ਨੂੰ ਕੈਨੇਡਾ ਵਿੱਚ ਆਇਆਂ ਇੱਕ ਸਾਲ ਦਾ ਸਮਾਂ ਹੋਇਆ ਹੁੰਦਾ ਹੈ। ਦੂਜੀ ਕਿਸਮ ਦੇ ਨਾਗਰਿਕ ਉਹ ਹੁੰਦੇ ਹਨ ਜਿਹੜੇ ਇਸ ਮੁਲਕ ਦੇ ਪੀ.ਆਰ. ਅਤੇ ਸਿਟੀਜ਼ਨ (ਪੱਕੇ ਨਾਗਰਿਕ) ਹੋ ਜਾਂਦੇ ਹਨ। ਤੀਜੀ ਕਿਸਮ ਦੇ ਨਾਗਰਿਕ ਉਹ ਹੁੰਦੇ ਹਨ ਜੋ ਇਸ ਮੁਲਕ ਵਿੱਚ ਰਫਿਊਜ਼ੀ ਦੇ ਰੂਪ ਵਿੱਚ ਆਏ ਹੁੰਦੇ ਹਨ ਜਾਂ ਫੇਰ ਜਿਨ੍ਹਾਂ ਨੇ ਇਸ ਮੁਲਕ ਵਿੱਚ ਰਾਜਨੀਤਕ ਸ਼ਰਣ ਲਈ ਹੁੰਦੀ ਹੈ।

ਐਕਿਵ ਵਰਗੀਆਂ ਇਨ੍ਹਾਂ ਸਰਕਾਰੀ ਸੰਸਥਾਵਾਂ ਨੇ ਇਨ੍ਹਾਂ ਤਿੰਨ ਪ੍ਰਕਾਰ ਦੇ ਨਾਗਰਿਕਾਂ ਦੀ ਸਹਾਇਤਾ ਲਈ ਵੱਖ ਵੱਖ ਥਾਵਾਂ 'ਤੇ ਕੇਂਦਰ ਖੋਲ੍ਹੇ ਹੋਏ ਹਨ। ਕਮਿਸ਼ਨਰ ਨਾਂ ਦੇ ਅਧਿਕਾਰੀ ਅਧੀਨ ਚੱਲਦੀਆਂ ਇਨ੍ਹਾਂ ਸਰਕਾਰੀ ਸੰਸਥਾਵਾਂ ਦੇ ਕਰਮਚਾਰੀ ਨਾਗਰਿਕਾਂ ਨੂੰ ਸਹਾਇਤਾ ਲੈਣ ਲਈ ਚੇਤਨ ਕਰਨ ਲਈ ਵੱਖ ਵੱਖ ਥਾਵਾਂ 'ਤੇ ਕੈਂਪ, ਸੈਮੀਨਾਰ ਲਗਾਉਂਦੇ ਹਨ ਅਤੇ ਮੀਟਿੰਗਾਂ ਕਰਦੇ ਹਨ। ਆਪਣੀ ਆਪਣੀ ਸੰਸਥਾ ਦੇ ਛਪੇ ਹੋਏ ਇਸ਼ਤਿਹਾਰ ਵੰਡਦੇ ਹਨ। ਨਾਗਰਿਕ ਘਰ ਬੈਠਿਆਂ ਵੀ ਦਿੱਤੇ ਹੋਏ ਈ.ਮੇਲ ਪਤੇ ਾਾ.ੳਚਹੲਵ.ਚੳਨੳਚ, ੍ਰਸ੍ਹੋਹਨÝੳਚਹੲਵ.ਚੳ ਉੱਤੇ ਆਨਲਾਈਨ ਅਤੇ ਮੋਬਾਈਲ ਨੰਬਰ 416-518-3472 'ਤੇ ਵੀ ਜਾਣਕਾਰੀ ਹਾਸਲ ਕਰ ਸਕਦੇ ਹਨ। ਇਨ੍ਹਾਂ ਸਰਕਾਰੀ ਸੰਸਥਾਵਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਜਾਣਕਾਰੀਆਂ ਅਤੇ ਸਹੂਲਤਾਂ ਦੇ ਵੇਰਵਿਆਂ ਵਿੱਚ ਕਾਫ਼ੀ ਕੁੱਝ ਸ਼ਾਮਲ ਹੈ।

ਜਿਵੇਂ ਕਿ ਦੂਜੇ ਦੇਸ਼ਾਂ ਤੋਂ ਆ ਕੇ ਵਸਣ ਵਾਲੇ ਨਵੇਂ ਲੋਕਾਂ ਨੂੰ ਸੂਚਨਾ ਕੇਂਦਰਾਂ ਰਾਹੀਂ ਸੂਚਨਾਵਾਂ ਮੁਹੱਈਆ ਕਰਵਾਉਣਾ। ਵਿਦੇਸ਼ਾਂ ਤੋਂ ਆ ਕੇ ਵਸਣ ਵਾਲੇ ਲੋਕਾਂ ਦੇ ਬੱਚਿਆਂ ਨੂੰ ਮਿਲਣ ਵਾਲੀ ਆਰਥਿਕ ਸਹਾਇਤਾ ਤੇ ਲੱਗਣ ਵਾਲੇ ਟੈਕਸ ਤੋਂ ਬਚਣ ਲਈ ਉਨ੍ਹਾਂ ਤੋਂ ਫਾਰਮ ਭਰਵਾਉਣੇ।

ਫਰਨੀਚਰ ਅਤੇ ਗੱਦਿਆਂ ਦੀ ਖ਼ਰੀਦਦਾਰੀ ਸਮੇਂ ਲੱਗਣ ਵਾਲੇ ਜੀ.ਐੱਸ.ਟੀ. ਤੇ ਐੱਚ.ਐੱਸ.ਟੀ. ਟੈਕਸ ਬਚਾਉਣ ਲਈ ਉਨ੍ਹਾਂ ਦੇ ਫਾਰਮ ਭਰਵਾਉਣੇ। ਨਾਗਰਿਕਾਂ ਦੀ ਇਮੀਗ੍ਰੇਸ਼ਨ, ਪੀ.ਆਰ. ਤੇ ਸਿਟੀਜਨਸਪਿ ਪ੍ਰਾਪਤ ਕਰਨ 'ਚ ਉਨ੍ਹਾਂ ਦੀ ਸਹਾਇਤਾ ਕਰਨੀ। ਕੇਵਲ ਪੀ.ਆਰ. ਨਾਗਰਿਕਾਂ ਲਈ ਪੁਰਾਣੀ ਪੈਨਸ਼ਨ ਅਤੇ ਕੈਨੇਡਾ ਪੈਨਸ਼ਨ ਨਵਿਆਉਣ ਸਬੰਧੀ ਜਾਣਕਾਰੀ ਮੁਹੱਈਆ ਕਰਵਾਉਣੀ। ਕਿਹੜੇ ਕਿਹੜੇ ਖੇਤਰ ਵਿੱਚ ਕਿਸ ਤਰ੍ਹਾਂ ਰੁਜ਼ਗਾਰ ਪ੍ਰਾਪਤ ਹੋ ਸਕਦਾ ਹੈ, ਦੀ ਉਨ੍ਹਾਂ ਨੂੰ ਜਾਣਕਾਰੀ ਦੇਣਾ ਅਤੇ ਰੁਜ਼ਗਾਰ ਪ੍ਰਾਪਤੀ ਵਿੱਚ ਉਨ੍ਹਾਂ ਦੀ ਸਹਾਇਤਾ ਕਰਨੀ। ਬਿਨਾਂ ਕੋਈ ਫੀਸ ਲਿਆਂ ਅੰਗਰੇਜ਼ੀ ਅਤੇ ਫਰੈਂਚ ਭਾਸ਼ਾਵਾਂ ਸਿਖਾਉਣੀਆਂ। ਵਿਦੇਸ਼ੀ ਨਾਗਰਿਕਾਂ ਪਰ ਕੈਨੇਡਾ ਵਿੱਚ ਵਸਦੇ ਨੌਕਰੀ ਪੇਸ਼ਾ ਨਾਗਰਿਕਾਂ ਦੇ ਲਾਈਫ ਸਰਟੀਫਿਕੇਟਾਂ, ਸੱਦਾ ਪੱਤਰਾਂ, ਯਾਤਰਾ ਸਹਿਮਤੀ ਫਾਰਮਾਂ ਅਤੇ ਹੋਰ ਸਰਟੀਫਿਕੇਟਾਂ ਦੀਆਂ ਅਸਲੀ ਕਾਪੀਆਂ ਤਸਦੀਕ ਕਰਨੀਆਂ।

ਵਿਦੇਸ਼ਾਂ ਤੋਂ ਆ ਕੇ ਕੈਨੇਡਾ ਵਿੱਚ ਆ ਕੇ ਵਸੇ ਨਵੇਂ ਨਾਗਰਿਕਾਂ ਦੇ ਵਸੇਵੇ, ਰੁਜ਼ਗਾਰ ਤੇ ਇਮੀਗ੍ਰੇਸ਼ਨ ਲਈ ਵਿਸ਼ੇਸ਼ ਕੈਂਪ ਲਗਾਉਣੇ। ਟੈਕਸ ਮੁਆਫ਼ ਸਿਹਤ ਕੇਂਦਰਾਂ ਦੀ ਸਹੂਲਤ ਮੁਹੱਈਆ ਕਰਵਾਉਣਾ। ਯੂਥ ਐਜੂਕੇਸ਼ਨਲ ਪ੍ਰੋਗਰਾਮ ਕਰਨੇ। ਸਿੱਖਿਆ ਪ੍ਰਾਪਤੀ ਅਤੇ ਕੋਰਸਾਂ 'ਚ ਦਾਖਲੇ ਲਈ ਉਨ੍ਹਾਂ ਨੂੰ ਪੂਰੀ ਜਾਣਕਾਰੀ ਪ੍ਰਦਾਨ ਕਰਨਾ। ਸਿਹਤ ਸਬੰਧੀ ਸਹੂਲਤਾਂ ਦੀ ਪ੍ਰਾਪਤੀ ਲਈ ਬੀਮੇ ਤੇ ਸਿਹਤ ਕੇਂਦਰਾਂ ਦੀ ਜਾਣਕਾਰੀ ਹਾਸਲ ਕਰਵਾਉਣਾ। ਨਾਗਰਿਕਤਾ ਅਤੇ ਇਮੀਗ੍ਰੇਸ਼ਨ ਦੀ ਪ੍ਰਾਪਤੀ ਦੇ ਸਾਧਨਾਂ, ਸ਼ਰਤਾਂ ਬਾਰੇ ਜਾਣਕਾਰੀ ਦੇਣਾ ਤੇ ਉਨ੍ਹਾਂ ਦੀ ਸਹਾਇਤਾ ਕਰਨਾ।

ਇਹ ਮੁਲਕ ਦੂਜੇ ਦੇਸ਼ਾਂ ਤੋਂ ਆ ਕੇ ਇੱਥੇ ਵਸਣ ਵਾਲੇ ਲੋਕਾਂ ਨੂੰ ਖ਼ੁਸ਼ਾਮਦੀਦ ਕਹਿੰਦਾ ਹੈ। ਉਨ੍ਹਾਂ ਦੇ ਵਸਣ 'ਚ ਸਹਾਇਤਾ ਕਰਨ ਲਈ ਸੌ ਤਰ੍ਹਾਂ ਦੇ ਉਪਰਾਲੇ ਕਰਦਾ ਹੈ। ਉਨ੍ਹਾਂ ਦੀ ਖੁਸ਼ਹਾਲ ਜ਼ਿੰਦਗੀ ਲਈ ਉਨ੍ਹਾਂ ਨੂੰ ਰੁਜ਼ਗਾਰ ਦਿੰਦਾ ਹੈ, ਪਰ ਦੂਜੇ ਦੇਸ਼ਾਂ ਤੋਂ ਆ ਕੇ ਇਸ ਦੇਸ਼ 'ਚ ਵਸੇ ਬਹੁਤ ਸਾਰੇ ਅਕ੍ਰਿਤਘਣ ਨਾਗਰਿਕ ਚੋਰੀਆਂ ਕਰਕੇ, ਨਸ਼ੇ ਵੇਚਣ ਦਾ ਧੰਦਾ ਕਰਕੇ, ਲੁੱਟਮਾਰ ਕਰਕੇ ਤੇ ਹੋਰ ਗੈਰ ਕਾਨੂੰਨੀ ਗਤੀਵਿਧੀਆਂ ਕਰ ਕੇ ਇਸ ਮੁਲਕ ਦੀ ਸ਼ਾਂਤੀ ਵਿਵਸਥਾ ਲਈ ਖ਼ਤਰਾ ਪੈਦਾ ਕਰਕੇ ਸਰਕਾਰਾਂ ਲਈ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਖੜ੍ਹੀਆਂ ਕਰ ਰਹੇ ਹਨ। ਉਨ੍ਹਾਂ ਦੀਆਂ ਇਨ੍ਹਾਂ ਗੈਰ ਕਾਨੂੰਨੀ ਕਾਰਵਾਈਆਂ ਨਾਲ ਉਨ੍ਹਾਂ ਦੇ ਆਪਣੇ ਮੁਲਕਾਂ ਦਾ ਨਾਂ ਬਦਨਾਮ ਹੁੰਦਾ ਹੈ। ਦੂਜੇ ਮੁਲਕ ਉਨ੍ਹਾਂ ਦੇਸ਼ਾਂ ਦੇ ਨਾਗਰਿਕਾਂ ਦੇ ਆਉਣ ਉੱਤੇ ਪਾਬੰਦੀ ਲਗਾ ਰਹੇ ਹਨ। ਕੈਨੇਡਾ ਦੀ ਬਿਗੜ ਰਹੀ ਸਥਿਤੀ ਬਾਰੇ ਸੁਣ ਕੇ ਇਸ ਮੁਲਕ ਵਿੱਚ ਆ ਕੇ ਵਸਣ ਦਾ ਵਿਚਾਰ ਰੱਖਣ ਵਾਲੇ ਲੋਕ ਇੱਥੇ ਆਉਣ ਤੋਂ ਗੁਰੇਜ਼ ਕਰ ਰਹੇ ਹਨ।

ਆਪਣੇ ਮੁਲਕਾਂ ਦੀਆਂ ਸਮੱਸਿਆਵਾਂ ਦੇ ਸਤਾਏ ਜਿਹੜੇ ਨਗਰਿਕ ਇਸ ਮੁਲਕ 'ਚ ਆ ਕੇ ਗੈਰ ਕਾਨੂੰਨੀ ਧੰਦੇ ਕਰ ਰਹੇ ਹਨ, ਉਨ੍ਹਾਂ ਨੂੰ ਆਪਣੀ ਗੈਰ ਮਨੁੱਖੀ ਸੋਚ ਉੱਤੇ ਵਿਚਾਰ ਕਰਨਾ ਚਾਹੀਦਾ ਹੈ। ਜੇਕਰ ਇਹ ਮੁਲਕ ਖੁਸ਼ਹਾਲ ਹੋਵੇਗਾ। ਇੱਥੇ ਸ਼ਾਂਤੀ ਅਤੇ ਚੰਗਾ ਮਾਹੌਲ ਹੋਵੇਗਾ ਤਾਂ ਇਹ ਮੁਲਕ ਤਰੱਕੀ ਕਰੇਗਾ। ਇੱਥੇ ਵਸਣ ਵਾਲੇ ਲੋਕਾਂ ਨੂੰ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਮਿਲਣਗੇ। ਵੱਧ ਤੋਂ ਵੱਧ ਸਹੂਲਤਾਂ ਪ੍ਰਾਪਤ ਕਰਨ ਦੇ ਮੌਕੇ ਮਿਲਣਗੇ। ਹੋਰ ਲੋਕਾਂ ਨੂੰ ਇਸ ਮੁਲਕ ਵਿੱਚ ਆ ਕੇ ਵਸਣ ਦੇ ਮੌਕੇ ਮਿਲਣਗੇ। ਜੇਕਰ ਉਨ੍ਹਾਂ ਨਾਗਰਿਕਾਂ ਨੇ ਆਪਣੇ ਆਪ ਨੂੰ ਨਾ ਸੁਧਾਰਿਆ ਤਾਂ ਉਨ੍ਹਾਂ ਦਾ ਭਵਿੱਖ ਖ਼ਤਰੇ ਵਿੱਚ ਹੋਵੇਗਾ। ਕੈਨੇਡਾ ਤੋਂ ਸਬਕ ਲੈ ਕੇ ਦੂਜੇ ਮੁਲਕਾਂ ਨੂੰ ਵੀ ਆਪਣੇ ਮੁਲਕ ਵਿੱਚ ਐਕਿਵ ਵਰਗੀਆਂ ਲੋਕ ਭਲਾਈ ਸੰਸਥਾਵਾਂ ਕਾਇਮ ਕਰਨੀਆਂ ਚਾਹੀਦੀਆਂ ਹਨ।

# ਪਰਵਾਸ ਕਿਉਂ?

**ਲੇਖਕ : ਸੁਖਪਾਲ ਸਿੰਘ ਬਰਨ**
**ਸੰਪਰਕ: 98726-59588**

ਭਾਵੇਂ ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਜਾ ਕੇ ਹਰ ਖੇਤਰ ਵਿੱਚ ਵੱਡੀਆਂ ਤਰੱਕੀਆਂ ਕੀਤੀਆਂ ਹਨ ਅਤੇ ਆਪਣੇ ਵੱਡੇ ਕਾਰੋਬਾਰ ਖੜ੍ਹੇ ਕੀਤੇ ਹਨ, ਪਰ ਪਰਵਾਸ ਉਨ੍ਹਾਂ ਲਈ ਸੁਖਾਵਾਂ ਨਹੀਂ ਕਿਹਾ ਜਾ ਸਕਦਾ। ਆਪਣਾ ਮੁਲਕ, ਘਰ, ਪਰਿਵਾਰ ਛੱਡਣਾ ਅਤੇ ਉੱਥੇ ਜਾ ਕੇ ਘੰਟਿਆਂ ਬੱਧੀ ਸਖ਼ਤ ਮਿਹਨਤ ਕਰਨੀ ਬਹੁਤ ਕਠਿਨ ਕਾਰਜ ਹੈ। ਭਾਵੇਂ ਉਹ ਉੱਥੇ ਜਾ ਕੇ ਵੱਸ ਗਏ ਹਨ, ਪਰ ਫਿਰ ਵੀ ਆਪਣੀ ਜਨਮ ਭੋਇ ਨਾਲ ਉਨ੍ਹਾਂ ਦਾ ਪਿਆਰ ਘੱਟ ਨਹੀਂ ਹੋਇਆ। ਅਸੀਂ ਅਕਸਰ ਦੇਖਦੇ ਹਾਂ ਕਿ ਵਿਦੇਸ਼ਾਂ ਵਿੱਚ ਰਹਿਣ ਵਾਲੇ ਲੋਕ ਇੱਧਰ ਪੰਜਾਬ ਆ ਕੇ ਸਿੱਖਿਆ ਦੇ ਖੇਤਰ ਵਿੱਚ, ਖੇਡਾਂ ਦੇ ਖੇਤਰ ਵਿੱਚ ਤੇ ਹੋਰ ਸਾਂਝੇ ਕੰਮਾਂ ਵਿੱਚ ਵੱਡੀ ਵਿੱਤੀ ਮਦਦ ਕਰਦੇ ਹਨ।

ਅੱਜ ਖ਼ਬਰਾਂ ਆ ਰਹੀਆਂ ਹਨ ਕਿ ਅਮਰੀਕਾ, ਕੈਨੇਡਾ ਤੇ ਹੋਰ ਯੂਰਪ ਦੇ ਦੇਸ਼ਾਂ ਵਿੱਚ ਆਰਥਿਕ ਮੰਦਵਾੜਾ ਚੱਲ ਰਿਹਾ ਹੈ। ਨੌਕਰੀਆਂ ਘੱਟ ਰਹੀਆਂ ਹਨ ਅਤੇ ਮਹਿੰਗਾਈ ਵਧ ਰਹੀ ਹੈ। ਅਜਿਹੇ ਹਾਲਾਤ ਵਿੱਚ ਉੱਥੇ ਪੜ੍ਹਨ ਗਏ ਵਿਦਿਆਰਥੀਆਂ ਲਈ ਕਾਲਜ, ਯੂਨੀਵਰਸਿਟੀਆਂ ਵਿੱਚ



ਜਮਾਤਾਂ ਲਗਾਉਣ ਦੇ ਨਾਲ ਨਾਲ ਕਈ ਘੰਟੇ ਸ਼ਫਿਟਾਂ ਵਿੱਚ ਕੰਮ ਕਰਕੇ ਆਪਣੇ ਖ਼ਰਚੇ ਪੂਰੇ ਕੀਤੇ ਜਾ ਰਹੇ ਹਨ। ਅਜਿਹਾ ਕਰਨ ਨਾਲ ਉਨ੍ਹਾਂ ਨੂੰ ਬਹੁਤ ਸਾਰੀਆਂ ਮਾਨਸਿਕ ਤੇ ਸਿਹਤ ਸਬੰਧੀ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ। ਇੱਕ ਪਾਸੇ ਉਨ੍ਹਾਂ ਨੂੰ ਆਪਣੇ ਪਰਿਵਾਰਾਂ ਤੋਂ ਦੂਰ ਹੋਣ ਦਾ ਦਰਦ ਹੈ ਅਤੇ ਦੂਸਰੇ ਪਾਸੇ ਸੰਘਰਸ਼ਮਈ ਜੀਵਨ। ਅੱਜ ਸਾਨੂੰ ਜ਼ਰੂਰਤ ਹੈ ਕਿ ਉਨ੍ਹਾਂ ਦੀ ਪੀੜ ਨੂੰ ਸਮਝਿਆ ਜਾਏ ਅਤੇ ਉਨ੍ਹਾਂ ਪ੍ਰਤੀ ਹਮਦਰਦੀ ਪੂਰਵਕ ਰਵੱਈਆ ਅਪਣਾਇਆ ਜਾਵੇ। ਇੱਕ ਗੱਲ ਸਾਨੂੰ ਹਮੇਸ਼ਾਂ ਯਾਦ ਰੱਖਣੀ ਚਾਹੀਦੀ ਹੈ ਕਿ ਬਾਹਰ ਜਾਣ ਵਾਲੇ ਬੱਚੇ ਕੰਮਚੋਰ ਨਹੀਂ ਹਨ, ਉਹ ਕੰਮ ਤੋਂ ਡਰਦੇ ਇੱਥੋਂ ਨਹੀਂ ਗਏ ਹਨ ਸਗੋਂ ਉੱਥੇ ਜਾ ਕੇ ਤਾਂ ਉਹ ਇੱਥੋਂ ਨਾਲੋਂ ਕਿਤੇ ਵੱਧ ਸੰਘਰਸ਼ ਕਰ ਰਹੇ ਹਨ। ਅਸੀਂ ਦੁਆ ਕਰੀਏ ਕਿ ਉਹ ਮਿਹਨਤ ਕਰਕੇ ਆਪਣੀ ਜ਼ਿੰਦਗੀ ਵਿੱਚ ਕਾਮਯਾਬ ਹੋਣ। ਅੱਜ ਨਾ ਸਿਰਫ਼ ਸਾਡੇ ਸਮਾਜ ਦਾ ਹੋਣਹਾਰ ਨੌਜਵਾਨ ਬਾਹਰ ਜਾ ਰਿਹਾ ਹੈ ਬਲਕਿ ਇਸ ਦੇ ਨਾਲ ਸਾਡੇ ਦੇਸ਼ ਦਾ ਸਰਮਾਇਆ ਵੀ ਬਾਹਰ ਜਾ ਰਿਹਾ ਹੈ।

ਸਾਡੀਆਂ ਸਰਕਾਰਾਂ ਵੀ ਇਸ ਵਰਤਾਰੇ ਦੇ ਸਾਡੇ ਸਮਾਜ 'ਤੇ ਪੈਣ ਜਾ ਰਹੇ ਭਿਆਨਕ ਅਸਰਾਂ ਨੂੰ ਸਮਝਦੇ ਹੋਏ ਇੱਥੇ ਸਾਜ਼ਗਾਰ ਮਾਹੌਲ ਪੈਦਾ ਕਰਨ, ਰੁਜ਼ਗਾਰ ਦੇ ਵੱਧ ਮੌਕੇ ਪੈਦਾ ਕਰਨ, ਸਵੈ ਰੁਜ਼ਗਾਰ ਨੂੰ ਵਧਾਇਆ ਜਾਵੇ ਤਾਂ ਕਿ ਸਾਡੇ ਨੌਜਵਾਨ ਸਾਡੇ ਆਪਣੇ ਦੇਸ਼ ਵਿੱਚ ਮਿਹਨਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ।

# ਅਮਰੀਕਾ ਵਿੱਚ ਇਜ਼ਰਾਇਲੀ ਦੂਤਾਵਾਸ ਦੇ ਦੋ ਅਧਿਕਾਰੀਆਂ ਦੀ ਹੱਤਿਆ

ਵਾਸ਼ਿੰਗਟਨ, (ਪਰਮਜੀਤ ਸਿੰਘ): ਡੀ.ਸੀ. ਵਿੱਚ ਬੁੱਧਵਾਰ ਰਾਤ ਨੂੰ ਇੱਕ ਦੁਖਦਾਈ ਘਟਨਾ ਵਿੱਚ, ਇਜ਼ਰਾਇਲੀ ਦੂਤਾਵਾਸ ਦੇ ਦੋ ਅਧਿਕਾਰੀਆਂ, ਇੱਕ ਪੁਰਸ਼ ਅਤੇ ਇੱਕ ਔਰਤ, ਦੀ ਕੈਪੀਟਲ ਜਿਊਇਸ਼ ਮਿਊਜ਼ੀਅਮ ਦੇ ਬਾਹਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਹ ਘਟਨਾ ਅਮਰੀਕੀ ਜਿਊਇਸ਼ ਕਮੇਟੀ (ਅਝਛ) ਵੱਲੋਂ ਆਯੋਜਿਤ ਇੱਕ ਸਮਾਗਮ ਦੌਰਾਨ ਵਾਪਰੀ, ਜਦੋਂ ਦੋਵੇਂ ਅਧਿਕਾਰੀ ਮਿਊਜ਼ੀਅਮ ਛੱਡ ਰਹੇ ਸਨ। ਇਜ਼ਰਾਇਲੀ ਰਾਜਦੂਤ ਯੇਚੀਏਲ ਲੀਟਰ ਨੇ ਦੱਸਿਆ ਕਿ ਮ੍ਰਿਤਕ ਇੱਕ ਨੌਜਵਾਨ ਜੋੜਾ ਸੀ, ਜੋ ਅਗਲੇ ਹਫਤੇ ਯੇਰੂਸ਼ਲਮ ਵਿੱਚ ਮੰਗਣੀ ਕਰਨ ਵਾਲਾ ਸੀ। ਨੌਜਵਾਨ ਨੇ ਹੁਣੇ ਹੀ ਇੱਕ ਅੰਗੂਠੀ ਖਰੀਦੀ ਸੀ।

ਮੈਟਰੋਪੋਲੀਟਨ ਪੁਲਿਸ ਮੁਖੀ ਪਾਮੇਲਾ ਸਮਿਥ ਨੇ ਦੱਸਿਆ ਕਿ ਸ਼ੱਕੀ, 30 ਸਾਲਾ ਏਲੀਆਸ ਰੋਡਰਿਗਜ਼, ਸ਼ਿਕਾਗੋ ਦਾ ਵਸਨੀਕ, ਨੂੰ ਘਟਨਾ ਸਥਾਨ 'ਤੇ ਹੀ ਹਿਰਾਸਤ ਵਿੱਚ ਲੈ ਲਿਆ ਗਿਆ। ਸ਼ੱਕੀ ਨੂੰ ਮਿਊਜ਼ੀਅਮ ਦੇ ਸੁਰੱਖਿਆ ਕਰਮਚਾਰੀਆਂ ਨੇ ਰੋਕਿਆ, ਜਦੋਂ ਉਹ ਗੋਲੀਬਾਰੀ ਤੋਂ ਬਾਅਦ ਅੰਦਰ ਜਾਣ ਦੀ ਕੋਸ਼ਿਸ਼ ਕਰ ਰਿਹਾ ਸੀ। ਹਿਰਾਸਤ ਵਿੱਚ ਲੈਣ ਸਮੇਂ, ਰੋਡਰਿਗਜ਼ ਨੇ "ਫਰੀ, ਫਰੀ ਪੈਲੇਸਟਾਈਨ" ਦੇ ਨਾਅਰੇ ਲਗਾਏ ਅਤੇ ਉਸ ਨੇ ਹਥਿਆਰ ਸੁੱਟਣ ਦੀ ਜਗ੍ਹਾ ਵੀ ਦੱਸੀ, ਜਿਸ ਨੂੰ ਪੁਲਿਸ ਨੇ ਬਰਾਮਦ ਕਰ ਲਿਆ।

ਅਮਰੀਕੀ ਹੋਮਲੈਂਡ ਸਕਿਓਰਿਟੀ ਸਕੱਤਰ ਕ੍ਰਿਸਟੀ ਨੋਐਮ ਨੇ ਸੋਸ਼ਲ ਮੀਡੀਆ 'ਤੇ ਪੋਸਟ ਕਰਕੇ ਇਸ ਘਟਨਾ ਦੀ ਪੁਸ਼ਟੀ ਕੀਤੀ ਅਤੇ ਕਿਹਾ, "ਅਸੀਂ ਇਸ ਘਟਨਾ ਦੀ ਜਾਂਚ ਕਰ ਰਹੇ ਹਾਂ ਅਤੇ ਅਪਰਾਧੀ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਵਾਂਗੇ।" ਇਜ਼ਰਾਇਲ ਦੇ ਰਾਸ਼ਟਰਪਤੀ ਇਸਹਾਕ ਹਰਜ਼ੋਗ ਨੇ ਇਸ ਨੂੰ "ਨਫਰਤ ਅਤੇ ਯਹੂਦੀ-ਵਿਰੋਧੀ ਅੱਤਵਾਦ" ਦਾ ਕਾਰਾ ਕਰਾਰ ਦਿੱਤਾ। ਇਜ਼ਰਾਇਲ ਦੇ ਸੰਯੁਕਤ ਰਾਸ਼ਟਰ ਰਾਜਦੂਤ ਡੈਨੀ ਡੈਨਨ ਨੇ ਵੀ ਇਸ ਨੂੰ "ਯਹੂਦੀ ਸਮੁਦਾਏ ਨੂੰ ਨੁਕਸਾਨ ਪਹੁੰਚਾਉਣ ਵਾਲਾ ਅੱਤਵਾਦੀ ਕਾਰਾ" ਕਿਹਾ ਅਤੇ ਅਮਰੀਕੀ ਅਧਿਕਾਰੀਆਂ 'ਤੇ ਪੂਰਾ ਭਰੋਸਾ ਜਤਾਇਆ।




ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਹਮਲੇ ਨੂੰ "ਯਹੂਦੀ-ਵਿਰੋਧੀ" ਕਰਾਰ ਦਿੰਦੇ ਹੋਏ ਸੋਸ਼ਲ ਮੀਡੀਆ 'ਤੇ ਲਿਖਿਆ, "ਇਹ ਭਿਆਨਕ ਹੱਤਿਆਵਾਂ ਰੋਕਣੀਆਂ ਚਾਹੀਦੀਆਂ ਹਨ। ਨਫਰਤ ਅਤੇ ਕੱਟੜਪੰਥ ਦਾ ਅਮਰੀਕਾ ਵਿੱਚ ਕੋਈ ਸਥਾਨ ਨਹੀਂ।" ਉਨ੍ਹਾਂ ਨੇ ਰਾਜਦੂਤ ਲੀਟਰ ਨਾਲ ਫੋਨ 'ਤੇ ਗੱਲਬਾਤ ਕਰਕੇ ਯਹੂਦੀ-ਵਿਰੋਧੀ ਅਤੇ ਇਜ਼ਰਾਇਲ ਵਿਰੁੱਧ ਨਫਰਤ ਨੂੰ ਖਤਮ ਕਰਨ ਦਾ ਵਾਅਦਾ ਕੀਤਾ।

ਐਫਬੀਆਈ ਦੇ ਡਿਪਟੀ ਡਾਇਰੈਕਟਰ ਡੈਨ ਬੋਨਗੀਨੋ ਨੇ ਕਿਹਾ ਕਿ ਸ਼ੁਰੂਆਤੀ ਜਾਂਚ ਵਿੱਚ ਇਹ ਇੱਕ "ਨਿਸ਼ਾਨਾਬਾਜ਼ ਹਮਲਾ" ਜਾਪਦਾ ਹੈ, ਅਤੇ ਇਸ ਨੂੰ ਅੱਤਵਾਦ ਜਾਂ ਨਫਰਤੀ ਅਪਰਾਧ ਨਾਲ ਜੋੜਿਆ ਜਾ ਰਿਹਾ ਹੈ। ਵਾਸ਼ਿੰਗਟਨ ਦੀ ਮੇਅਰ ਮਿਊਰੀਅਲ ਬਾਊਜ਼ਰ ਨੇ ਕਿਹਾ, "ਅਸੀਂ ਸ਼ਹਿਰ ਵਿੱਚ ਅਜਿਹੀ ਹਿੰਸਾ ਜਾਂ ਨਫਰਤ ਨੂੰ ਬਰਦਾਸ਼ਤ ਨਹੀਂ ਕਰਾਂਗੇ।"

ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਵਿਸ਼ਵ ਭਰ ਵਿੱਚ ਇਜ਼ਰਾਇਲੀ ਮਿਸ਼ਨਾਂ ਦੀ ਸੁਰੱਖਿਆ ਵਧਾਉਣ ਦੇ ਨਿਰਦੇਸ਼ ਦਿੱਤੇ। ਅਝਛ ਦੇ ਸੀਈਓ ਟੈਡ ਡਿਊਚ ਨੇ ਕਿਹਾ, "ਅਸੀਂ ਇਸ ਹਿੰਸਾ ਤੋਂ ਦੁਖੀ ਹਾਂ, ਅਤੇ ਸਾਡੀਆਂ ਸੰਵੇਦਨਾਵਾਂ ਪੀੜਤਾਂ ਦੇ ਪਰਿਵਾਰਾਂ ਨਾਲ ਹਨ।" ਇਹ ਘਟਨਾ ਵਾਸ਼ਿੰਗਟਨ ਦੇ ਵਿਅਸਤ ਇਲਾਕੇ ਵਿੱਚ ਵਾਪਰੀ, ਜਿੱਥੇ ਐਫਬੀਆਈ ਦਾ ਫੀਲਡ ਆਫਿਸ ਅਤੇ ਹੋਰ ਸਰਕਾਰੀ ਇਮਾਰਤਾਂ ਸਥਿਤ ਹਨ।

# ਸੈਨਡਿਆਗੋ ਵਿੱਚ ਕੋਹਰੇ ਕਾਰਨ ਛੋਟਾ ਜਹਾਜ਼ ਹਾਦਸਾਗ੍ਰਸਤ, 15 ਘਰਾਂ ਨੂੰ ਲੱਗੀ ਅੱਗ

ਵਾਸ਼ਿੰਗਟਨ, (ਪਰਮਜੀਤ ਸਿੰਘ): ਅਮਰੀਕਾ ਦੇ ਸੈਨ ਡਿਏਗੋ ਵਿੱਚ ਵੀਰਵਾਰ ਸਵੇਰੇ ਸੰਘਣੇ ਕੋਹਰੇ ਦੀ ਵਜ੍ਹਾ ਕਾਰਨ ਇੱਕ ਛੋਟਾ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਦੀ ਵਜ੍ਹਾ ਨਾਲ ਮਰਫੀ ਕੈਨਿਅਨ ਇਲਾਕੇ ਵਿੱਚ ਕਰੀਬ 15 ਘਰਾਂ ਅਤੇ ਕਈ ਗੱਡੀਆਂ ਨੂੰ ਅੱਗ ਲੱਗ ਗਈ। ਸੈਨ ਡਿਏਗੋ ਪੁਲਿਸ ਵਿਭਾਗ ਨੇ ਪੁਸ਼ਟੀ ਕੀਤੀ ਕਿ ਇਹ ਹਾਦਸਾ ਸਕਲਪਿਨ ਸਟ੍ਰੀਟ ਅਤੇ ਸੈਂਟੋ ਰੋਡ ਦੇ ਨੇੜੇ ਵਾਪਰਿਆ। ਹਾਦਸੇ ਵਾਲੀ ਜਗ੍ਹਾ ਨੂੰ ਤੁਰੰਤ ਖਾਲੀ ਕਰਵਾਇਆ ਗਿਆ ਅਤੇ ਆਸਪਾਸ ਦੇ ਇਲਾਕੇ ਵਿੱਚ ਸੁਰੱਖਿਆ ਪ੍ਰਬੰਧ ਵਧਾ ਦਿੱਤੇ ਗਏ।

ਸੈਨ ਡਿਏਗੋ ਫਾਇਰ-ਰੈਸਕਿਊ ਵਿਭਾਗ ਦੇ ਡਿਵੀਜ਼ਨ ਚੀਫ ਡੈਨ ਐਡੀ ਨੇ ਮੀਡੀਆ ਨੂੰ ਦੱਸਿਆ, "ਹਾਦਸੇ ਤੋਂ ਬਾਅਦ ਚਾਰੇ ਪਾਸੇ ਜਹਾਜ਼ ਦਾ ਜੈਟ ਫਿਊਲ ਫੈਲ ਗਿਆ ਹੈ, ਜਿਸ ਕਾਰਨ ਅੱਗ ਤੇਜ਼ੀ ਨਾਲ ਫੈਲੀ। ਕਈ ਘਰ ਅਤੇ ਗੱਡੀਆਂ ਅੱਗ ਦੀ ਲਪੇਟ ਵਿੱਚ ਹਨ। ਸਾਡਾ ਪਹਿਲਾ ਟੀਚਾ ਹਰ ਘਰ ਦੀ ਤਲਾਸ਼ੀ ਲੈਣਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਵਿਅਕਤੀ ਅੰਦਰ ਨਾ ਫਸਿਆ ਹੋਵੇ।" ਉਨ੍ਹਾਂ ਨੇ ਅੱਗੇ ਕਿਹਾ, "ਜੈਟ ਫਿਊਲ ਦੀ ਮੌਜੂਦਗੀ ਕਾਰਨ ਸਥਿਤੀ ਖਤਰਨਾਕ ਹੈ। ਅਸੀਂ ਹੈਜ਼ਮੈਟ ਟੀਮ ਅਤੇ ਵਾਧੂ ਸਰੋਤਾਂ ਦੀ ਮਦਦ ਲੈ ਰਹੇ ਹਾਂ, ਅਤੇ ਮਿਲਟਰੀ ਨਾਲ ਵੀ ਸੰਪਰਕ ਵਿੱਚ ਹਾਂ।"



ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ (FAA) ਅਨੁਸਾਰ, ਹਾਦਸਾਗ੍ਰਸਤ ਜਹਾਜ਼ ਇੱਕ ਸੈਸਨਾ 550 ਸੀ, ਜੋ ਮੌਂਟਗੋਮਰੀ-ਗਿਬਸ ਐਗਜ਼ੀਕਿਊਟਿਵ ਏਅਰਪੋਰਟ ਦੇ ਨੇੜੇ ਸਵੇਰੇ 3:45 ਵਜੇ (ਸਥਾਨਕ ਸਮੇਂ ਅਨੁਸਾਰ) ਕ੍ਰੈਸ਼ ਹੋਇਆ। FAA ਨੇ ਦੱਸਿਆ ਕਿ ਜਹਾਜ਼ ਵਿੱਚ ਕਿੰਨੇ ਲੋਕ ਸਵਾਰ ਸਨ, ਇਸ ਦੀ ਜਾਣਕਾਰੀ ਅਜੇ ਉਪਲਬਧ ਨਹੀਂ ਹੈ। ਸੈਸਨਾ 550 ਜਹਾਜ਼ ਆਮ ਤੌਰ 'ਤੇ 6 ਤੋਂ 8 ਲੋਕਾਂ ਨੂੰ ਲੈ ਜਾਣ ਦੀ ਸਮਰੱਥਾ ਰੱਖਦਾ ਹੈ। ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ (NTSB) ਨੂੰ ਜਾਂਚ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ, ਅਤੇ ਉਹ ਜਲਦ ਹੀ ਹੋਰ ਅਪਡੇਟਸ ਜਾਰੀ ਕਰੇਗਾ।

ਹਾਦਸੇ ਦੀ ਸਹੀ ਵਜ੍ਹਾ ਅਜੇ ਸਪਸ਼ਟ ਨਹੀਂ ਹੋ ਸਕੀ, ਪਰ NBC 7 ਦੀ ਮੌਸਮ ਵਿਗਿਆਨੀ ਸ਼ੀਨਾ ਪਾਰਵੀਨ ਨੇ ਦੱਸਿਆ ਕਿ ਜਿਸ ਸਮੇਂ ਹਾਦਸਾ ਵਾਪਰਿਆ, ਉਸ ਸਮੇਂ ਇਲਾਕੇ ਵਿੱਚ ਸੰਘਣਾ ਕੋਹਰਾ ਛਾਇਆ ਹੋਇਆ ਸੀ। ਮੌਂਟਗੋਮਰੀ-ਗਿਬਸ ਐਗਜ਼ੀਕਿਊਟਿਵ ਏਅਰਪੋਰਟ, ਜੋ ਸੈਨ ਡਿਏਗੋ ਸ਼ਹਿਰ ਦੇ ਕੇਂਦਰ ਤੋਂ 6 ਮੀਲ ਉੱਤਰ ਵਿੱਚ ਸਥਿਤ ਹੈ, ਛੋਟੇ ਜਹਾਜ਼ਾਂ, ਵਪਾਰਕ ਟਰਬੋਪ੍ਰੌਪਸ, ਅਤੇ ਜੈਟਾਂ ਲਈ ਇੱਕ ਵਿਅਸਤ ਹਵਾਈ ਅੱਡਾ ਹੈ। ਇਹ ਏਅਰਪੋਰਟ ਸੈਨ ਡਿਏਗੋ ਇੰਟਰਨੈਸ਼ਨਲ ਏਅਰਪੋਰਟ ਲਈ ਰੀਲੀਵਰ ਏਅਰਪੋਰਟ ਵਜੋਂ ਵੀ ਕੰਮ ਕਰਦਾ ਹੈ।


# ਬਿਲਨ ਫਾਰਮਜ਼ ਲਿਮਟਡ

## ਸਾਨੂੰ ਬੇਰੀ ਤੋੜਨ ਵਾਲੇ ਵਰਕਰਾਂ ਦੀ ਲੋੜ ਹੈ।



- ਸਟੂਡੈਂਟ ਅਤੇ 15 ਸਾਲ ਤੋਂ ਵੱਧ ਉਮਰ ਵਾਲੇ ਬੱਚੇ ਵੀ ਕੰਮ ਕਰ ਸਕਦੇ ਹਨ।
- ਬੇਰੀ ਤੋੜਨ ਲਈ ਆਪਣੀ ਰਾਈਡ (ਕਾਰ) ਤੇ ਆਉਣ ਵਾਲਿਆਂ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਤਨਖਾਹ ਵੀ ਵੱਧ ਦਿੱਤੀ ਜਾਵੇਗੀ।
- ਬੀ.ਸੀ. ਤੋਂ ਬਾਹਰੋਂ ਆਉਣ ਵਾਲੇ ਵਰਕਰਾਂ ਲਈ ਫਾਰਮ ਵਿੱਚ ਰਹਿਣ ਦਾ ਵਧੀਆ ਪ੍ਰਬੰਧ ਵੀ ਹੈ ਅਤੇ ਫਾਰਮ ਸਾਫ਼ ਸੁਥਰੇ ਹਨ।
- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਸ਼ਾਮ 7:30 ਤੋਂ ਪਹਿਲਾਂ ਘਰ ਪਹੁੰਚਾਇਆ ਜਾਵੇਗਾ।
- ਬੇਰੀ ਟੁੱਟਣ ਤੋਂ ਬਾਅਦ ਬੇਰੀ ਕੱਟਣ ਦਾ ਕੰਮ ਵੀ ਚਲੇਗਾ।
- ਸਿਹਤ ਸਬੰਧੀ ਸਰਕਾਰੀ ਨਿਯਮਾਂ ਦੀ ਪਾਲਣਾ ਕਰੋ।

**ਪਰੂਨਿੰਗ ਲਈ ਘੰਟਿਆਂ ਤੇ ਕੰਮ ਕਰਨ ਵਾਲੇ ਵੀ ਸੰਪਰਕ ਕਰਨ**

ਭੁਪਿੰਦਰ ਕੌਰ ਸਰਾਂ
ਸੂਪਰਵਾਈਜ਼ਰ
604-230-9506

ਗੁਰਜੀਤ ਬੋਇਆਲ
ਸੂਪਰਵਾਈਜ਼ਰ
604-812-1115

ਭਜਨ ਸਿੰਘ
604-726-3405

ਜਸਵਿੰਦਰ ਬੱਲ
604-230-9506

ਜਰਨੈਲ ਬਿਲਨ
604-250-2703

ਜਗਤਾਰ ਸਿੰਘ ਨਾਗਰਾ
604-724-3813

ਬਲਵੀਰ ਸਿੰਘ ਭੁੱਲਰ
778-871-0066

# ਪੰਜਾਬ ਜ਼ਹਿਰੀਲੀ ਸ਼ਰਾਬ ਦਾ ਧੰਦਾ, ਲੋਕਾਂ ਦੀ ਮੌਤ ਪਰ ਸਰਕਾਰੀ ਠੋਸ ਕਾਰਵਾਈ ਕਿਉਂ ਨਹੀਂ..?

**ਲੇਖਕ : ਬ੍ਰਿਜ ਭਾਨ ਬੁਜਰਕ**

ਪੰਜਾਬ ਅੰਦਰ ਮਿਲਾਵਟੀ ਨਸ਼ਿਆਂ ਦਾ ਵਧ ਰਿਹਾ ਪ੍ਰਭਾਵ ਲੋਕਾਂ 'ਤੇ ਕਹਿਰ ਬਣ ਕੇ ਟੁੱਟ ਰਿਹਾ ਹੈ। ਮਾਮਲਾ ਚਾਹੇ ਜ਼ਿਆਦਾ ਮਾਤਰਾ 'ਚ ਨਸ਼ਾ ਲੈਣ ਨਾਲ ਹੋਈਆਂ ਮੌਤਾਂ ਦਾ ਹੋਵੇ ਜਾਂ ਫਿਰ ਜ਼ਹਿਰੀਲੀ ਸ਼ਰਾਬ ਕਾਰਨ ਹੋਈਆਂ ਮੌਤਾਂ ਦਾ, ਦੋਹਾਂ ਮਾਮਲਿਆਂ 'ਚ ਇਕ ਹੀ ਕਾਰਨ ਸਾਹਮਣੇ ਆਉਂਦਾ ਹੈ ਕਿ ਨਸ਼ੇ ਨੂੰ ਵੱਡੀ ਮਾਤਰਾ 'ਚ ਤਿਆਰ ਕਰਨ ਲਈ ਜ਼ਹਿਰੀਲੇ ਰਸਾਇਣਾਂ ਦੀ ਵਰਤੋਂ ਕੀਤੀ ਜਾ ਰਹੀ ਹੈ।

ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਮਜੀਠਾ 'ਚ ਵਾਪਰੇ ਜ਼ਹਿਰੀਲੇ ਸ਼ਰਾਬ ਕਾਂਡ 'ਚ 27 ਵਿਅਕਤੀ ਮਾਰੇ ਗਏ ਹਨ ਤੇ ਮੌਤਾਂ ਦੀ ਗਿਣਤੀ 'ਚ ਹੋਰ ਵੀ ਵਾਧਾ ਹੋ ਸਕਦਾ ਹੈ। ਮਰਨ ਵਾਲਿਆਂ 'ਚ ਮਜੀਠਾ ਦੇ 7-8 ਪਿੰਡਾਂ ਭੰਗਾਲੀ ਕਲਾ, ਮਰੜ੍ਹੀ ਕਲਾਂ, ਭੰਗਵਾ, ਕਰਨਾਲਾ, ਪਤਾਲਪੁਰੀ, ਗਾਲੋਵਾਲੀ, ਤਲਵੰਡੀ ਖੁੰਮਣ ਤੇ ਥਰੀਏਵਾਲ ਆਦਿ ਨਾਲ ਸੰਬੰਧਿਤ ਦਿਹਾੜੀਦਾਰ ਕਾਮੇ ਸਨ, ਜੋ ਇੱਟਾਂ ਦੇ ਭੱਠਿਆਂ 'ਤੇ ਕੰਮ ਕਰਦੇ ਸਨ।

ਪਹਿਲਾਂ ਜ਼ਹਿਰੀਲੀ ਸ਼ਰਾਬ ਕਾਰਨ ਵਾਪਰਨ ਵਾਲੀਆਂ ਅਜਿਹੀਆਂ ਘਟਨਾਵਾਂ ਬਿਹਾਰ/ ਯੂ.ਪੀ. ਜਾਂ ਦੇਸ਼ ਦੇ ਪਿਛੜੇ ਇਲਾਕਿਆਂ 'ਚ ਸੁਣਨ ਨੂੰ ਮਿਲਦੀਆਂ ਸਨ, ਪਰ ਹੁਣ ਤਾਂ ਪੰਜਾਬ 'ਚ ਵੀ ਸਾਲ ਕੁ ਬਾਅਦ ਅਜਿਹੀ ਕੋਈ ਨਾ ਕੋਈ ਘਟਨਾ ਜ਼ਰੂਰ ਵਾਪਰ ਜਾਂਦੀ ਹੈ। ਮਜੀਠੇ ਵਾਲੀ ਜ਼ਹਿਰੀਲੀ ਸ਼ਰਾਬ ਵਾਲੀ ਘਟਨਾ ਨੇ ਪੰਜਾਬ ਸਰਕਾਰ ਵਲੋਂ ਛੇੜੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ 'ਤੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ।

ਹੁਣ ਵਾਪਰੇ ਇਸ ਸ਼ਰਾਬ ਕਾਂਡ ਤੋਂ ਪਹਿਲਾਂ ਸਾਲ 2024 'ਚ ਵੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਆਪਣੇ ਜ਼ਿਲ੍ਹੇ ਸੰਗਰੂਰ ਅਤੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਤੇ ਅਮਨ ਅਰੋੜਾ ਦੇ ਹਲਕਿਆਂ 'ਚ 16 ਤੋਂ ਵੱਧ ਮੌਤਾਂ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਹੋਈਆਂ ਸਨ। ਜ਼ਹਿਰੀਲੀ ਸ਼ਰਾਬ ਪੀ ਕੇ ਆਪਣੀ ਜਾਨ ਗੁਆਉਣ ਵਾਲੇ ਤਕਰੀਬਨ ਸਾਰੇ ਹੀ ਵਿਅਕਤੀ ਗਰੀਬ ਪਰਿਵਾਰਾਂ ਨਾਲ ਸੰਬੰਧ ਰੱਖਦੇ ਸਨ, ਜਿਹੜੇ ਆਪਣੀਆਂ ਘਰੇਲੂ ਤੇ ਆਰਥਿਕ ਮਜਬੂਰੀਆਂ ਕਾਰਨ ਸਰਕਾਰੀ ਠੇਕਿਆਂ 'ਤੇ ਵਿਕਣ ਵਾਲੀ ਮਹਿੰਗੀ ਸ਼ਰਾਬ ਖਰੀਦਣ ਤੋਂ ਅਸਮਰੱਥ ਸਨ। ਇਸੇ ਹੀ ਗੱਲ ਦਾ ਫ਼ਾਇਦਾ ਉਠਾ ਕੇ ਨਾਜਾਇਜ਼ ਸ਼ਰਾਬ ਬਣਾ ਕੇ ਵੇਚਣ ਵਾਲੇ ਇਨ੍ਹਾਂ ਗਰੀਬ ਬਸਤੀਆਂ 'ਚ ਆਪਣੇ ਘਰੀਂ ਰਸਾਇਣ ਪਾ ਕੇ ਤਿਆਰ ਕੀਤੀ ਗਈ ਸ਼ਰਾਬ ਲੰਮੇ ਸਮੇਂ ਤੋਂ ਸਸਤੇ ਭਾਅ ਵੇਚਣ ਆ ਰਹੇ ਸਨ। ਸ਼ਰਾਬ ਦੇ ਇਨ੍ਹਾਂ ਤਸਕਰਾਂ ਕੋਲ ਸ਼ਰਾਬ ਤਿਆਰ ਕਰਨ ਦਾ ਕੋਈ ਪੈਮਾਨਾ ਵੀ ਨਹੀਂ ਸੀ, ਜਿਸ ਕਰਕੇ ਕਿਸੇ ਰਸਾਇਣ ਦੀ ਵੱਧ ਮਾਤਰਾ



ਪਾਉਣ ਕਰਕੇ ਅਜਿਹੀ ਦੁਖਦਾਈ ਘਟਨਾ ਵਾਪਰ ਗਈ ਤੇ ਪੁਲਿਸ ਵਲੋਂ ਕੁਝ ਘੰਟਿਆਂ ਅੰਦਰ ਹੀ ਸ਼ਰਾਬ ਤਿਆਰ ਕਰਨ ਵਾਲਾ ਸਾਰਾ ਸਾਮਾਨ ਵੀ ਬਰਾਮਦ ਕਰ ਲਿਆ ਗਿਆ ਸੀ। ਉਕਤ ਘਟਨਾ 'ਚ ਮਰਨ ਵਾਲੇ ਵਿਅਕਤੀਆਂ 'ਚ 8 ਜਣੇ ਹਲਕਾ ਦਿੜ੍ਹਬਾ ਦੇ ਪਿੰਡ ਗੁੱਜਰਾਂ ਨਾਲ ਸੰਬੰਧ ਰੱਖਦੇ ਸਨ ਅਤੇ 2 ਵਿਅਕਤੀ ਇਸੇ ਹਲਕੇ ਦੇ ਪਿੰਡ ਢੰਡੋਲੀ ਖੁਰਦ ਨਾਲ ਸੰਬੰਧਿਤ ਸਨ। 4 ਵਿਅਕਤੀ ਹਲਕਾ ਸੁਨਾਮ 'ਚ ਪੈਂਦੀ ਰਵਿਦਾਸਪੁਰਾ ਟਿੱਬੀ ਅਤੇ ਇਕ ਇਸੇ ਹਲਕੇ ਦੇ ਪਿੰਡ ਜਖੇਪਲ ਦਾ ਰਹਿਣ ਵਾਲਾ ਸੀ। 16ਵਾਂ ਵਿਅਕਤੀ ਹਲਕਾ ਸਮਾਣਾ ਦਾ ਬਾਸ਼ਿੰਦਾ ਸੀ, ਜਿਹੜਾ ਰਵਿਦਾਸਪੁਰਾ ਟਿੱਬੀ ਵਿਖੇ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਆਇਆ ਹੋਇਆ ਸੀ, ਜਿਨ੍ਹਾਂ ਦੀ ਅੱਖਾਂ ਦੀ ਰੌਸ਼ਨੀ ਵੀ ਚਲੀ ਗਈ ਸੀ। ਹੋਰ ਪੀੜਤ ਲੋਕ ਸਰੀਰਕ ਦਿੱਕਤਾਂ ਦਾ ਸਾਹਮਣਾ ਕਰ ਰਹੇ ਹਨ। ਫਿਰ ਵੀ ਇਹ ਮਾਮਲਾ ਕੁਝ ਦਿਨਾਂ ਬਾਅਦ ਠੰਢਾ ਹੋ ਗਿਆ ਅਤੇ ਗਰੀਬ ਲੋਕ ਆਪੋ-ਆਪਣੇ ਘਰਾਂ 'ਚ ਬੈਠ ਗਏ। 2020 ਤੋਂ 2025 ਤੱਕ ਜ਼ਹਿਰੀਲੀ ਨਕਲੀ ਸ਼ਰਾਬ ਪੀਣ ਨਾਲ 180 ਤੋਂ ਵਧੇਰੇ ਮੌਤਾਂ ਹੋ ਚੁੱਕੀਆਂ ਹਨ। ਇਨ੍ਹਾਂ ਮਰਨ ਵਾਲਿਆਂ ਵਿਚ ਸਾਰੇ ਗ਼ਰੀਬ ਦਿਹਾੜੀਦਾਰ ਹਨ, ਜਿਹੜੇ ਸਾਰੀ ਦਿਹਾੜੀ ਹੱਡ-ਭੰਨਵੀਂ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਿਵਾਰਾਂ ਨੂੰ ਪਾਲਦੇ ਸਨ।

ਹੁਣ ਇਸੇ ਤਰ੍ਹਾਂ ਹੀ ਮਜੀਠਾ ਵਾਲੇ ਮਾਮਲੇ ਚ ਹੋਵੇਗਾ, ਕਿਉਂਕਿ ਪੰਜਾਬ 'ਚ ਜ਼ਹਿਰੀਲੀ ਸ਼ਰਾਬ ਪੀ ਕੇ ਹੋਣ ਵਾਲੀਆਂ ਮੌਤਾਂ ਨਾਲ ਸੰਬੰਧਿਤ ਮਜੀਠੇ ਵਾਲੀ ਕੋਈ ਪਹਿਲੀ ਜਾਂ ਆਖ਼ਰੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਸਾਲ 2020 'ਚ ਤਰਨ ਤਾਰਨ, ਗੁਰਦਾਸਪੁਰ ਤੇ ਅੰਮ੍ਰਿਤਸਰ ਜ਼ਿਲਿਆਂ 'ਚ ਜ਼ਹਿਰੀਲੀ ਸ਼ਰਾਬ ਪੀਣ ਕਰਕੇ 131 ਮੌਤਾਂ ਹੋਈਆਂ ਸਨ ਅਤੇ 15 ਲੋਕ ਆਪਣੀਆਂ ਅੱਖਾਂ ਦੀ ਰੌਸ਼ਨੀ ਗਵਾ ਚੁੱਕੇ ਸਨ । ਇਸ ਮਾਮਲੇ 'ਚ 2 ਡੀ.ਐੱਸ.ਪੀ., 4 ਐੱਸ.ਐੱਚ.ਓ., 7 ਆਬਕਾਰੀ ਤੇ ਕਰ ਵਿਭਾਗ ਦੇ ਕਰਮਚਾਰੀਆਂ ਨੂੰ ਮੁਅੱਤਲ ਕੀਤਾ ਗਿਆ ਸੀ, ਪਰ ਸਾਰੇ ਬਹਾਲ ਹੋ ਕੇ ਆਪੋ-ਆਪਣੀਆਂ ਨੌਕਰੀਆਂ 'ਤੇ ਆ ਗਏ ਸਨ। ਉਸ ਵੇਲੇ 9 ਮਾਮਲੇ ਦਰਜ ਹੋਏ ਅਤੇ 179 ਲੋਕਾਂ ਨੂੰ ਦੋਸ਼ੀ ਮੰਨਿਆ ਗਿਆ। ਨਕਲੀ ਸ਼ਰਾਬ ਵੇਚਣ ਵਾਲੇ ਕਈ ਦਰਜਨ ਵਿਅਕਤੀ ਪੁਲਿਸ ਦੇ ਹੱਥ ਹੀ ਨਹੀਂ ਲੱਗੇ। ਨਾਜਾਇਜ਼ ਸ਼ਰਾਬ ਵੇਚਣ ਵਾਲੇ ਵਧੇਰੇ ਗਿਣਤੀ ਵਿਚ ਲੋਕ ਜ਼ਮਾਨਤ ਲੈ ਕੇ ਬਾਹਰ ਘੁੰਮ ਰਹੇ ਹਨ। ਇਹ ਘਟਨਾ ਕਾਂਗਰਸ ਸਰਕਾਰ ਸਮੇਂ ਦੀ ਹੈ। ਤੱਤਕਾਲੀ ਸਰਕਾਰ ਨੇ ਪੀੜਤ ਪਰਿਵਾਰਾਂ ਨੂੰ 5-5 ਲੱਖ ਰੁਪਏ ਦਾ ਮੁਆਵਜ਼ਾ ਵੀ ਦਿੱਤਾ ਸੀ। ਪਰ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਵੇਲੇ ਹੋਇਆ ਸ਼ਰਾਬ ਕਾਂਡ ਵੱਖਰੀ ਤਰ੍ਹਾਂ ਦੀ ਜਾਂਚ ਦੀ ਮੰਗ ਕਰ ਰਿਹਾ ਹੈ; ਕਿਉਂਕਿ 3 ਮਹੀਨੇ ਅੰਦਰ ਪੰਜਾਬ ਦੀ ਧਰਤੀ ਤੋਂ ਨਸ਼ਿਆਂ ਦਾ ਖ਼ਾਤਮਾ ਕਰਨ ਦਾ ਵਾਅਦਾ ਕਰਕੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਨਸ਼ਿਆਂ ਦੇ ਕਹਿਰ ਨੂੰ ਰੋਕਣ 'ਚ ਅਸਮਰੱਥ ਤਾਂ ਰਹੀ ਹੀ ਹੈ, ਸਗੋਂ ਨਸ਼ਾ ਤਸਕਰਾਂ ਦੇ ਹੌਸਲੇ ਇਸ ਕਦਰ ਬੁਲੰਦ ਹੋਏ ਹਨ ਕਿ 'ਯੁੱਧ ਨਸ਼ਿਆਂ ਵਿਰੁੱਧ' ਚਲਦਾ ਹੋਣ ਦੇ ਬਾਵਜੂਦ ਵੀ ਉਹ ਆਪਣੇ ਘਰਾਂ 'ਚ ਸ਼ਰਾਬ ਤਿਆਰ ਕਰਨ ਦੇ ਉਦਯੋਗ ਚਲਾ ਕੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡ ਰਹੇ ਹਨ। ਸਰਕਾਰ ਅਤੇ ਪ੍ਰਸ਼ਾਸਨ ਨਾਲ ਜੁੜਿਆ ਹਰ ਵਿਅਕਤੀ ਸ਼ਰਾਬ ਦੇ ਇਸ ਕਾਰੋਬਾਰ ਤੋਂ ਜਾਣੂ ਹੋਵੇਗਾ। ਦੂਸਰੇ ਪਾਸੇ ਆਮ ਆਦਮੀ ਪਾਰਟੀ ਜਿਹੜੀ ਕਿ ਪੰਜਾਬ ਚ ਸੱਤਾਧਾਰੀ ਪਾਰਟੀ ਹੈ ਅਤੇ ਉਨ੍ਹਾਂ ਦੇ ਰਾਜ ਦੌਰਾਨ ਜ਼ਹਿਰੀਲੀ ਸ਼ਰਾਬ ਨਾਲ ਸੰਬੰਧਿਤ ਇਹ ਦੂਸਰੀ ਘਟਨਾ ਹੈ, ਜਦਕਿ ਸਿੰਥੈਟਿਕ ਨਸ਼ਿਆਂ ਨਾਲ ਵਾਪਰਨ ਵਾਲੀਆਂ ਘਟਨਾਵਾਂ ਅਣਗਣਿਤ ਹਨ। ਅਕਸਰ ਇਹ ਸਭ ਕੁਝ ਸਿਆਸੀ ਸ਼ਹਿ 'ਤੇ ਹੀ ਚੱਲਦਾ ਹੈ। ਸ਼ਰਾਬ ਤਸਕਰਾਂ ਦੀ ਰਾਜਨੀਤਕ ਪਹੁੰਚ ਹੋਣ ਕਰਕੇ ਕੋਈ ਉਨ੍ਹਾਂ ਨੂੰ ਹੱਥ ਪਾਉਣ ਨੂੰ ਤਿਆਰ ਨਹੀਂ ਹੁੰਦਾ, ਜਿਸ ਕਰਕੇ ਉਨ੍ਹਾਂ ਦਾ ਬਿਨਾਂ ਕਿਸੇ ਰੋਕ-ਟੋਕ ਤੋਂ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਚੱਲਦਾ ਰਹਿੰਦਾ ਹੈ। ਲੋਕਾਂ ਨੂੰ ਜਿਸ ਦਾ ਡਰ ਸੀ, ਅਖੀਰ 'ਚ ਉਹੀ ਘਟਨਾ ਵਾਪਰਨ ਤੋਂ ਬਾਅਦ ਪ੍ਰਸ਼ਾਸਨ ਹਰਕਤ 'ਚ ਆਇਆ। ਜ਼ਹਿਰੀਲੇ ਸ਼ਰਾਬ ਕਾਂਡ ਮਾਮਲੇ ਚ ਮੁਜ਼ਰਮਾਂ ਨੂੰ ਫੜ ਕੇ ਜੇਲ੍ਹ ਭੇਜਣ ਜਾਂ ਕੇਸ ਦਰਜ ਕਰਨ ਨਾਲ ਮਸਲੇ ਦਾ ਕੋਈ ਹੱਲ ਨਹੀਂ ਹੋਣਾ, ਸਗੋਂ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ ਕਿ ਕਿਹੜੇ ਸਿਆਸੀ ਵਿਅਕਤੀਆਂ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਜ਼ਹਿਰੀਲੀ ਸ਼ਰਾਬ ਦਾ ਇਹ ਕਾਰੋਬਾਰ ਚਲਾਇਆ ਜਾ ਰਿਹਾ ਸੀ। ਅਜਿਹੇ ਅਨਸਰਾਂ ਦੇ ਖ਼ਿਲਾਫ਼ ਨਿਰੰਤਰ ਮੁਹਿੰਮ ਚਲਾਈ ਜਾਣੀ ਚਾਹੀਦੀ ਹੈ ਅਤੇ ਦੋਸ਼ੀਆਂ ਨੂੰ ਅਦਾਲਤੀ ਅਮਲ ਰਾਹੀਂ ਤੇਜ਼ੀ ਨਾਲ ਸਜ਼ਾਵਾਂ ਵੀ ਮਿਲਣੀਆਂ ਚਾਹੀਦੀਆਂ ਹਨ।

# ਅਮਰੀਕਾ ਦੀ ਨਿਊ ਓਰਲੀਨਜ਼ ਜੇਲ੍ਹ 'ਚੋਂ 10 ਕੈਦੀ ਟਾਇਲਟ ਦੀ ਕੰਧ ਤੋੜ ਕੇ ਫਰਾਰ, 7 ਅਜੇ ਵੀ ਲਾਪਤਾ

ਵਾਸ਼ਿੰਗਟਨ : ਅਮਰੀਕਾ ਦੇ ਲੂਈਜ਼ੀਆਨਾ ਸੂਬੇ ਦੇ ਨਿਊ ਓਰਲੀਨਜ਼ ਸ਼ਹਿਰ ਵਿੱਚ ਸਥਿਤ ਓਰਲੀਨਜ਼ ਪੈਰਿਸ਼ ਜਸਟਿਸ ਸੈਂਟਰ (ਜੇਲ੍ਹ) ਵਿੱਚੋਂ ਬੀਤੇ ਸ਼ੁੱਕਰਵਾਰ, 16 ਮਈ, 2025 ਨੂੰ 10 ਕੈਦੀ ਟਾਇਲਟ ਦੀ ਪਿੱਛਲੀ ਕੰਧ ਤੋੜ ਕੇ ਫਰਾਰ ਹੋ ਗਏ। ਇਸ ਸਨਸਨੀਖੇਜ਼ ਜੇਲ੍ਹਬਰੇਕ ਵਿੱਚ ਸ਼ਾਮਲ ਕੈਦੀਆਂ ਵਿੱਚੋਂ 5 ਨੂੰ ਪੁਲਿਸ ਨੇ ਕਾਬੂ ਕਰ ਲਿਆ ਹੈ, ਜਦਕਿ 5 ਅਜੇ ਵੀ ਫਰਾਰ ਹਨ। ਫਰਾਰ ਕੈਦੀਆਂ ਦੀ ਭਾਲ ਲਈ ਸਥਾਨਕ, ਰਾਜ ਅਤੇ ਸੰਘੀ ਏਜੰਸੀਆਂ ਵੱਡੇ ਪੱਧਰ 'ਤੇ ਸੰਯੁਕਤ ਆਪਰੇਸ਼ਨ ਚਲਾ ਰਹੀਆਂ ਹਨ। ਇਸ ਘਟਨਾ ਨੇ ਜੇਲ੍ਹ ਦੀ ਸੁਰੱਖਿਆ ਪ੍ਰਣਾਲੀ ਅਤੇ ਅੰਦਰੂਨੀ ਸਹਿਯੋਗ ਦੀ ਸੰਭਾਵਨਾ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।

ਓਰਲੀਨਜ਼ ਪੈਰਿਸ਼ ਸ਼ੈਰਿਫ ਸੁਜ਼ਨ ਹਟਸਨ ਦੇ ਅਨੁਸਾਰ, ਕੈਦੀਆਂ ਨੇ ਜੇਲ੍ਹ ਦੀ ਸੁਰੱਖਿਆ ਪ੍ਰਣਾਲੀ ਵਿੱਚ ਮੌਜੂਦ ਕਮੀਆਂ ਦਾ ਫਾਇਦਾ ਉਠਾਇਆ। ਸ਼ੁੱਕਰਵਾਰ ਨੂੰ ਤੜਕੇ 12:22 ਵਜੇ, ਕੈਦੀਆਂ ਨੇ ਸੈੱਲ ਦੇ ਨੁਕਸਦਾਰ ਸਲਾਈਡਿੰਗ ਦਰਵਾਜ਼ੇ ਨੂੰ ਤੋੜਿਆ ਅਤੇ ਲਗਭਗ 20 ਮਿੰਟ ਬਾਅਦ ਸੈੱਲ ਵਿੱਚ ਦਾਖਲ ਹੋਏ। ਇਸ ਤੋਂ ਬਾਅਦ, ਉਹਨਾਂ ਨੇ ਸੈੱਲ ਦੇ ਟਾਇਲਟ ਅਤੇ ਸਿੰਕ ਨੂੰ ਕੰਧ ਤੋਂ ਹਟਾ ਕੇ ਇੱਕ ਛੋਟਾ ਜਿਹਾ ਮੋਰਾ ਬਣਾਇਆ, ਜਿਸ ਰਾਹੀਂ ਉਹ ਰੇਂਗਦੇ ਹੋਏ ਬਾਹਰ ਨਿਕਲੇ। ਸ਼ੈਰਿਫ ਦੇ ਅਨੁਸਾਰ, ਇਹ ਮੋਰੀ 1:01 ਵਜੇ ਰਾਤ ਨੂੰ ਬਣਾਈ ਗਈ ਸੀ। ਕੈਦੀਆਂ ਨੇ ਜੇਲ੍ਹ ਦੇ ਲੋਡਿੰਗ ਡੌਕ ਦੇ ਰਾਹੀਂ ਬਾਹਰ ਨਿਕਲ ਕੇ, ਕੰਡਿਆਲੀ ਤਾਰਾਂ ਵਾਲੀ ਕੰਧ ਨੂੰ ਕੰਬਲਾਂ ਦੀ ਮਦਦ ਨਾਲ



ਪਾਰ ਕੀਤਾ ਅਤੇ ਫਿਰ ਨੇੜਲੇ ਰੇਲਮਾਰਗ ਅਤੇ ਇੰਟਰਸਟੇਟ 10 ਹਾਈਵੇ ਵੱਲ ਭੱਜ ਗਏ।

ਫਰਾਰ ਹੋਏ 10 ਕੈਦੀਆਂ ਵਿੱਚੋਂ ਸਾਰੇ ਗੰਭੀਰ ਅਪਰਾਧਾਂ ਦੇ ਦੋਸ਼ੀ ਜਾਂ ਦੋਸ਼ਧਾਰੀ ਸਨ। ਇਹਨਾਂ ਵਿੱਚ ਸ਼ਾਮਲ ਸਨ:

ਕੋਰੀ ਬਾਇਡ (19): ਦੂਜੇ ਦਰਜੇ ਦੇ ਕਤਲ, ਕਤਲ ਦੀ ਕੋਸ਼ਿਸ਼, ਅਗਵਾ ਅਤੇ ਸਰਕਾਰੀ ਅਧਿਕਾਰੀ ਨੂੰ ਧਮਕੀ ਦੇ ਦੋਸ਼।

ਜਰਮੇਨ ਡੋਨਾਲਡ (42): ਦੂਜੇ ਦਰਜੇ ਦਾ ਕਤਲ, ਹਥਿਆਰ ਨਾਲ ਹਮਲਾ ਅਤੇ ਨਿਆਂ ਵਿੱਚ ਰੁਕਾਵਟ।

ਡੈਰਿਕ ਗਰੋਵਸ (27): 2018 ਦੇ ਮਾਰਡੀ ਗ੍ਰਾਸ ਸ਼ੂਟਿੰਗ ਵਿੱਚ ਦੋ ਕਤਲ ਅਤੇ ਦੋ ਕਤਲ ਦੀ ਕੋਸ਼ਿਸ਼ ਦੇ ਦੋਸ਼, ਨਾਲ ਹੀ ਜੇਲ੍ਹ ਕਰਮਚਾਰੀ 'ਤੇ ਹਮਲਾ।

ਐਂਟੋਇਨ ਮੈਸੀ (32): ਘਰੇਲੂ ਹਿੰਸਾ, ਗਲਾ ਘੁੱਟਣ ਅਤੇ ਮੋਟਰ ਵਾਹਨ ਚੋਰੀ।

ਲਿਓ ਟੇਟ (31): ਸਾਧਾਰਣ ਚੋਰੀ, ਹਥਿਆਰ ਦੀ ਗੈਰ-ਕਾਨੂੰਨੀ ਵਰਤੋਂ ਅਤੇ ਨਸ਼ੀਲੇ ਪਦਾਰਥਾਂ ਦੇ ਦੋਸ਼।

ਲੈਂਟਨ ਵੈਨਬਰਨ (26): ਹਥਿਆਰਾਂ ਦੀ ਗੈਰ-ਕਾਨੂੰਨੀ ਵਰਤੋਂ, ਨਿਆਂ ਵਿੱਚ ਰੁਕਾਵਟ ਅਤੇ ਜੇਲ੍ਹ ਵਿੱਚ ਨਾਜਾਇਜ਼ ਸਮੱਗਰੀ।

ਕੈਂਡਲ ਮਾਈਲਸ (20): ਗੈਰ-ਕਾਨੂੰਨੀ ਹਥਿਆਰ, ਅਗਵਾ ਅਤੇ ਸ਼ਰਾਬ ਨਾਲ ਜੁੜੇ ਅਪਰਾਧ।

ਰੌਬਰਟ ਮੂਡੀ (21): ਨਸ਼ੀਲੇ ਪਦਾਰਥ ਅਤੇ ਹਥਿਆਰ ਨਾਲ ਜੁੜੇ ਦੋਸ਼।

ਡੀਕੇਨਨ ਡੈਨਿਸ: ਹਥਿਆਰਬੰਦ ਡਕੈਤੀ ਅਤੇ ਹੋਰ ਅਪਰਾਧ।

ਗੈਰੀ ਪ੍ਰਾਈਸ (21): ਪਹਿਲੇ ਦਰਜੇ ਦੇ ਕਤਲ ਦੀ ਕੋਸ਼ਿਸ਼, ਘਰੇਲੂ ਹਿੰਸਾ ਅਤੇ ਹਥਿਆਰ ਨਾਲ ਹਮਲਾ।

ਇਹਨਾਂ ਵਿੱਚੋਂ ਕੈਂਡਲ ਮਾਈਲਸ, ਰੌਬਰਟ ਮੂਡੀ, ਡੀਕੇਨਨ ਡੈਨਿਸ, ਗੈਰੀ ਪ੍ਰਾਈਸ ਅਤੇ ਕੋਰੀ ਬਾਇਡ ਨੂੰ ਪੁਲਿਸ ਨੇ ਕਾਬੂ ਕਰ ਲਿਆ ਹੈ। ਮਾਈਲਸ ਨੂੰ ਫਰੈਂਚ ਕੁਆਰਟਰ ਵਿੱਚ ਇੱਕ ਹੋਟਲ ਦੇ ਗੈਰੇਜ ਵਿੱਚ ਛੁਪੇ ਹੋਏ ਫੜਿਆ ਗਿਆ, ਜਦਕਿ ਬਾਇਡ ਨੂੰ 20 ਮਈ ਨੂੰ ਇਬਰਵਿਲੇ ਨੇੜੇ ਫੜਿਆ ਗਿਆ।

SINCE : 2007
ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
ਪਾਠਕਾਂ ਦੇ ਵਿਸ਼ਵਾਸ਼ ਦਾ 18 ਵਾਂ ਸਾਲ



24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ
ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ
It's Time To Grow Your Business
Advertise with us...
ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ
: canadianpunjabtimes@gmail.com
Contact : 604-338-7310

# ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਨਵੀਂ ਸੋਚ ਤੇ ਆਗੂਆਂ ਦੀ ਲੋੜ

ਲੇਖਕ : ਇਕਬਾਲ ਸਿੰਘ ਲਾਲਪੁਰਾ
ਸੰਪਰਕ : 9780003333



ਕੌਮ ਦੀ ਤਰੱਕੀ ਤੇ ਖ਼ੁਸ਼ਹਾਲੀ ਲਈ ਦੂਰ ਅੰਦੇਸ਼ ਤੇ ਸਮਰਪਿਤ ਆਗੂ ਹੋਣਾ ਜ਼ਰੂਰੀ ਹੈ ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਨੰਦੇੜ ਤੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਥਾਪੜਾ ਦੇ ਕੇ ਪੰਜਾਬ ਵੱਲ ਭੇਜਿਆ ਅਤੇ ਉਸ ਨਾਲ ਜ਼ਿੰਮੇਵਾਰ ਸਿੰਘ ਵੀ ਸਹਾਇਕ ਤੇ ਸਲਾਹਕਾਰ ਵਜੋਂ ਭੇਜੇ । ਪਰ ਬਾਬਾ ਬੰਦਾ ਸਿੰਘ ਬਹਾਦਰ ਦੀ ਚੜ੍ਹਤ ਸਮੇਂ ਹੀ ,ਮੁਗਲ ਸਰਕਾਰ ਖਾਲਸਾ ਅੰਦਰ ਫੁੱਟ ਪਾਉਣ ਵਿੱਚ ਸਫ਼ਲ ਰਹੀ , ਨਤੀਜਾ ਬਾਬਾ ਬੰਦਾ ਸਿੰਘ ਬਹਾਦਰ ਗੁਰਦਾਸ ਨੰਗਲ ਦੀ ਗੜ੍ਹੀ ਵਿੱਚੋਂ,ਅੱਠ ਮਹੀਨੇ ਬਾਹਰੋਂ ਸਹਾਇਤਾ ਦੀ ਆਸ ਕਰਦਾ ਹੀ ਗ੍ਰਿਫਤਾਰ ਹੋ ,1716 ਈ ਵਿਚ ਤਸੀਹੇ ਦੇ ਕੇ ਸਤ ਸੌ ਸਾਥੀਆਂ ਸਮੇਤ ਦਿੱਲੀ ਵਿਖੇ ਸ਼ਹੀਦ ਹੋ ਗਿਆ । ਜਿਸ ਸਿੰਘ ਨੇ ,ਗੁਰੂ ਦੇ ਭਾਣੇ ਵਿੱਚ ਜ਼ਾਲਮਾਂ ਤੇ ਗੁਰੂ ਦੋਖੀਆਂ ਨੂੰ ਸਜ਼ਾ ਦਿੱਤੀ ਅਤੇ ਹਲੇਮੀ ਰਾਜ ਦਾ ਸੰਕਲਪ ਪ੍ਰਗਟ ਕਰਕੇ ਸ਼ਹੀਦੀ ਦਿਤੀ , ਨੂੰ ਸਿੱਖਾਂ ਦੇ ਇਕ ਧੜੇ ਨੇ ਕੌਮੀ ਗਦਾਰ ਵਜੋਂ ਪ੍ਰਚਾਰ ਦਿੱਤਾ । ਮੁਗਲ ਸਰਕਾਰ ਦੀਆਂ ਸਾਜਿਸ਼ਾਂ ਨੇ ਸਿੱਖਾਂ ਨੂੰ ਬੰਦਈ ਸਿੱਖਾਂ ਤੇ ਤੱਤ ਖਾਲਸਾ ਦੋ ਧੜਿਆਂ ਵਿਚ ਵੰਡ ਦਿੱਤਾ। ਪੱਲੇ ਤੱਤ ਖਾਲਸਾ ਦੇ ਵੀ ਕੁੱਝ ਨਹੀਂ ਪਿਆ ।

ਹੁਣ ਵਾਰੀ ਭਾਈ ਮਨੀ ਸਿੰਘ ਸਰਦਾਰ ਦਰਬਾਰਾ ਸਿੰਘ ਦੀ ਸੀ । ਭਾਈ ਮਨੀ ਸਿੰਘ ਨੂੰ ਵੀ ਸ਼ਹਾਦਤ ਦੇਣੀ ਪਈ । ਗੱਲ ਖਾਲਸਾ ਦੇ ਜੱਥੇ ਬਣ ਅੱਗੇ ਤੁਰੀ , ਜਿਨ੍ਹਾਂ ਦੇ ਕੁਲ ਮੈਂਬਰਾਂ ਦੀ ਗਿਣਤੀ ਪੰਜ ਹਜ਼ਾਰ ਤੋਂ ਵੀ ਘੱਟ ਸੀ । ਪਰ ਨਿਸ਼ਾਨਾ ਸਪਸ਼ਟ ਸੀ , ਖਾਲਸਾ ਇਕੱਠੇ ਬੈਠ ਕੇ , ਗੁਰਮਤਾ ਜਾਂ ਫੈਸਲਾ ਕਰ ,ਗੁਰੂ ਚਰਨਾਂ ਵਿੱਚ ਉਸਦੀ ਪੂਰਤੀ ਲਈ ਅਰਦਾਸ ਕਰਕੇ ਅੱਗੇ ਵਧਦਾ ਸੀ ਕਿ ,ਖਾਲਸਾ ਨੇ ਨਿਆਂ ਦਾ ਰਾਜ ਕਾਇਮ ਕਰਕੇ ,ਮੁਗਲ ਰਾਜ ਦੀ ਜੜ੍ਹ ਪੁਟਨੀ ਹੈ । ਨਵਾਬ ਕਪੂਰ ਸਿੰਘ ਦੀ ਨਿਯੁਕਤੀ ਤੋਂ ਬਾਅਦ,ਇਕ ਆਗੂ ਹੇਠ ,ਸਾਂਝੇ ਫੈਸਲੇ ਨੂੰ ਅੱਗੇ ਵਧਦਾ ਸੀ , ਇਸ ਲਈ ਕੁਰਬਾਨੀਆਂ ਦੇਣ ਸਮੇਂ ,ਕੋਈ ਵੀ ਪਿੱਛੇ ਨਹੀਂ ਰਿਹਾ । ਫੈਸਲੇ ਗੁਰੂ ਦੀ ਹਾਜ਼ਰੀ ਵਿੱਚ ਸਰਬਸੰਮਤੀ ਨਾਲ ਹੁੰਦੇ ਸਨ ,ਪਰ ਆਗੂ ਇਕ ਹੀ ਹੁੰਦਾ ਸੀ । ਗਿਆਰਾਂ ਮਿਸਲਾਂ ਨੇ ਵੀ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ ਉਲ ਕੌਮ ਥਾਪ ਉਨ੍ਹਾਂ ਦੀ ਅਗਵਾਈ ਹੇਠ ਲਾਹੌਰ , ਸਰਹਿੰਦ ਤੇ ਦਿੱਲੀ ਦੇ ਤਖ਼ਤ ਤੇ ਕਬਜ਼ਾ ਕੀਤਾ ।

ਆਪਸੀ ਫੁੱਟ ਤੋਂ ਬਚਣ ਲਈ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ 1783 ਈ ਵਿੱਚ ਦਿੱਲੀ ਦਾ ਤਖ਼ਤ ਜਿੱਤ ਕੇ ਵੀ , ਟੈਕਸ ਲਾ ਕੇ ਬਾਦਸ਼ਾਹ ਸ਼ਾਹ ਆਲਮ ਨੂੰ ਵਾਪਸ ਕਰ ਦਿੱਤਾ ।

ਬਾਬਾ ਜੱਸਾ ਸਿੰਘ ਆਹਲੂਵਾਲੀਆ ਤੋਂ ਬਾਅਦ ਮਿਸਲਾਂ ਵੀ ਆਪਸ ਵਿੱਚ ਟਕਰਾਉਣ ਲੱਗ ਪਈਆਂ, ਸਾਂਝਾਂ ਤੇ ਸਰਬ ਪਰਵਾਨਿਤ ਆਗੂ ਕੋਈ ਨਾ ਬਣ ਸਕਿਆ । ਕਾਨਪੁਰ, ਤਰਾਈ ਤੇ ਰਾਜਸਥਾਨ ਤੱਕ ਸਰਦਾਰੀ ਕਰਦਾ ,ਖਾਲਸਾ ਇਕ ਆਗੂ ਨਾ ਹੋਣ ਕਾਰਨ ਪੰਜਾਬ ਤੱਕ ਹੀ ਸੀਮਤ ਹੋ ਗਿਆ ।

ਹੁਣ ਵਾਰੀ ਸ਼ੁਕਰਚਕੀਆ ਸਰਦਾਰ ਚੜਤ ਸਿੰਘ ਦੇ ਪੋਤਰੇ ਰਣਜੀਤ ਸਿੰਘ ਦੀ ਸੀ , ਜਿਸ ਨੇ ਸਰਦਾਰਨੀ ਸਦਾ ਕੌਰ ਨਾਲ ਮਿਲਕੇ,ਮੁੜ ਖਾਲਸਾ ਸ਼ਕਤੀ ਇਕੱਠੀ ਕਰਨ ਦੀ ਕੋਸ਼ਿਸ਼ ਕੀਤੀ, ਪਰ ਆਪੇ ਬਣੀ ਬਾਹਰਵੀਂ ਮਿਸਲ ਫੂਲਕੀਆ ਤੇ ਕੁੱਝ ਹੋਰ ਸਿੱਖ ਸਰਦਾਰ ਅੰਗਰੇਜ਼ਾਂ ਦੇ ਸ਼ਾਥੀ ਬਣ ਗਏ ।

ਮਹਾਰਾਜਾ ਰਣਜੀਤ ਸਿੰਘ ਜੀ ਨੇ ਉਸ ਸਮੇਂ ਦਰਾ ਖ਼ੈਬਰ ਤੋਂ ਰੋਪੜ ਤੱਕ ਵੱਡਾ ਰਾਜ ਕਾਇਮ ਕਰ ਲਿਆ ,ਜਿਸਦੀਆਂ ਸਰਹੱਦਾਂ ਚੀਨ ਤੇ ਸਿੰਧ ਨਾਲ ਲੱਗਦੀਆਂ ਸਨ ,ਪਰ ਕੌਮ ਵਿੱਚ, ਅੰਗਰੇਜ਼ ਸਰਕਾਰ ਦਾ ਵਫ਼ਾਦਾਰ ਇੱਕ ਧੜਾ ਵੀ ਪੈਦਾ ਹੋ ਗਿਆ । ਮਹਾਰਾਜਾ ਨੂੰ ਦਿੱਲੀ ਵੱਲ ਵਧਣ ਦੀ ਮਨਾਹੀ ਹੀ ਨਹੀਂ ਹੋਈ ,ਬਲਕਿ ਜਿੱਤੇ ਹੋਏ ਕੁਝ ਇਲਾਕੇ ਵੀ ਖਾਲੀ ਕਰਨੇ ਪਏ । ਜੇਕਰ ਕੌਮ ਵਿੱਚ ਏਕਤਾ ਹੁੰਦੀ ਤਾਂ 1783 ਈ ਵਾਂਗ ਦਿੱਲੀ ਦੇ ਤਖ਼ਤ ਤੇ ਦੁਬਾਰਾ ਕਬਜ਼ਾ ਕਰਨਾ ਮਾਮੂਲੀ ਗੱਲ ਸੀ ।

1839 ਈ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਨਾਲ ਹੀ , ਲਾਹੌਰ ਦਰਬਾਰ ਅੰਦਰ ,ਅੰਗਰੇਜ਼ਾਂ ਦੇ ਸੂਹੀਏ ਤੇ ਸਾਥੀਆਂ ਨੇ ਸਾਜ਼ਿਸ਼ਾਂ ਸ਼ੁਰੂ ਕਰ ਦਿੱਤੀਆਂ । ਅਗਲੇ ਛੇ ਸਾਲਾਂ ਵਿੱਚ ਤਿੰਨ ਬਾਦਸ਼ਾਹ ਖੜਕ ਸਿੰਘ ਨੌਨਿਹਾਲ ਸਿੰਘ, ਸ਼ੇਰ ਸਿੰਘ ਮਾਰੇ ਗਏ ਤੇ 1845- 1846 ਈ ਦੀ ਪਹਿਲੀ ਅੰਗਰੇਜ਼- ਖਾਲਸਾ ਜੰਗ ਤੋਂ ਬਾਅਦ , ਅੰਗਰੇਜ਼ੀ ਹਕੂਮਤ ਲਾਹੌਰ ਤੇ ਕਾਬਜ਼ ਹੋ ਗਈ ।

ਫੇਰੂਸ਼ਹਿਰ ਦੀ ਜੰਗ ਸਮੇਂ ,ਖਾਲਸਾ ਦੀ ਹਾਰ ਦਾ ਕਾਰਨ ਬਿਆਨ ਕਰਦਾ , ਸ਼ਾਹ ਮੁਹੰਮਦ ਲਿਖਦਾ ਹੈ:-

ਪਹਾੜਾ ਸਿੰਘ ਸੀ ਯਾਰ ਫਰੰਗੀਆ ਦਾ
ਸਿੰਘਾ ਨਾਲ ਸੀ ਉਸ ਸੀ ਗੈਰਸਾਲੀ
ਉਸ ਨੇ ਜਾ ਫਰੰਗੀ ਨੂੰ ਖ਼ਬਰ ਦਿੱਤੀ
ਗੱਲ ਦੱਸ ਦਿੱਤੀ ਸਾਰੀ ਭੇਦ ਵਾਲੀ
ਏਥੇ ਹੋ ਗਿਆ ਹਰਨ ਹੈ ਖਾਲਸਾ ਜੀ
ਚੋਂਦਾ ਹੱਥ ਦੀ ਮਾਰ ਕੇ ਮਿਰਗਛਾਲੀ
ਸਾਹ ਮੁਹੰਮਦਾ ਸਾਂਭ ਲਓ ਤੋਪਖਾਨੇ
ਛੱਡ ਗਏ ਨੇ ਸਿੰਘ ਮੈਦਾਨ ਖਾਲੀ

ਪਹਾੜਾ ਸਿੰਘ ਖਾਲਸਾ ਫੌਜ ਦਾ ਸਾਥੀ ਤੇ ਰਹਿਬਰ ਨਹੀਂ ਬਣਿਆ ।

ਗੱਲ ਆਪਸੀ ਫੁੱਟ , ਕੌਮੀ ਰੂਪ ਵਿੱਚ ਇਕੱਠੇ ਹੋਣ ਦੀ ਥਾਂ ,ਵਿਰੋਧੀਆਂ ਤੋਂ ਰਾਜਾ ਦਾ ਖ਼ਿਤਾਬ ਤੇ ਕੁਝ ਜਮੀਨ ਲੈ ਕੇ ,ਕੌਮੀ ਗਦਾਰੀ ਤੱਕ ਹੀ ਸੀਮਤ ਹੋ ਗਈ ।

1849 ਈ ਵਿੱਚ ਲਾਹੌਰ ਦਰਬਾਰ ਤੇ ਕਬਜ਼ਾ ਤਾਂ ਇਕ ਛਲਾਵਾ ਸੀ ਅਸਲ ਕਬਜ਼ਾ ਤਾਂ ਪਹਿਲਾਂ ਹੀ ਹੋ ਗਿਆ ਸੀ, ਜਦੋਂ ਮਹਾਰਾਣੀ ਜਿੰਦਾਂ ਨੂੰ ਆਪਣੇ ਰਾਜ ਵਿੱਚ ਕੈਦ ਕਰ ਲਿਆ ਗਿਆ ਸੀ ।

1849 ਈ ਤੋਂ ਬਾਅਦ ਅੰਗਰੇਜ਼ੀ ਹਕੂਮਤ ਨੇ , ਖਾਲਸਾ ਦੀ ਧਾਰਮਿਕ ਤੇ ਰਾਜਨੀਤਕ ਸ਼ਕਤੀ ਨੂੰ , ਸਿੱਖ ਸਰਦਾਰਾਂ ਰਾਹੀਂ ਹੀ ਬਰਬਾਦ ਕਰਵਾ ਦਿੱਤਾ ।ਧਾਰਮਿਕ ਰੂਪ ਵਿੱਚ ਗੁਰੂ ਘਰਾਂ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਲਿਆ । ਸਰਬਰਾਹ ਜਾਂ ਮੈਨੇਜਰ ਸਰਕਾਰ ਨਿਯੁਕਤ ਕਰਨ ਲੱਗ ਪਈ । ਕੁੱਝ ਰਾਜੇ ਤੇ ਰਾਜ ਪਰਿਵਾਰ ਇਸਾਈ ਬਣ ਗਏ । ਬਾਕੀਆਂ ਨੇ ਅੰਗਰੇਜ਼ੀ ਜੀਵਨ ਸ਼ੈਲੀ ਅਪਣਾ ਲਈ ।ਨਿਰਮਲ ਪੰਥ ਦਾ ਪ੍ਰਚਾਰ ਪ੍ਰਸਾਰ ਬੰਦ ਕਰਵਾ ਦਿੱਤਾ, ਕੁਝ ਫੌਜੀ ਬਾਬੇ ਬਣ ਵੱਖਰੇ ਡੇਰੇਦਾਰ ਤੇ ਟਕਸਾਲੀ ਬਣ ਗਏ । ਦੂਜੇ ਧਰਮਾਂ ਵਿਚੋਂ ਸਿੱਖ ਧਰਮ ਵਿੱਚ ਆਏ ਪਰਿਵਾਰਾਂ ਨੂੰ ਮੁੜ ਪਿਛਲੇ ਧਰਮ ਵੱਲ ਮੋੜਨ ਲਈ ਮੁਹਿੰਮਾਂ ਚੱਲ ਪਈਆਂ ।

ਪੰਜਾਬੀ ਸਮਾਜ ਜਿਸ ਵਿੱਚ ਸਿੱਖ ਪੈਦਾ ਹੁੰਦੇ ਸਨ ਨੂੰ ਵੰਡਣ ਦਾ ਕੰਮ ਵੀ ਨੀਤੀ ਨਾਲ ਹੋਇਆ । ਅੰਗਰੇਜ਼ ਹਕੂਮਤ ਨੇ ਲੇਖਕਾਂ ਨੂੰ ਵੀ ਫੁੱਟ ਪਾਉਣ ਦਾ ਕੰਮ ਸੌਂਪਿਆ ਤੇ ਉਸ ਵਿੱਚ ਉਹ ਕਾਮਯਾਬ ਵੀ ਹੋਏ ।ਕੰਨਿਘਮ ਕੇ ਮੈਕਾਲਿਫ , ਲੈਪਲ ਅੱਜ ਵੀ ਪ੍ਰਵਾਨਿਤ ਇਤਿਹਾਸਕਾਰ ਮੰਨੇ ਜਾਂਦੇ ਹਨ । ਗੁਰੂ ਕਾਲ ਤੋਂ ਬਾਅਦ ਕੋਈ ਉਪਰਾਲਾ ਸੰਸਥਾ ਦੇ ਰੂਪ ਵਿੱਚ ਸਿੱਖ ਧਰਮ ਤੇ ਇਤਿਹਾਸ ਵਾਰੇ ਖੋਜ ਕਰਨ ਤੇ ਆਮ ਆਦਮੀ ਤੱਕ ਪਹੁੰਚਾਉਣ ਦਾ ਨਹੀਂ ਹੋਇਆ । ਸੋਹਨ ਲਾਲ ਸੂਰੀ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਲਿਖਿਆ ਇਤਿਹਾਸ ਵੀ ਹੋਰ ਖੋਜ ਲਈ ਨਾ ਤਾਂ ਪੜ੍ਹਾਇਆ ਜਾ ਰਿਹਾ ਹੈ ਅਤੇ ਨਾ ਹੀ ਆਮ ਆਦਮੀ ਤੱਕ ਪੁੱਜਿਆ ਹੀ ਹੈ ।

ਸ੍ਰੀ ਦਰਬਾਰ ਸਾਹਿਬ ਨੇੜੇ , ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ,ਖਾਲਸਾ ਸਰਦਾਰ ਇਕੱਠੇ ਹੋ ,ਅਗਲੀਆਂ ਕਾਰਵਾਈਆਂ ਲਈ ,ਅਠਾਰਵੀਂ ਸਦੀ ਵਿੱਚ ,ਗੁਰਮਤੇ ਕਰਕੇ ਉਨ੍ਹਾਂ ਦੀ ਸਫਲਤਾ ਲਈ ,ਅਰਦਾਸ ਕਰਕੇ ਕਾਰਜ ਆਰੰਭ ਕਰਦੇ ਸਨ । ਵੱਡੀਆਂ ਸਫਲਤਾਵਾਂ ਤੇ ਕੌਮੀ ਫੈਸਲੇ ਇਸ ਤਰ੍ਹਾਂ ਹੀ ਹੁੰਦੇ ਸਨ । ਕੋਈ ਵੀ ਹੁਕਮਨਾਮਾ ਗੁਰੂ ਘਰਾਂ ਦੇ ਪੁਜਾਰੀ ਜਾਂ ਪ੍ਰਬੰਧਕ ਜਾਰੀ ਨਹੀਂ ਕਰਦੇ ਸਨ ।

ਇਤਿਹਾਸਕਾਰਾਂ ਅਨੁਸਾਰ 1864 ਈ ਤੋਂ ਬਾਅਦ ਹੁਕਮਨਾਮੇ ਪੁਜਾਰੀਆਂ ਵੱਲੋਂ ਜਾਰੀ ਕੀਤੇ ਜਾਣੇ ਆਰੰਭ ਹੋਏ, ਪਰ ਕੌਮੀ ਏਕਤਾ, ਧਰਮ ਦਾ ਪ੍ਰਚਾਰ ਪ੍ਰਸਾਰ , ਵਿੱਦਿਆ ਜਾਂ ਰਾਜਨੀਤਕ ਸ਼ਕਤੀ ਮੁੜ ਪ੍ਰਾਪਤ ਕਰਨਾ ,ਕਦੇ ਵੀ ਇਨ੍ਹਾਂ ਆਦੇਸ਼ਾਂ ਦਾ ਵਿਸ਼ਾ ਨਹੀਂ ਰਿਹਾ ।

1849 ਈ ਤੇ ਬਾਅਦ ਕੋਈ ਮਜ਼ਬੂਤ ਸਿੱਖ ਆਗੂ ਜਾਂ ਜਥੇਬੰਦੀ ,ਅੰਗਰੇਜ਼ ਵਿਰੁੱਧ ਸਿੱਖ ਭਾਈਚਾਰੇ ਵਿਚੋ ,ਖੜੀ ਨਹੀਂ ਹੋ ਸਕੀ । ਕੂਕਾ ਲਹਿਰ, ਸਿੰਘ ਸਭਾ ਲਹਿਰ ਅੰਗਰੇਜ਼ ਨੇ ,ਫੁੱਟ ਪਾ ਕੇ ਜਾ ਸਖ਼ਤੀ ਨਾਲ ਦਬਾ ਦਿਤੀ । ਸਿੱਖ ਹਮਾਇਤੀ ਬਨਣ ਲਈ ,ਚੀਫ ਖਾਲਸਾ ਦੀਵਾਨ ਬਣਾ ਕੇ ,ਅੰਗਰੇਜ਼ ਪ੍ਰਸਤ ਸਿੱਖਾਂ ਲੀਡਰਾਂ ਨੇ , ਵਿੱਦਿਆ ਲਈ ਕੰਮ ਆਰੰਭ ਕੀਤਾ , ਪਰ ਇਹ ਵੱਡੇ ਸਰਦਾਰ ਆਮ ਆਦਮੀ ਤੋਂ ਦੂਰ ਸਨ ।

1920 ਈ ਵਿੱਚ ਕੌਮ ਨੂੰ ਦੁਬਾਰਾ ਗੁਰਦੁਆਰਾ ਸੁਧਾਰ ਲਹਿਰ ਨੇ ਜਾਗ੍ਰਿਤ ਕੀਤਾ, ਕੁਰਬਾਨੀਆਂ ਦੇ ਕੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ,ਸਿੱਖ ਗੁਰਦੁਆਰਾ ਪ੍ਰਬੰਧਕ ਐਕਟ 1925 ਈ ਰਾਹੀਂ ਪ੍ਰਾਪਤ ਕਰ ਲਿਆ । ਇਹ ਸਮਾਂ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਕੰਮ ਕਰਨ ਦਾ ਸੀ । ਪਰ ਮਹਾਤਮਾ ਗਾਂਧੀ ਜੀ ਦੀ ਤਾਰ ,ਕਿ ਸਿੱਖਾਂ ਨੇ ਅਜ਼ਾਦੀ ਦੀ ਪਹਿਲੀ ਜੰਗ ਜਿੱਤ ਲਈ ਹੈ, ਗੁਰਦੁਆਰਾ ਪ੍ਰਬੰਧ ਵਿੱਚ ਸੁਧਾਰ ਲਈ ,ਅੱਗੇ ਹੋਏ ਆਗੂਆਂ ਨੂੰ , ਸਰਗਰਮ ਰਾਜਨੀਤੀ ਵੱਲ ਲੈ ਗਈ।

ਸਿੱਖ ਧਰਮ ਅਤੇ ਰਾਜਨੀਤੀ ਦੇ ਸੁਮੇਲ ਦੇ ਚਰਚੇ ,ਇਥੋਂ ਹੀ ਸ਼ੁਰੂ ਹੋਏ । ਇਸ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ, ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ ਨੇ ਰਾਜ ਸ਼ਕਤੀ ਹੋਣ ਤੇ ਵੀ ,ਦੂਜੇ ਭਰਾਵਾਂ ਵਿਰੁੱਧ ਕੋਈ ਹੁਕਮਨਾਮਾ ਜਾਰੀ ਨਹੀਂ ਕੀਤਾ ਅਤੇ ਨਾ ਹੀ ਗੁਰੂ ਘਰਾਂ ਰਾਹੀਂ ਰਾਜ ਨੀਤੀ ਕੀਤੀ ।

ਰਾਜਨੀਤੀ ਵਿੱਚ ਲੱਗੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੂੰ ,1936 ਵਿੱਚ ਧਰਮ ਦੇ ਪਸਾਰ ਤੇ ਪ੍ਰਚਾਰ ਦੀ ਵਿਉਂਤਵੰਦੀ ਕਰਨ ਦਾ ਮੌਕਾ ਮਿਲਿਆ ,ਜਦੋਂ ਡਾਕਟਰ ਅੰਬੇਦਕਰ ਦਾ ਰੁਝਾਨ ਸਿੱਖ ਧਰਮ ਅਪਨਾਉਣ ਵੱਲ ਹੋਇਆ ,ਅਤੇ ਦੱਖਣ , ਪੱਛਮ ਤੇ ਮੱਧ ਭਾਰਤ ਵਿੱਚ ਪ੍ਰਚਾਰ ਕੇਂਦਰ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ । ਚੀਫ ਖਾਲਸਾ ਦੀਵਾਨ ਵਾਲੇ ਵੀ ਨਾਲ ਜੁੜੇ ,ਪਰ ਇਸ ਵਾਰ ਵੀ ਅੰਬੇਦਕਰ ਦੇ ਪਿੱਛੇ ਹਟਣ ਦੇ ਨਾਲ ਹੀ , ਸਿੱਖ ਆਗੂ ਮੁੜ ਘਰ ਬੈਠ ਗਏ ।

ਆਜ਼ਾਦੀ ਤੋਂ ਬਾਅਦ,ਪਹਿਲਾਂ ਗੁਰਦੁਆਰਾ ਧਨ ਨਾਲ ਵਿਦੇਸ਼ਾਂ ਤੇ ਹੋਰ ਜਗ੍ਹਾ ,ਵਿੱਦਿਆ ਲੈ ਕੇ ਬਣੇ ਅਕਾਲੀ ਰਾਜਸੀ ਆਗੂਆਂ ਨੂੰ ,ਬਾਦ ਵਿੱਚ ਕਾਂਗਰਸ ਪਾਰਟੀ ਨਾਲ ਮਿਲਕੇ ,ਪੰਜਾਬੀ ਭਾਸ਼ਾ ਤੇ ਸੂਬੇ ਦਾ ਵਿਰੋਧ ਕਰਨਾ ,ਲਾਹੇਵੰਦ ਲੱਗਾ ਤੇ ਉਹ ਪੱਕੇ ਕਾਂਗਰਸੀ ਬਣ ਗਏ । ਦੂਜਿਆਂ ਨੇ ਲੋਕਤੰਤਰ ਵਿੱਚ ਕੁਰਸੀ ਹਾਸਲ ਕਰਨ ਲਈ ਗੁਰੂ ਘਰਾਂ ਤੋਂ ਮੋਰਚੇ ਆਰੰਭ ਕਰ ਦਿੱਤੇ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਹਿਲਾਂ ਤੋਂ ਹੀ ਸਰਗਰਮ ਰਾਜਸੀ ਆਗੂ ਬਣਦੇ ਰਹੇ ਸਨ । ਹੁਣ ਪੱਕੇ ਤੌਰ ਤੇ ਧਰਮ ਤੇ ਸਿੱਖ ਰਾਜਨੀਤੀ ਭਾਰੀ ਹੋ ਗਈ।

ਅੰਗਰੇਜ਼ ਰਾਜ ਵੇਲੇ ਸਰਬੱਤ ਖਾਲਸਾ ਜਾਂ ਪੰਜ ਪਿਆਰਿਆਂ ਦੀ ਥਾਂ , ਕੌਮ ਨੂੰ ਆਦੇਸ਼,ਉਪਦੇਸ਼ ਕਰਨ ਦੀ ਸ਼ਕਤੀ ਤਖ਼ਤ ਸਾਹਿਬਾਨ ਦੇ ਪੁਜਾਰੀਆਂ ਕੋਲ ਆ ਗਈ ਸੀ ,ਜੋ ਇਹ ਪ੍ਰਥਾ ਅੱਜ ਵੀ ਚਾਲੂ ਹੈ ਫਰਕ ਕੇਵਲ ਇਹ ਹੈ ,ਕਿ ਐਕਟ ਵਿੱਚ ਪੁਜਾਰੀ ਵਜੋਂ ਦਰਜ ਸੰਸਥਾ ,ਜਥੇਦਾਰ ਅਖਵਾਉਣ ਲੱਗ ਪਈ ਹੈ । ਕਰਮਚਾਰੀ ਹੋਣ ਕਾਰਨ ,ਜੇਕਰ ਹੁਕਮ ਨਾਮਾ ਹਾਕਮ ਦੀ ਮਰਜ਼ੀ ਦਾ ਹੋਵੇ ਤਾਂ ਠੀਕ ਹੈ ,ਨਹੀਂ ਤਾਂ ਨੌਕਰੀ ਜਾਣ ਦਾ ਡਰ ਬਣਿਆ ਰਹਿੰਦਾ ਹੈ ।ਅਜਿਹੀ ਸਥਿਤੀ ਵਿੱਚ ਧਰਮ ਦਾ ਪ੍ਰਚਾਰ ਕਦੇ ਏਜੰਡੇ ਤੇ ਨਹੀਂ ਰਿਹਾ, ਇਹ ਨਵਾਂ ਵਿਸ਼ਵ ਧਰਮ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਹੋਣਾ ਚਾਹੀਦਾ ਸੀ । ਭਾਰਤ ਤੇ ਵਿਦੇਸ਼ਾਂ ਦੀ ਹਰ ਭਾਸ਼ਾ ਵਿੱਚ ,ਸਿੱਖ ਫ਼ਲਸਫ਼ਾ ਤੇ ਇਤਿਹਾਸ ਲੋਕਾਈ ਦੇ ਸਾਹਮਣੇ ਹੋਣਾ ਚਾਹੀਦਾ ਸੀ ।

ਅਠਾਰ੍ਹਵੀਂ ਸਦੀ ਵਿੱਚ ਸਿੰਘ ਆਪਣੇ ਬਚਾਅ ਲਈ, ਫੇਰ ਰਾਜ ਕਾਇਮ ਕਰਨ ਲਈ ਅਤੇ ਪਿਛਲੇ ਦੋ ਸੋ ਸਾਲ ਤੋਂ ਇੱਕ ਦੂਜੇ ਨੂੰ ਨੀਵਾਂ ਵਿਖਾਉਣ ਲਈ ਲੱਗੇ ਰਹੇ ਹਨ।

ਇੱਕ ਸੋ ਪੰਜ ਸਾਲ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੇਵਲ ,ਇੱਕ ਸੋ ਹੀ ਸਿੱਖਿਆ ਸੰਸਥਾਵਾਂ ਬਣਾਈਆਂ ਹਨ । ਚੀਫ ਖਾਲਸਾ ਦੀਵਾਨ ਨੇ 123 ਸਾਲ ਵਿੱਚ ਪੰਜਾਹ ਤੋਂ ਵੀ ਘੱਟ ਵਿੱਦਿਅਕ ਸੰਸਥਾਵਾਂ ਖੋਲ੍ਹੀਆਂ ਹਨ । ਸਾਧਨਾਂ ਦੀ ਕੰਮੀ ਨਹੀਂ ਸਿੱਖ ਦਾਨ ਦੇਣ ਵਾਲੇ ਹਨ , ਨੀਅਤ ਤੇ ਨੀਤੀ ਦੀ ਘਾਟ ਹੈ ।

ਇਸ ਤਰ੍ਹਾਂ ਰਾਜ ਨੀਤੀ ਤੇ ਸਿੱਖ ਧਰਮ ਵਿੱਚ ਕੀਤੇ ਗਏ ਮਿਲਗੋਭੇ ਨੇ ,1849 ਈ ਤੋਂ ਬਾਅਦ ਸਿੱਖ ਧਰਮ ਦੇ ਪ੍ਰਚਾਰ ,ਪ੍ਰਸਾਰ ਤੇ ਰਾਜਨੀਤੀ ਨੂੰ ਗ੍ਰਹਿਣ ਲਾ ਦਿੱਤਾ ਹੈ । ਗੱਲ ਵਿਚਾਰ ਦੀ ਹੈ ਕਿ ਗੁਰੂ ਸਾਹਿਬਾਨ ਨੇ ਰਾਜਨੀਤੀ ਸਿਖਾਈ ਸੀ ,ਕੀਤੀ ਨਹੀਂ ਸੀ । ਬਾਬਾ ਬੰਦਾ ਸਿੰਘ ਬਹਾਦਰ ਸਮੇਤ ਸਿੰਘਾਂ ਨੇ ,ਗੁਰੂ ਸਾਹਿਬ ਦੇ ਦੱਸੇ ਹੋਏ ਰਾਹ ਤੇ ਚਲਕੇ , ਰਾਜ ਕਾਇਮ ਕੀਤਾ ਸੀ ਪਰ ਧਰਮ ਸਥਾਨਾਂ ਤੇ ਕਬਜ਼ਾ ਨਹੀਂ ਸੀ ਕੀਤਾ ।

ਕਿਸੇ ਵੀ ਧਰਮ ,ਸੰਸਥਾ ਤੇ ਸਮਾਜ ਦੀ ਅਗਵਾਈ ਲਈ ਇਕ ਨਾਇਕ ਜਾਂ ਹੀਰੋ ਹੋਣਾ ਲਾਜ਼ਮੀ ਹੈ । ਨਾਇਕ ਉਹ ਜਿਸ ਦੀਆਂ ਪ੍ਰਾਪਤੀਆਂ ਸ਼ਾਨਦਾਰ ਰਹੀਆਂ ਹੋਣ । ਪੂਜਾ ਅਕਾਲ ਕੀ , ਪਰਚਾ ਸ਼ਬਦ ਕਾ ਤੇ ਦਿਦਾਰ ਖਾਲਸਾ ਕਾ , ਅਕਾਲ ਦੀ ਪੂਜਾ ,ਗਿਆਨ ਪ੍ਰਾਪਤੀ ਲਈ ,ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲ ਵੇਖਣ ਦਾ ,ਹੁਕਮ ਸਪੱਸ਼ਟ ਹੈ । ਪਰ ਦਿਦਾਰ ਖਾਲਸਾ ਲਈ ,ਇਕ ਉੱਤਮ ਗੁਣ ਤੇ ਪ੍ਰਾਪਤੀਆਂ ਵਾਲੇ ਵਿਅਕਤੀਆਂ ਨੂੰ ਆਦਰਸ਼ ਮੰਨਿਆ ਜਾ ਸਕਦਾ ਹੈ । ਬਾਬਾ ਬੰਦਾ ਸਿੰਘ ਬਹਾਦਰ, ਨਵਾਬ ਉਲ ਕੌਮ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਚੜਤ ਸਿੰਘ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਮਹਾਰਾਜਾ ਰਣਜੀਤ ਸਿੰਘ, ਸਰਦਾਰ ਹਰੀ ਸਿੰਘ ਨਲਵਾ ਆਦਿ ਦਾ ਆਦਰਸ਼ ਜੀਵਨ ਮਾਰਗ ਦਰਸ਼ਕ ਹੋ ਸਕਦਾ ਹੈ , ਜਿਨ੍ਹਾਂ ਨੇ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਨੂੰ ਪ੍ਰਗਟ ਕਰ , ਨਿਆਂ ਦਾ ਰਾਜ ਹਲੇਮੀ ਰਾਜ ਕਾਇਮ ਕਰਨ ਤੇ ਬਚਾਉਣ ਲਈ ਕੰਮ ਕੀਤਾ ।

ਅੱਗੇ ਵਧਣ ਲਈ ਗੁਰੂ ਸਾਹਿਬਾਨ ਦੇ ਆਦੇਸ਼, ਉਪਦੇਸ਼ ਦੀ ਪਾਲਣਾ ਕਰਦਿਆਂ ,ਪੁਰਾਣੇ ਨਾਇਕਾਂ ਦੇ ਜੀਵਨ ਤੋਂ ਸੇਧ ਲੈ ਰਾਜਨੀਤੀ ਚੱਲੇ ,ਪਰ ਧਰਮ ਦੇ ਆਗੂਆਂ ਨੂੰ , ਗੁਰਮਤਿ ਵਿਚ ,ਸਮਾਜ ਨੂੰ ,ਵਰਜਿਤ ਕਰਮ ਕਾਂਡਾਂ ਤੋਂ ਬਾਹਰ ਕਢਕੇ, ਕੇਵਲ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਲਈ , ਸਮਾਜ ਵਿੱਚ ਵਿਚਰਨ ਦੀ ਲੋੜ ਹੈ । ਪਰ ਗੁਰੂ ਘਰ ਦਾ ਸ਼ਰਮਾਇਆ ਕੌਮ ਲਈ ਵਿੱਦਿਆ ਤੇ ਰੋਜ਼ਗਾਰ ਦੇ ਸਾਧਨ ਬਣਾਉਣ ਲਈ ਅਤੇ ਧਰਮ ਦੇ ਪ੍ਰਚਾਰ ਤੇ ਖੋਜ ਲਈ ਖਰਚ ਕੀਤਾ ਜਾਣਾ ਲਾਹੇਵੰਦ ਸਿੱਧ ਹੋਵੇਗਾ ।

# ਪਿੰਜਰਾ



ਲਿਖਤ
ਲਖਵਿੰਦਰ ਕੌਰ ਸਿੱਧੂ
9779558714



ਰੂਹ ਝਿੰਜੋੜ ਕੇ ਰੱਖ ਦਿੰਦਾ ਉਹ ਸੋਹਣਾ ਜਾ ਸਮਾਂ ਜਦੋਂ ਮਾਪਿਆਂ ਦੇ ਘਰ ਰਾਜਕੁਮਾਰੀਆਂ ਵਾਲਾ ਜੀਵਨ ਸੀ,,ਬੱਸ ਖਾਣ ਪੀਣ,ਪੜ੍ਹਾਈ ਤੇ ਕੱਪੜਿਆਂ ਦਾ ਫ਼ਿਕਰ ਸੀ,,ਉੱਚੇ ਸੁਪਨੇ ਸੀ,ਕਿਤਾਬਾਂ ਨਾਲ ਪਿਆਰ ਸੀ,,ਸਵੇਰ ਤੋਂ ਸ਼ਾਮ ਤੱਕ ਹਾਸੇ ਖੇਡੇ ਈ ਜਿੰਦਗੀ ਸੀ!... ਮਾਂ ਨੇ ਕਹਿਣਾ ਹੱਸਣ ਤੋਂ ਤੇ ਸ਼ਰਾਰਤਾਂ ਤੋਂ ਬਿਨਾ ਕਬੀਲਦਾਰੀ ਦਾ ਚੱਜ ਸਿੱਖ ਲੈ,,ਸੌਖੀ ਰਹੇਗੀ। ਤੇ ਸਾਡਾ ਸਵਾਲ ਹੁੰਦਾ ਮਾਂ ਉਹ ਕੀ ਹੁੰਦੀ ਐ..?

ਨਾਂ ਮੈਂ ਨੀ ਮਾਂ ਤੇਰੇ ਵਾਲੇ ਕੰਮ ਕਰਨੇ ਮੇਰੇ ਤੇ "ਸਿਰ ਤੇ ਤਾਜ਼ ਹੋਊਗਾ ਤੇ ਇੱਕ ਉੱਚੀ ਸਾਰੀ ਸਟੇਜ ਤੇ ਤੇਰੀ ਲਾਡਲੀ ਹੋਊਗੀ ਨੀਚੇ ਖੜ੍ਹੇ ਲੋਕ ਤੇਰੀ ਧੀ ਲਈ ਇੰਨੀਆਂ ਤਾੜੀਆਂ ਮਾਰਦੇ ਹੋਣਗੇ ਵੀ ਆਸਮਾਨ ਦੇ ਕੰਨਾਂ ਤੱਕ ਗੂੰਜ ਪਿਆ ਕਰੂਗੀ। "

ਮਾਂ ਨੇ ਹੱਸ ਕੇ ਕਹਿਣਾ ਕਮਲੀ ਨਾ ਹੋਵੇ ਮੇਰੀ ਜਾ ਬੈਠ ਕੇ ਪੜ੍ਹ ਫੇਰ।

ਆਪਣੀਆ ਕਿਤਾਬਾਂ ਨਾਲ ਸਦਰਾਂ ਨੂੰ ਅੱਖਾਂ ਤੇ ਪਲਕਾਂ ਵਿਚਲੇ ਸਮਾ ਕੇ ਬੈਠ ਕੇ ਸੁਪਨੇ ਸਜਾਉਣ ਲੱਗ ਜਾਣੇ।

ਸਮਾਜ ਦੀਆਂ ਜੜਾਂ ਨਾਲ ਜੁੜੇ ਮਾਪਿਆਂ ਨੇ ਬੱਸ ਇੱਕ ਗਲਤੀ ਕਰ ਛੱਡੀ ਉਸ ਮਾਸੂਮ ਦੇ ਹੱਥਾਂ ਚੋ ਕਿਤਾਬਾਂ ਫੜ੍ਹ ਕੇ ਓਹਨੂੰ ਇੱਕ ਅਣਜਾਣ ਬੇਮੋਹੇ ਲੋਕਾਂ ਦੀ ਨਗਰੀ ਵਿੱਚ ਇੱਕ ਸੋਹਣੀ ਜਿੰਦਗੀ ਜਿਓਣ ਲਈ ਭੇਜ ਦਿੱਤਾ।

ਨਾਂ ਈ ਉਹ ਲੋਕ ਓਹਦੇ ਆਪਣੇ ਸੀ ਤੇ ਨਾ ਈ ਓਹਦੇ ਦਰਦੀ!

ਤੇ ਫੇਰ ਹਰੇਕ ਸਵੇਰ ਉਹਦੇ ਖ਼ਵਾਬ ਸਿਤਮ ਕਰਕੇ ਹੀ ਚੜੀ !

ਇਕਦਮ ਬਦਲੀ ਜਿੰਦਗੀ ਨੇ ਸਭ ਕੁੱਝ ਤਹਿਸ ਨਹਿਸ ਕਰਕੇ ਧਰਤਾ,,ਜਿੰਦਗੀ ਨੇ ਐਸੀ ਪਲਕ ਝਮਕੀ,,ਉਹ ਸ਼ਾਨੋ ਸੌਕਤਾਂ ਵਾਲੀ ਜਿੰਦਗੀ,,ਦੁੱਖਾਂ ਕਲੇਸ਼ਾਂ ,ਗਰੀਬੀ,ਤਾਹਨਿਆ, ਫ਼ਿਕਰਾਂ ਤੇ ਮੁਸੀਬਤਾਂ ਨੇ ਘੇਰ ਲਈ!

ਅਸਮਾਨੀ ਪਰਿੰਦਾ ਬਣ ਕੇ ਉੱਡਣ ਦੇ ਖ਼ਵਾਬ ਲੈਣ ਵਾਲੀ ਇੱਕ ਅਜਿਹੇ ਪਿੰਜਰੇ ਦੀ ਕੈਦੀ ਬਣ ਗਈ ਜਿਸਦਾ ਜਿੰਦਰਾ ਸਿਰਫ ਉਹਦੀ ਮੌਤ ਦ ਸੁਨੇਹਾ ਲੈਕੇ ਆਇਆ ਡਾਕੀਆ ਈ ਖੋਲ੍ਹ ਸਕਦਾ ਸੀ!

ਉਹ ਮਾਂ ਪਿਓ ਦੀ ਲਾਡਾਂ ਚਾਵਾਂ ਨਾਲ ਪਾਲੀ ਕਦੋਂ ਰਾਜਕੁਮਾਰੀ ਤੋਂ ਭਿਖਾਰਨ ਬਣ ਗਈ ,,ਪਤਾ ਵੀ ਨੀ ਚੱਲਿਆ !ਬਾਪ ਹਰੇਕ ਧੀ ਦਾ ਰਾਜਾ ਹੁੰਦਾ ਜੋ ਆਪਣੀ ਲਾਡਲੀ ਨੂੰ ਰਾਜਕੁਮਾਰੀਆਂ ਵਾਂਗੂੰ ਪਾਲਦਾ,,,ਪਰ ਹਮਸਫ਼ਰ ਉਸ ਰਾਜੇ ਦੀ ਲਾਡਾਂ ਚਾਵਾਂ ਨਾ.ਲ ਪਾਲੀ ਨੂੰ ਜੇਕਰ ਓਹਦੇ ਬਾਪ ਵਾਂਗ ਈ ਸਾਂਭ ਲਵੇ ਤੇ ਉਹ ਰਾਜਕੁਮਾਰੀ ਤੋਂ ਮਹਾਰਾਣੀ ਬਣ ਜਾਂਦੀ ਐ ਤੇ ਜੇਕਰ ਠੋਕਰ ਮਾਰ ਜਾਵੇ ਤੇ ਉਹ ਬਾਪ ਦੀ ਲਾਡਲੀ ਭਿਖਾਰਨ ਬਣ ਜਾਂਦੀ ਐ,,,ਤੇ ਅਕਸਰ ਆਪਣੀਂ ਜਿੱਲਤ ਭਰੀ ਜਿੰਦਗੀ ਨੂੰ ਸਿਸਕੀਆਂ ਤੇ ਹੌਕਿਆਂ ਨਾਲ ਝਿੰਜੋੜਦੀ ਹੋਈ ਪੁੱਛਦੀ ਐ ਕਿ ਤੂੰ ਵੀ ਕਦੇ ਮਾਣ ਇੱਜ਼ਤ ਵਰਗੀ ਕੋਈ ਸ਼ਹਿ ਵੇਖੀ ਐ ......ਸ਼ਾਇਦ ਉਸਦੇ ਇਸ ਸਵਾਲ ਦਾ ਜਵਾਬ ਓਸਦੇ ਸਿਵੇ ਚੋ ਨਿਕਲਦੀਆਂ ਲਾਟਾਂ ਈ ਦਿੰਦਿਆਂ ਹੋਣੀਆ... ਜਦੋਂ ਕੁਰਲਾਉਂਦੀ ਮਾਂ ਦੁਹਾਈਆਂ ਪਾਉਂਦੀ ਉਸ ਮਾਸੂਮ ਦੀ ਮਚਦੀ ਲਾਸ਼ ਵੱਲ ਵੇਖ ਰੱਬ ਨੂੰ ਸਵਾਲ ਕਰਦੀ ਐ ਕਿਉਂ ਵੇ ਡਾਢਿਆ !ਮੇਰੀ ਕੋਮਲ ਕਲੀ ਨੇ ਤਾਂ ਚੰਗੀ ਤਰ੍ਹਾਂ ਕਬੀਲਦਾਰੀ ਪੜ੍ਹ ਸਿੱਖ ਲਈ ਸੀ ਫੇਰ ਅੱਜ ਕਿਉਂ ਮੇਰੀ ਲਾਡਲੀ ਨੂੰ ਖੁਸ਼ੀਆਂ ਹਾਸਿਆਂ ਤੇ ਪਿਆਰ ਸਤਿਕਾਰ ਤੋਂ ਵਾਂਝੀ ਈ ਲੈ ਚੱਲਿਆ।

# ਸਿੱਖਾਂ ਨੂੰ ਸ਼ੇਰੇ ਪੰਜਾਬ ਕੰਪਲੈਕਸ ਪੈਰਿਸ ਸਕੂਲ ਕਿਉਂ ਸਥਾਪਤ ਕਰਨਾ ਪਿਆ?

ਲੇਖਕ : ਬਲਵਿੰਦਰ ਪਾਲ ਸਿੰਘ ਪ੍ਰੋਫੈਸਰ
ਸੰਪਰਕ : 9815700916




- ਫਰਾਂਸ ਵਿੱਚ ਲਗਭਗ 30,000 ਸਿੱਖ ਰਹਿੰਦੇ ਜੋ ਕਰ ਰਹੇ ਨੇ ਦਸਤਾਰ ਉੱਤੇ ਪਾਬੰਦੀ ਵਿਰੁੱਧ ਸੰਘਰਸ਼
- ਚੈਰਿਟੀ ਕਾਰਣ ਸਿੱਖਾਂ ਨੇ ਫਰਾਂਸੀਸੀਆਂ ਦਾ ਦਿਲ ਜਿੱਤਿਆ

ਫਰਾਂਸ ਵਿੱਚ ਸਿੱਖ ਭਾਈਚਾਰਾ ਭਾਵੇਂ ਛੋਟਾ ਹੈ, ਪਰ ਉਸ ਦੀ ਮੌਜੂਦਗੀ ਅਤੇ ਪ੍ਰਭਾਵ ਕਾਫੀ ਮਜ਼ਬੂਤ ਹੈ। ਫਰਾਂਸ ਵਿੱਚ ਲਗਭਗ 30,000 ਸਿੱਖ ਰਹਿੰਦੇ ਹਨ, ਅਤੇ ਉਨ੍ਹਾਂ ਦਾ ਮੁੱਖ ਅੱਡਾ ਪੈਰਿਸ ਦੇ ਨੇੜੇ ਬੋਬਿਗਨੀ ਸ਼ਹਿਰ ਵਿੱਚ ਹੈ, ਜਿੱਥੇ ਇੱਕ ਗੁਰਦੁਆਰਾ ਵੀ ਸਥਿਤ ਹੈ। ਭਾਈਚਾਰੇ ਨੇ ਸਮੇਂ ਦੇ ਨਾਲ ਆਪਣੀ ਸਭਿਆਚਾਰ ਅਤੇ ਧਰਮ ਨੂੰ ਕਾਇਮ ਰੱਖਿਆ ਹੈ, ਖਾਸ ਕਰਕੇ 2004 ਵਿੱਚ ਜਦੋਂ ਫਰਾਂਸ ਸਰਕਾਰ ਨੇ ਸਰਕਾਰੀ ਸਕੂਲਾਂ ਵਿੱਚ ਦਸਤਾਰ ਵਰਗੇ ਧਾਰਮਿਕ ਪ੍ਰਤੀਕਾਂ ’ਤੇ ਪਾਬੰਦੀ ਲਗਾਈ ਸੀ। ਇਸ ਦੇ ਬਾਵਜੂਦ, ਸਿੱਖ ਭਾਈਚਾਰੇ ਨੇ ਕਦੇ ਹਾਰ ਨਹੀਂ ਮੰਨੀ ਅਤੇ ਆਪਣੀ ਪਛਾਣ ਨੂੰ ਬਰਕਰਾਰ ਰੱਖਿਆ। ਚਾਹੇ ਉਨ੍ਹਾਂ ਦੇ ਧਾਰਮਿਕ ਸਥਾਨ ਹੋਣ ਜਾਂ ਸਭਿਆਚਾਰਕ ਪ੍ਰੋਗਰਾਮ, ਸਿੱਖ ਭਾਈਚਾਰੇ ਨੇ ਫਰਾਂਸ ਵਿੱਚ ਆਪਣੀ ਜਗ੍ਹਾ ਬਣਾਈ ਹੈ ਅਤੇ ਦੇਸ਼ ਦੇ ਸਮਾਜਿਕ ਢਾਂਚੇ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

## ਦਸਤਾਰ ’ਤੇ ਪਾਬੰਦੀ ਵਿਰੁੱਧ ਸਿੱਖ ਸੰਘਰਸ਼

ਜਾਣਕਾਰੀ ਅਨੁਸਾਰ, 2004 ਵਿੱਚ ਫਰਾਂਸ ਸਰਕਾਰ ਦੁਆਰਾ ਪਾਸ ਕੀਤੇ ਗਏ ਕਾਨੂੰਨ ਅਨੁਸਾਰ, ਸਰਕਾਰੀ ਸਕੂਲਾਂ ਵਿੱਚ ਧਾਰਮਿਕ ਪ੍ਰਤੀਕਾਂ ਨੂੰ ਹਟਾਉਣ ਦਾ ਹੁਕਮ ਦਿੱਤਾ ਗਿਆ ਸੀ। ਇਸ ਕਾਨੂੰਨ ਅਧੀਨ ਸਿੱਖ ਵਿਦਿਆਰਥੀਆਂ ਨੂੰ ਸਿਰ ’ਤੇ ਦਸਤਾਰ ਪਹਿਨਣ ਦੀ ਇਜਾਜ਼ਤ ਨਹੀਂ ਸੀ। ਇਹ ਫੈਸਲਾ ਸਿੱਖ ਭਾਈਚਾਰੇ ਲਈ ਵੱਡੇ ਸਦਮੇ ਵਜੋਂ ਆਇਆ ਅਤੇ ਇਸ ਦੇ ਵਿਰੁੱਧ ਤਿੱਖਾ ਵਿਰੋਧ ਹੋਇਆ। ਖਾਸ ਕਰਕੇ ਪੈਰਿਸ ਦੇ ਨੇੜੇ ਕੁਝ ਸਕੂਲਾਂ ਵਿੱਚ ਪੰਜ 5 ਸਿੱਖ ਵਿਦਿਆਰਥੀਆਂ ਨੂੰ ਦਸਤਾਰ ਪਹਿਨਣ ਕਾਰਨ ਕਲਾਸਾਂ ਤੋਂ ਬਾਹਰ ਕੱਢ ਦਿੱਤਾ ਗਿਆ ਸੀ। ਇਸ ਫੈਸਲੇ ਤੋਂ ਬਾਅਦ, ਸਿੱਖ ਭਾਈਚਾਰੇ ਨੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਦਸਤਾਰ ’ਤੇ ਪਾਬੰਦੀ ਹਟਾਈ ਜਾਵੇ। ਸਿੱਖ ਭਾਈਚਾਰੇ ਨੇ ਅੰਤਰਰਾਸ਼ਟਰੀ ਪੱਧਰ ’ਤੇ, ਜਿਵੇਂ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮੇਟੀ ਵਿੱਚ, ਇਸ ਮੁੱਦੇ ਨੂੰ ਉਠਾਇਆ। 2012 ਵਿੱਚ, ਸੰਯੁਕਤ ਰਾਸ਼ਟਰ ਨੇ ਫਰਾਂਸ ਦੀ ਪਾਬੰਦੀ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਾਰ ਦਿੱਤਾ, ਪਰ ਫਰਾਂਸ ਨੇ ਇਸ ਨੂੰ ਪੂਰੀ ਤਰ੍ਹਾਂ ਨਹੀਂ ਮੰਨਿਆ। ਸਿੱਖ ਭਾਈਚਾਰੇ ਨੇ ਸਥਾਨਕ ਅਧਿਕਾਰੀਆਂ ਅਤੇ ਸਮਾਜ ਨਾਲ ਸੰਵਾਦ ਜਾਰੀ ਰੱਖਿਆ, ਤਾਂ ਜੋ ਦਸਤਾਰ ਨੂੰ ਸਭਿਆਚਾਰਕ ਅਤੇ ਧਾਰਮਿਕ ਪ੍ਰਤੀਕ ਵਜੋਂ ਸਵੀਕਾਰਿਆ ਜਾਵੇ। ਪਰ ਕੋਈ ਸਕਾਰਾਤਮਕ ਨਤੀਜਾ ਨਹੀਂ ਨਿਕਲਿਆ। ਇਸ ਤੋਂ ਬਾਅਦ, ਸਿੱਖਾਂ ਨੇ ਆਪਣਾ ਨਿੱਜੀ ਸਿੱਖ ਸਕੂਲ ਸਥਾਪਿਤ ਕੀਤਾ, ਜਿਸ ਨੂੰ “ਸ਼ੇਰ ਪੰਜਾਬ ਕੰਪਲੈਕਸ” ਨਾਮ ਦਿੱਤਾ ਗਿਆ।

“ਸ਼ੇਰੇ ਪੰਜਾਬ ਕੰਪਲੈਕਸ” ਪੈਰਿਸ ਵਿੱਚ ਸਥਿਤ ਇੱਕ ਨਿੱਜੀ ਸਿੱਖ ਸਕੂਲ ਹੈ, ਜੋ ਫਰਾਂਸੀਸੀ ਅਧਿਕਾਰੀਆਂ ਦੁਆਰਾ ਧਾਰਮਿਕ ਪ੍ਰਤੀਕਾਂ, ਖਾਸ ਕਰਕੇ ਸਿੱਖ ਦਸਤਾਰ ’ਤੇ ਪਾਬੰਦੀ ਕਾਰਨ ਸਥਾਪਿਤ ਕੀਤਾ ਗਿਆ ਸੀ। ਇਹ ਸਕੂਲ ਇੱਕ ਸਥਾਨਕ ਸਿੱਖ ਵਪਾਰੀ ਦੁਆਰਾ ਸਥਾਪਿਤ ਕੀਤਾ ਗਿਆ ਸੀ, ਜਿਸ ਦੇ ਪੁੱਤਰ ਨੂੰ 2004 ਵਿੱਚ ਸਰਕਾਰੀ ਸਕੂਲ ਵਿੱਚੋਂ ਕੱਢ ਦਿੱਤਾ ਗਿਆ ਸੀ ਕਿਉਂਕਿ ਉਸ ਨੇ ਕਲਾਸ ਵਿੱਚ ਦਸਤਾਰ ਨਹੀਂ ਉਤਾਰੀ ਸੀ। ਇਸ ਸਕੂਲ ਦੀ ਸਥਾਪਨਾ ਲਈ ਲਗਭਗ 300,000 ਯੂਰੋ ਦੀ ਲਾਗਤ ਆਈ ਸੀ, ਜਿਸ ਵਿੱਚ ਇਮਾਰਤ ਦੀ ਲਾਗਤ ਸ਼ਾਮਲ ਨਹੀਂ ਸੀ। ਇਸ ਸਕੂਲ ਦੀ ਸ਼ੁਰੂਆਤ 15 ਵਿਦਿਆਰਥੀਆਂ ਨਾਲ ਹੋਈ ਸੀ, ਪਰ ਹੁਣ ਇਹ ਗਿਣਤੀ ਕਾਫੀ ਵਧ ਗਈ ਹੈ ਅਤੇ ਇਹ ਸਿੱਖ ਭਾਈਚਾਰੇ ਦੇ ਬੱਚਿਆਂ ਲਈ ਮਹੱਤਵਪੂਰਨ ਸਿੱਖਿਆ ਕੇਂਦਰ ਬਣ ਗਿਆ ਹੈ।

## ਫਰਾਂਸ ਵਿੱਚ ਗੁਰਦੁਆਰੇ

ਜਾਣਕਾਰੀ ਅਨੁਸਾਰ, ਫਰਾਂਸ ਵਿੱਚ ਕੁੱਲ ਪੰਜ ਗੁਰਦੁਆਰੇ ਹਨ, ਜੋ ਸਾਰੇ ਪੈਰਿਸ ਸ਼ਹਿਰ ਵਿੱਚ ਸਥਿਤ ਹਨ। ਇਹ ਗੁਰਦੁਆਰੇ ਸਿੱਖ ਸਮੁਦਾਇ ਦੇ ਧਾਰਮਿਕ ਅਤੇ ਸਭਿਆਚਾਰਕ ਜੀਵਨ ਦਾ ਅਹਿਮ ਹਿੱਸਾ ਹਨ। ਫਰਾਂਸ ਦੇ ਗੁਰਦੁਆਰਿਆਂ ਵਿੱਚੋਂ ਕੁਝ ਮੁੱਖ ਨਾਮ ਇਸ ਪ੍ਰਕਾਰ ਹਨ:ਗੁਰਦੁਆਰਾ ਸਿੰਘ ਸਭਾ ਅਸੋਸੀਏਸ਼ਨ, ਬੋਬਿਗਨੀਗੁਰਦੁਆਰਾ ਸਾਹਿਬ, ਬਰਗੇਟ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ, ਬੌਂਡੀ ਗੁਰਦੁਆਰਾ ਸਾਹਿਬ, ਵਿਲੇ ਪੈਂਟਿਨਇਸ ਤੋਂ ਇਲਾਵਾ, ਫਰਾਂਸ ਦੇ ਹੋਰ ਸ਼ਹਿਰਾਂ ਵਿੱਚ ਵੀ ਸਿੱਖ ਭਾਈਚਾਰੇ ਦੀ ਮੌਜੂਦਗੀ ਹੈ, ਜਿਨ੍ਹਾਂ ਵਿੱਚ ਡਰਾਂਸੀ, ਬੋਬਿਗਨੀ, ਬੌਂਡੀ, ਰੋਮਾਂਵੀਲ, ਵਿਲੇ ਪੈਂਟਿਨ ਅਤੇ ਪੈਂਟਿਨ ਵਰਗੇ ਖੇਤਰ ਮੁੱਖ ਹਨ। ਇਹ ਖੇਤਰ ਸਿੱਖ ਧਾਰਮਿਕ ਅਤੇ ਸਭਿਆਚਾਰਕ ਸਮਾਗਮਾਂ ਦਾ ਕੇਂਦਰ ਬਣੇ ਹੋਏ ਹਨ।ਸਿੱਖ ਭਾਈਚਾਰਾ ਗੁਰਦੁਆਰਿਆਂ ਵਿੱਚ ਗੁਰਮੁਖੀ ਅਤੇ ਸਿੱਖ ਧਰਮ ਦੀ ਸਿੱਖਿਆ ਦੇਣ ਵਾਲੇ ਸੰਡੇ ਸਕੂਲ ਜਾਂ ਸਮਾਜਿਕ ਪ੍ਰੋਗਰਾਮ ਚਲਾਉਂਦਾ ਹੈ। ਇਹ ਪ੍ਰੋਗਰਾਮ ਮੁੱਖ ਤੌਰ 'ਤੇ ਬੱਚਿਆਂ ਨੂੰ ਸਿੱਖ ਸੱਭਿਆਚਾਰ, ਇਤਿਹਾਸ ਅਤੇ ਗੁਰਬਾਣੀ ਦੀ ਸਿੱਖਿਆ ਦਿੰਦੇ ਹਨ।

## ਦਸਤਾਰ ਦੀ ਪਾਬੰਦੀ ਦਾ ਅਸਰ

ਦਸਤਾਰ 'ਤੇ ਪਾਬੰਦੀ ਦਾ ਸਿੱਖ ਭਾਈਚਾਰੇ 'ਤੇ ਡੂੰਘਾ ਸਮਾਜਿਕ ਅਤੇ ਮਨੋਵਿਗਿਆਨਕ ਅਸਰ ਪਿਆ ਹੈ:ਸਿੱਖਿਆ 'ਤੇ ਅਸਰ: ਸਕੂਲਾਂ ਵਿੱਚ ਦਸਤਾਰ 'ਤੇ ਪਾਬੰਦੀ ਕਾਰਨ ਕਈ ਸਿੱਖ ਵਿਦਿਆਰਥੀਆਂ ਨੂੰ ਸਕੂਲ ਛੱਡਣਾ ਪਿਆ, ਜਿਸ ਨਾਲ ਉਨ੍ਹਾਂ ਦੀ ਸਿੱਖਿਆ ਪ੍ਰਭਾਵਿਤ ਹੋਈ। ਦਸਤਾਰ ਸਿੱਖ ਪਛਾਣ ਦਾ ਅਹਿਮ ਹਿੱਸਾ ਹੈ। ਇਸ 'ਤੇ ਪਾਬੰਦੀ ਨੇ ਸਿੱਖ ਨੌਜਵਾਨਾਂ ਵਿੱਚ ਪਛਾਣ ਦੇ ਸੰਕਟ ਨੂੰ ਵਧਾਇਆ ਹੈ।

ਪਾਬੰਦੀ ਕਾਰਨ ਸਿੱਖ ਭਾਈਚਾਰੇ ਨੂੰ ਸਮਾਜਿਕ ਅਤੇ ਸੱਭਿਆਚਾਰਕ ਅਲੱਗ-ਥਲੱਗਤਾ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਉਹ ਆਪਣੀ ਧਾਰਮਿਕ ਪਛਾਣ ਨੂੰ ਖੁੱਲ੍ਹ ਕੇ ਪ੍ਰਗਟ ਨਹੀਂ ਕਰ ਸਕਦੇ।ਕਾਨੂੰਨੀ ਸੰਘਰਸ਼: ਸਿੱਖ ਸੰਗਠਨਾਂ ਨੇ ਇਸ ਮੁੱਦੇ ਨੂੰ ਅਦਾਲਤਾਂ ਅਤੇ ਅੰਤਰਰਾਸ਼ਟਰੀ ਮੰਚਾਂ (ਜਿਵੇਂ ਸੰਯੁਕਤ ਰਾਸ਼ਟਰ) 'ਤੇ ਉਠਾਇਆ ਹੈ, ਪਰ ਸਫਲਤਾ ਸੀਮਤ ਰਹੀ ਹੈ। ਇਸ ਨੇ ਸਿੱਖ ਭਾਈਚਾਰੇ ਵਿੱਚ ਇੱਕ ਸੰਘਰਸ਼ ਦੀ ਭਾਵਨਾ ਨੂੰ ਜਨਮ ਦਿੱਤਾ ਹੈ।

## ਵਿਸ਼ਵ ਦੀਆਂ ਅਖਬਾਰਾਂ ਇਸ ਮਾਮਲੇ ਬਾਰੇ ਕੀ ਕਹਿੰਦੀਆਂ ਹਨ?

ਵਿਸ਼ਵ ਮੀਡੀਆ ਨੇ ਫਰਾਂਸ ਵਿੱਚ ਸਿੱਖ ਦਸਤਾਰ ’ਤੇ ਪਾਬੰਦੀ ਦੇ ਮੁੱਦੇ ਨੂੰ ਕਈ ਵਾਰ ਚੁੱਕਿਆ ਹੈ।ਬੀਬੀਸੀ (2004-2012): ਬੀਬੀਸੀ ਨੇ ਰਿਪੋਰਟ ਕੀਤਾ ਕਿ ਫਰਾਂਸ ਦੀ ਪਾਬੰਦੀ ਨੇ ਸਿੱਖ ਭਾਈਚਾਰੇ ਵਿੱਚ ਰੋਸ ਪੈਦਾ ਕੀਤਾ ਅਤੇ ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰ ਕਮੇਟੀ ਨੇ 2012 ਵਿੱਚ ਇਸ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਾਰ ਦਿੱਤਾ।ਦਾ ਗਾਰਡੀਅਨ ਯੂਕੇ ਨੇ ਫਰਾਂਸ ਦੇ ਧਰਮ ਨਿਰਪੱਖਤਾ ਦੇ ਸਿਧਾਂਤ ਅਤੇ ਧਾਰਮਿਕ ਆਜ਼ਾਦੀ ਦੇ ਵਿਚਕਾਰ ਤਣਾਅ ’ਤੇ ਚਰਚਾ ਕੀਤੀ, ਅਤੇ ਸਿੱਖਾਂ ਦੀ ਨਿੱਜੀ ਸਕੂਲ ਸਥਾਪਨਾ ਨੂੰ ਇੱਕ ਸਕਾਰਾਤਮਕ ਕਦਮ ਦੱਸਿਆ।ਦਾ ਨਿਊਯਾਰਕ ਟਾਈਮਜ਼ ਨੇ ਸਿੱਖ ਭਾਈਚਾਰੇ ਦੇ ਸੰਘਰਸ਼ ਅਤੇ ਸ਼ੇਰ ਪੰਜਾਬ ਕੰਪਲੈਕਸ ਦੀ ਸਥਾਪਨਾ ਨੂੰ ਭਾਈਚਾਰੇ ਦੀ ਦ੍ਰਿੜਤਾ ਦਾ ਪ੍ਰਤੀਕ ਦੱਸਿਆ।

ਅਲ ਜਜੀਰਾ ਨੇ ਫਰਾਂਸ ਦੀ ਪਾਬੰਦੀ ਨੂੰ ਘੱਟ-ਗਿਣਤੀ ਭਾਈਚਾਰਿਆਂ ਦੇ ਵਿਰੁੱਧ ਵਿਤਕਰੇ ਵਜੋਂ ਪੇਸ਼ ਕੀਤਾ ਅਤੇ ਸਿੱਖ ਭਾਈਚਾਰੇ ਦੀ ਅੰਤਰਰਾਸ਼ਟਰੀ ਅਪੀਲ ’ਤੇ ਜ਼ੋਰ ਦਿੱਤਾ।

ਇੰਡੀਅਨ ਐਕਸਪ੍ਰੈਸ ਅਤੇ ਦਾ ਹਿੰਦੂ ਭਾਰਤੀ ਅਖਬਾਰਾਂ ਨੇ ਸਿੱਖ ਭਾਈਚਾਰੇ ਦੀ ਹਿੰਮਤ ਅਤੇ ਸਭਿਆਚਾਰਕ ਪਛਾਣ ਨੂੰ ਬਰਕਰਾਰ ਰੱਖਣ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ, ਅਤੇ ਸੰਯੁਕਤ ਰਾਸ਼ਟਰ ਦੇ ਫੈਸਲੇ ਨੂੰ ਸਿੱਖਾਂ ਦੀ ਜਿੱਤ ਵਜੋਂ ਪੇਸ਼ ਕੀਤਾ।ਮੀਡੀਆ ਵਿੱਚ ਆਮ ਤੌਰ ’ਤੇ ਇਹ ਸਹਿਮਤੀ ਹੈ ਕਿ ਫਰਾਂਸ ਦੀ ਸਖਤ ਧਰਮ ਨਿਰਪੱਖਤਾ ਨੀਤੀ ਨੇ ਸਿੱਖ ਭਾਈਚਾਰੇ ਦੀ ਧਾਰਮਿਕ ਆਜ਼ਾਦੀ ਨੂੰ ਸੀਮਤ ਕੀਤਾ, ਪਰ ਸਿੱਖਾਂ ਦੀ ਸਥਾਨਕ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਲੜਾਈ ਨੇ ਉਨ੍ਹਾਂ ਦੀ ਪਛਾਣ ਨੂੰ ਮਜ਼ਬੂਤ ਕੀਤਾ।

## ਰਾਜਨੀਤਕ ਅਤੇ ਪ੍ਰਸ਼ਾਸਨਿਕ ਪ੍ਰਾਪਤੀਆਂ

ਫਰਾਂਸ ਵਿੱਚ ਸਿੱਖ ਭਾਈਚਾਰੇ ਦੀ ਰਾਜਨੀਤਕ ਅਤੇ ਪ੍ਰਸ਼ਾਸਨਿਕ ਖੇਤਰ ਵਿੱਚ ਮੌਜੂਦਗੀ ਸੀਮਤ ਹੈ। ਸਿੱਖਾਂ ਦੀ ਘੱਟ ਅਬਾਦੀ ਅਤੇ ਫਰਾਂਸ ਦੀ ਸਖਤ ਧਰਮ ਨਿਰਪੱਖਤਾ ਨੀਤੀਆਂ ਕਾਰਨ ਉੱਚ ਪੱਧਰੀ ਸਰਕਾਰੀ ਅਹੁਦਿਆਂ 'ਤੇ ਸਿੱਖਾਂ ਦੀ ਨੁਮਾਇੰਦਗੀ ਨਹੀਂ ਦਿਖਾਈ ਦਿੰਦੀ। ਹਾਲਾਂਕਿ, ਸਿੱਖ ਭਾਈਚਾਰੇ ਨੇ ਸਥਾਨਕ ਪੱਧਰ 'ਤੇ ਆਪਣੀ ਪਛਾਣ ਨੂੰ ਬਰਕਰਾਰ ਰੱਖਣ ਲਈ ਕੁਝ ਯਤਨ ਕੀਤੇ ਹਨ, ਜਿਵੇਂ ਕਿ ਸਿੱਖ ਸੰਸਥਾਵਾਂ ਅਤੇ ਗੁਰਦੁਆਰਿਆਂ ਰਾਹੀਂ ਸਮਾਜਿਕ ਅਤੇ ਸੱਭਿਆਚਾਰਕ ਗਤੀਵਿਧੀਆਂ ਚਲਾਈਆਂ ਹਨ। ਕੁਝ ਸਿੱਖ ਨੌਜਵਾਨ ਸਥਾਨਕ ਸਮਾਜਿਕ ਅਤੇ ਵਪਾਰਕ ਖੇਤਰਾਂ ਵਿੱਚ ਸਰਗਰਮ ਹਨ, ਪਰ ਸਪਸ਼ਟ ਰਾਜਨੀਤਕ ਪ੍ਰਾਪਤੀਆਂ ਦੀਆਂ ਮਿਸਾਲਾਂ ਬਹੁਤ ਘੱਟ ਹਨ।

## ਚੈਰਿਟੀ ਵਿੱਚ ਯੋਗਦਾਨ

ਸਿੱਖ ਧਰਮ ਦੀ ਮੁੱਖ ਸਿੱਖਿਆ "ਸੇਵਾ" ਅਤੇ "ਵੰਡ ਛਕਣਾ" ਦੇ ਸਿਧਾਂਤ 'ਤੇ ਆਧਾਰਿਤ ਹੈ। ਫਰਾਂਸ ਵਿੱਚ ਸਿੱਖ ਭਾਈਚਾਰਾ, ਖਾਸ ਕਰਕੇ ਗੁਰਦੁਆਰਿਆਂ ਰਾਹੀਂ, ਚੈਰਿਟੀ ਅਤੇ ਸਮਾਜ ਸੇਵਾ ਵਿੱਚ ਸਰਗਰਮ ਹੈ। ਪੈਰਿਸ ਦੇ ਨੇੜੇ ਸਥਿਤ ਗੁਰਦੁਆਰਾ ਸਿੰਘ ਸਭਾ ਬੋਬਿਨੀ ਵਰਗੀਆਂ ਸੰਸਥਾਵਾਂ ਵਿੱਚ ਲੰਗਰ ਸੇਵਾ ਨਿਯਮਤ ਤੌਰ 'ਤੇ ਚੱਲਦੀ ਹੈ, ਜਿੱਥੇ ਸਾਰੇ ਧਰਮਾਂ ਅਤੇ ਪਿਛੋਕੜ ਦੇ ਲੋਕਾਂ ਨੂੰ ਮੁਫਤ ਭੋਜਨ ਪ੍ਰਦਾਨ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ, ਸਿੱਖ ਸੰਗਠਨ ਆਫਤਾਂ (ਜਿਵੇਂ ਹੜ੍ਹ ਜਾਂ ਹੋਰ ਕੁਦਰਤੀ ਆਫਤਾਂ) ਦੌਰਾਨ ਮਦਦ ਅਤੇ ਰਾਹਤ ਸਮੱਗਰੀ ਵੰਡਣ ਵਿੱਚ ਵੀ ਸ਼ਾਮਲ ਹੁੰਦੇ ਹਨ। ਸਿੱਖ ਸੰਸਥਾਵਾਂ ਨੇ ਗਰੀਬੀ, ਭੁੱਖਮਰੀ ਅਤੇ ਸਮਾਜਿਕ ਅਸਮਾਨਤਾ ਨੂੰ ਦੂਰ ਕਰਨ ਲਈ ਵੀ ਵਿਸ਼ਾਲ ਯੋਗਦਾਨ ਪਾਇਆ ਹੈ, ਜਿਸ ਵਿੱਚ ਬੇਘਰ ਲੋਕਾਂ ਨੂੰ ਭੋਜਨ ਅਤੇ ਸਹਾਇਤਾ ਪ੍ਰਦਾਨ ਕਰਨਾ ਸ਼ਾਮਲ ਹੈ।

ਫਰਾਂਸ ਵਿੱਚ ਸਿੱਖ ਭਾਈਚਾਰਾ ਛੋਟਾ ਹੋਣ ਦੇ ਬਾਵਜੂਦ ਆਪਣੀ ਪਛਾਣ ਅਤੇ ਸੱਭਿਆਚਾਰ ਨੂੰ ਬਰਕਰਾਰ ਰੱਖਣ ਲਈ ਸਰਗਰਮ ਹੈ। ਚੈਰਿਟੀ ਅਤੇ ਸਮਾਜ ਸੇਵਾ ਵਿੱਚ ਉਨ੍ਹਾਂ ਦਾ ਯੋਗਦਾਨ ਮਹੱਤਵਪੂਰਨ ਹੈ, ਪਰ ਰਾਜਨੀਤਕ ਅਤੇ ਪ੍ਰਸ਼ਾਸਨਿਕ ਖੇਤਰ ਵਿੱਚ ਪ੍ਰਾਪਤੀਆਂ ਸੀਮਤ ਹਨ। ਦਸਤਾਰ 'ਤੇ ਪਾਬੰਦੀ ਅਤੇ ਸਿੱਖ ਸਕੂਲਾਂ ਦੀ ਘਾਟ ਨੇ ਸਿੱਖ ਨੌਜਵਾਨਾਂ ਦੀ ਸਿੱਖਿਆ ਅਤੇ ਪਛਾਣ 'ਤੇ ਮਾੜਾ ਅਸਰ ਪਾਇਆ ਹੈ, ਅਤੇ ਇਸ ਮੁੱਦੇ 'ਤੇ ਸੰਘਰਸ਼ ਜਾਰੀ ਹੈ।

# ਅਕਾਦਮਿਕ ਆਜ਼ਾਦੀ ਕੀ ਹੈ?



ਲੇਖਕ : ਕੁੱਕੀ ਗਿੱਲ

ਸੱਤਿਆਜੀਤ ਰੇਅ ਦੀ 1980 ਦੀ ਵਿਅੰਗਮਈ ਕਲਪਨਾ ਫਿਲਮ "ਹੀਰਕ ਰਾਜਾ ਦੇਸ਼", ਸ਼ਾਬਦਿਕ ਤੌਰ 'ਤੇ "ਡਾਇਮੰਡ ਕਿੰਗ ਦੇ ਰਾਜ", ਵਿੱਚ ਰਾਜੇ ਦੇ ਸਿੱਖਿਆ ਮੰਤਰੀ ਇਹ ਨਿਰਧਾਰਤ ਕਰਦੇ ਹਨ ਕਿ ਸਕੂਲ ਵਿੱਚ ਕੀ ਪੜ੍ਹਾਇਆ ਜਾਣਾ ਚਾਹੀਦਾ ਹੈ।

ਅੰਤ ਵਿੱਚ, ਮੰਤਰੀ ਸਕੂਲ ਬੰਦ ਕਰ ਦਿੰਦਾ ਹੈ। ਕੀ ਕਹਾਣੀ ਕੁਝ ਹੱਦ ਤੱਕ ਸਮਕਾਲੀ ਸੰਸਾਰ ਦਾ ਸੱਚਾ ਪ੍ਰਤੀਬਿੰਬ ਹੈ? ਸਿੱਖਿਆ ਦੀ ਪ੍ਰਕਿਰਤੀ ਅਤੇ ਇਹ ਸਮਾਜ ਨੂੰ ਕਿਵੇਂ ਆਕਾਰ ਦਿੰਦੀ ਹੈ, ਇਸਦੀ ਜਾਂਚ ਕਈ ਸੰਦਰਭਾਂ ਵਿੱਚ ਕੀਤੀ ਜਾ ਸਕਦੀ ਹੈ, ਡਾਇਮੰਡ ਕਿੰਗ ਦੇ ਕਾਲਪਨਿਕ ਰਾਜ ਤੋਂ ਲੈ ਕੇ ਅਸਲ ਜੀਵਨ ਵਿੱਚ ਡੋਨਾਲਡ ਟਰੰਪ ਦੇ ਅਮਰੀਕਾ ਤੱਕ। ਇਹ ਦੇਖਦੇ ਹੋਏ ਕਿ ਕੋਲੰਬੀਆ, ਇੱਕ ਆਈਵੀ ਲੀਗ ਯੂਨੀਵਰਸਿਟੀ, ਨੇ ਆਪਣੀ ਅਕਾਦਮਿਕ ਆਜ਼ਾਦੀ ਤਿਆਗ ਦਿੱਤੀ, ਅਤੇ ਹਾਰਵਰਡ, ਸਭ ਤੋਂ ਪੁਰਾਣੀ ਅਤੇ ਅਮੀਰ ਅਮਰੀਕੀ ਯੂਨੀਵਰਸਿਟੀ, ਨੇ ਕਾਨੂੰਨੀ ਤੌਰ 'ਤੇ ਇਸਦਾ ਬਚਾਅ ਕਰਨ ਦੀ ਚੋਣ ਕੀਤੀ ਹੈ, ਕੋਈ ਸੋਚੇਗਾ ਕਿ ਅਕਾਦਮਿਕ ਆਜ਼ਾਦੀ ਕੀ ਹੈ ਅਤੇ ਇਸਦੇ ਦਾਇਰੇ ਅਤੇ ਸੀਮਾਵਾਂ ਕੀ ਹਨ।

ਜਦੋਂ ਉਸ ਸਮੇਂ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ 2017 ਵਿੱਚ ਨਾਲੰਦਾ ਵਿੱਚ "ਅੰਤਰਰਾਸ਼ਟਰੀ ਬੋਧੀ ਸੰਮੇਲਨ" ਵਿੱਚ ਭਾਸ਼ਣ ਦਿੱਤਾ, ਤਾਂ ਉਸਨੇ ਨਾਲੰਦਾ ਅਤੇ ਤਕਸ਼ਿਲਾ, ਪ੍ਰਾਚੀਨ ਯੂਨੀਵਰਸਿਟੀਆਂ ਨੂੰ ਪੱਖਪਾਤ, ਗੁੱਸੇ, ਹਿੰਸਾ ਅਤੇ ਸਿਧਾਂਤਾਂ ਤੋਂ ਮੁਕਤ ਮਾਹੌਲ ਲਈ ਸੱਦਾ ਦਿੱਤਾ। "ਇਹ ਸੁਤੰਤਰ ਪ੍ਰਵਾਹ ਬੌਧਿਕ ਪ੍ਰੇਰਨਾ ਲਈ ਅਨੁਕੂਲ ਹੋਣਾ ਚਾਹੀਦਾ ਹੈ," ਉਸਨੇ ਕਿਹਾ।

ਹਾਲਾਂਕਿ, ਇਹ ਹਮੇਸ਼ਾ ਇੰਨਾ ਆਸਾਨ ਨਹੀਂ ਹੁੰਦਾ। ਜਿਹੜੇ ਵਿਦਵਾਨ ਚਰਚ ਦੇ ਧਰਮ ਸ਼ਾਸਤਰ ਨਾਲ ਅਸਹਿਮਤ ਸਨ ਜਾਂ ਚਰਚ ਦੁਆਰਾ ਅਸਵੀਕਾਰਨਯੋਗ ਸਮਝੇ ਜਾਂਦੇ ਤਰੀਕਿਆਂ ਨਾਲ ਵਿਵਹਾਰ ਕਰਦੇ ਸਨ, ਉਨ੍ਹਾਂ ਨੇ ਮੱਧਯੁਗੀ ਯੂਰਪ ਵਿੱਚ ਅਤਿਆਚਾਰ ਦਾ ਖ਼ਤਰਾ ਪੈਦਾ ਕੀਤਾ। ਫਿਰ, ਦਾਰਸ਼ਨਿਕ ਵਿਲਹੈਲਮ ਵਾਨ ਹੰਬੋਲਟ ਨੇ 19ਵੀਂ ਸਦੀ ਦੇ ਸ਼ੁਰੂ ਵਿੱਚ ਬਰਲਿਨ ਵਿੱਚ ਇੱਕ ਨਵੀਂ ਯੂਨੀਵਰਸਿਟੀ ਬਣਾਈ। ਅਕਾਦਮਿਕ ਆਜ਼ਾਦੀ ਦੇ ਬੁਨਿਆਦੀ ਸਿਧਾਂਤ - ਵਿਗਿਆਨਕ ਪੁੱਛਗਿੱਛ ਦੀ ਆਜ਼ਾਦੀ ਅਤੇ ਖੋਜ ਅਤੇ ਸਿੱਖਿਆ ਦਾ ਏਕੀਕਰਨ - ਉੱਚ ਸਿੱਖਿਆ ਦੇ ਹਮਬੋਲਟੀਅਨ ਮਾਡਲ ਸੰਸਥਾਗਤ ਰੂਪ ਵਿੱਚ ਦੂਜੇ ਦੇਸ਼ਾਂ ਵਿੱਚ ਫੈਲਾਏ ਗਏ। ਅਕਾਦਮਿਕ ਆਜ਼ਾਦੀ ਦੀ ਅੱਜ ਦੀ ਪ੍ਰਤੀਤ ਹੁੰਦੀ ਧਾਰਨਾ ਨੂੰ ਇਸ ਤਰ੍ਹਾਂ ਸੰਖੇਪ ਕੀਤਾ ਜਾ ਸਕਦਾ ਹੈ: ਵਿਦਿਆਰਥੀਆਂ ਨੂੰ ਬਾਹਰੀ ਦਖਲਅੰਦਾਜ਼ੀ ਤੋਂ ਮੁਕਤ ਅਕਾਦਮਿਕ ਵਾਤਾਵਰਣ ਵਿੱਚ ਸਿੱਖਣ ਦਾ ਅਧਿਕਾਰ ਹੈ, ਅਤੇ ਅਧਿਆਪਕਾਂ ਨੂੰ ਸਿੱਖਿਆ ਦੇਣ ਦਾ ਅਧਿਕਾਰ ਹੈ। ਹਾਲਾਂਕਿ, ਸਮਾਜਿਕ ਅਤੇ ਰਾਜਨੀਤਿਕ ਆਲੋਚਨਾ ਵਿੱਚ ਸ਼ਾਮਲ ਹੋਣ ਦਾ ਅਧਿਆਪਕਾਂ ਦਾ ਅਧਿਕਾਰ ਇੱਕ ਹੋਰ ਪਰਿਭਾਸ਼ਾ ਹੈ। ਹਿਊਸਟਨ ਲਾਅ ਰਿਵਿਊ ਵਿੱਚ ਪ੍ਰਕਾਸ਼ਿਤ 2022 ਦੇ ਇੱਕ ਪੇਪਰ ਵਿੱਚ, ਯੇਲ ਲਾਅ ਸਕੂਲ ਦੇ ਪ੍ਰੋਫੈਸਰ ਕੀਥ ਈ. ਵਿਟਿੰਗਟਨ ਨੇ ਕਿਹਾ ਕਿ ਸੱਚਾਈ ਦੀ ਭਾਲ ਅਤੇ ਮਨੁੱਖੀ ਗਿਆਨ ਦੀ ਤਰੱਕੀ ਅਤੇ ਪ੍ਰਸਾਰ ਲਈ ਵਚਨਬੱਧ ਯੂਨੀਵਰਸਿਟੀਆਂ ਨੂੰ "ਵਿਦਵਾਨਾਂ ਅਤੇ ਇੰਸਟ੍ਰਕਟਰਾਂ ਲਈ ਅਕਾਦਮਿਕ ਆਜ਼ਾਦੀ ਲਈ ਮਜ਼ਬੂਤ ਸੁਰੱਖਿਆ" ਦੀ ਲੋੜ ਹੁੰਦੀ ਹੈ।

1950 ਵਿੱਚ ਨਾਇਸ ਵਿੱਚ ਯੂਨੈਸਕੋ ਦੁਆਰਾ ਆਯੋਜਿਤ ਅੰਤਰਰਾਸ਼ਟਰੀ ਕਾਨਫਰੰਸ ਵਿੱਚ, ਦੁਨੀਆ ਦੀਆਂ ਯੂਨੀਵਰਸਿਟੀਆਂ ਨੇ "ਆਪਣੇ ਲਈ ਗਿਆਨ ਪ੍ਰਾਪਤ ਕਰਨ ਅਤੇ ਸੱਚ ਦੀ ਖੋਜ ਜਿੱਥੇ ਵੀ ਲੈ ਜਾ ਸਕਦੀ ਹੈ ਉੱਥੇ ਜਾਣ ਦੇ ਅਧਿਕਾਰ" ਦਾ ਵਾਅਦਾ ਕੀਤਾ। ਫਿਰ 2005 ਵਿੱਚ ਕੋਲੰਬੀਆ ਯੂਨੀਵਰਸਿਟੀ ਵਿੱਚ ਆਯੋਜਿਤ ਯੂਨੀਵਰਸਿਟੀ ਪ੍ਰੈਜ਼ੀਡੈਂਟਸ ਦੇ ਪਹਿਲੇ ਸਾਲਾਨਾ ਗਲੋਬਲ ਬੋਲਚਿਅਮ ਵਿੱਚ ਅਕਾਦਮਿਕ ਆਜ਼ਾਦੀ ਨੂੰ "ਖੋਜ ਕਰਨ, ਸਿਖਾਉਣ, ਬੋਲਣ ਅਤੇ ਪ੍ਰਕਾਸ਼ਿਤ ਕਰਨ ਦੀ ਆਜ਼ਾਦੀ, ਵਿਦਵਤਾਪੂਰਨ ਪੁੱਛਗਿੱਛ ਦੇ ਨਿਯਮਾਂ ਅਤੇ ਮਾਪਦੰਡਾਂ ਦੇ ਅਧੀਨ, ਦਖਲਅੰਦਾਜ਼ੀ ਜਾਂ ਸਜ਼ਾ ਦੇ ਬਿਨਾਂ, ਜਿੱਥੇ ਵੀ ਸੱਚ ਅਤੇ ਸਮਝ ਦੀ ਖੋਜ ਲੈ ਜਾ ਸਕਦੀ ਹੈ" ਵਜੋਂ ਪਰਿਭਾਸ਼ਿਤ ਕੀਤਾ ਗਿਆ ਸੀ। ਪਰ ਕੀ ਅਕਾਦਮਿਕ ਆਜ਼ਾਦੀ ਨੂੰ ਪਰਿਭਾਸ਼ਿਤ ਕਰਨਾ ਅਤੇ ਪ੍ਰਾਪਤ ਕਰਨਾ ਸੱਚਮੁੱਚ ਇੰਨਾ ਸਿੱਧਾ ਹੈ?

ਮੌਜੂਦਾ ਅਕਾਦਮਿਕ ਵਾਤਾਵਰਣ ਵਿੱਚ ਕਾਰਜਕਾਲ, ਤਰੱਕੀਆਂ, ਤਨਖਾਹਾਂ ਵਿੱਚ ਵਾਧਾ, ਖੋਜ ਫੰਡਿੰਗ, ਅਤੇ ਅਕਾਦਮਿਕ ਸਨਮਾਨ ਸਾਰੇ ਖੋਜ ਪ੍ਰਕਾਸ਼ਨਾਂ ਨਾਲ ਨੇੜਿਓਂ ਜੁੜੇ ਹੋਏ ਹਨ। ਇਸ ਤਰ੍ਹਾਂ, ਅੱਜ ਦੇ ਵਿਦਵਾਨ ਪ੍ਰਕਾਸ਼ਨ ਦੇ ਸਾਥੀਆਂ ਦੇ ਦਬਾਅ ਦੁਆਰਾ ਪ੍ਰੇਰਿਤ ਹਨ। ਅਤੇ ਫੰਡਿੰਗ ਏਜੰਸੀਆਂ ਦੀ ਦਿਲਚਸਪੀ ਦਾ ਅਕਾਦਮਿਕ ਵਿਗਿਆਨੀਆਂ ਦੀ ਖੋਜ 'ਤੇ ਮਹੱਤਵਪੂਰਨ ਪ੍ਰਭਾਵ ਪੈਂਦਾ ਹੈ। ਅੱਜਕੱਲ੍ਹ, ਯੂਨੀਵਰਸਿਟੀਆਂ ਆਪਣੀਆਂ ਅੰਤਰਰਾਸ਼ਟਰੀ ਦਰਜਾਬੰਦੀਆਂ ਨਾਲ ਵੀ ਚਿੰਤਤ ਹਨ, ਜੋ ਕਿ ਮੁੱਖ ਤੌਰ 'ਤੇ ਖੋਜ ਪੱਤਰਾਂ 'ਤੇ ਅਧਾਰਤ ਹਨ।

ਅੱਜ ਦਾ "ਪ੍ਰਕਾਸ਼ਿਤ ਕਰੋ ਜਾਂ ਨਾਸ਼ ਕਰੋ" ਸੱਭਿਆਚਾਰ ਅਸਲ ਵਿੱਚ ਕਾਫ਼ੀ ਗੰਭੀਰ ਹੈ? ਇੱਕ ਮਹੱਤਵਪੂਰਨ ਅਪਵਾਦ 2013 ਦੇ ਨੋਬਲ ਪੁਰਸਕਾਰ ਜੇਤੂ ਬ੍ਰਿਟਿਸ਼ ਭੌਤਿਕ ਵਿਗਿਆਨੀ ਪੀਟਰ ਹਿਗਸ ਸਨ, ਜੋ ਹਿਗਸ ਬੋਸਨ ਲਈ ਮਸ਼ਹੂਰ ਸਨ। ਹਿਗਸ ਨੇ ਕਦੇ ਵੀ ਹਮਲਾਵਰ ਢੰਗ ਨਾਲ ਪ੍ਰਕਾਸ਼ਨ ਨਹੀਂ ਕੀਤਾ। ਉਸਨੇ ਕਿਹਾ ਕਿ ਉਹ "ਜਦੋਂ ਖੋਜ ਮੁਲਾਂਕਣ ਅਭਿਆਸ ਕਰਦੇ ਸਨ ਤਾਂ ਵਿਭਾਗ ਲਈ ਸ਼ਰਮਿੰਦਗੀ ਦਾ ਕਾਰਨ ਬਣ ਗਿਆ" ਅਤੇ ਜੇਕਰ ਉਸਨੂੰ 1980 ਵਿੱਚ ਨੋਬਲ ਪੁਰਸਕਾਰ ਲਈ ਨਾਮਜ਼ਦ ਨਾ ਕੀਤਾ ਗਿਆ ਹੁੰਦਾ ਤਾਂ ਉਸਨੂੰ ਐਡਿਨਬਰਗ ਯੂਨੀਵਰਸਿਟੀ ਵਿੱਚ ਉਸਦੀ ਨੌਕਰੀ ਤੋਂ ਕੱਢ ਦਿੱਤਾ ਜਾਂਦਾ। ਹਾਲਾਂਕਿ, ਉਸਨੇ ਸੋਚਿਆ ਕਿ ਕਿਉਂਕਿ ਅੱਜ ਦੇ ਅਕਾਦਮਿਕ ਪ੍ਰਣਾਲੀ ਵਿੱਚ ਉਸਨੂੰ ਕਾਫ਼ੀ "ਉਤਪਾਦਕ" ਨਹੀਂ ਮੰਨਿਆ ਜਾਵੇਗਾ, ਕੋਈ ਵੀ ਯੂਨੀਵਰਸਿਟੀ ਉਸਨੂੰ ਨੌਕਰੀ 'ਤੇ ਨਹੀਂ ਰੱਖੇਗੀ। ਇਸ ਤਰ੍ਹਾਂ, ਅੱਜ ਦੀ ਅਕਾਦਮਿਕ ਪ੍ਰਣਾਲੀ ਭਵਿੱਖ ਦੇ ਨੋਬਲ ਜੇਤੂ ਨੂੰ ਨਿਯਮਿਤ ਤੌਰ 'ਤੇ ਖੋਜ ਪੱਤਰ ਤਿਆਰ ਕੀਤੇ ਬਿਨਾਂ ਸ਼ਾਂਤੀਪੂਰਵਕ ਆਪਣੀ ਖੋਜ ਕਰਨ ਦੀ ਇਜਾਜ਼ਤ ਵੀ ਨਹੀਂ ਦਿੰਦੀ।

ਅੱਜਕੱਲ੍ਹ, ਯੂਨੀਵਰਸਿਟੀ ਦੇ ਪਾਠਕ੍ਰਮ ਦੇ ਪਹਿਲਾਂ ਤੋਂ ਨਿਰਧਾਰਤ ਢਾਂਚੇ ਵਿੱਚ ਛੋਟ ਦੀ ਬਹੁਤ ਘੱਟ ਗੁੰਜਾਇਸ਼ ਹੈ। ਇਸ ਤੋਂ ਇਲਾਵਾ, ਜਿਵੇਂ ਕਿ ਅਮਰੀਕੀ ਜੀਵ-ਵਿਗਿਆਨੀ ਜੈਰੀ ਕੋਇਨ ਨੇ ਕਿਹਾ, ਇੱਕ ਭੂ-ਵਿਗਿਆਨ ਅਧਿਆਪਕ ਜੋ ਆਪਣੇ ਵਿਦਿਆਰਥੀਆਂ ਨੂੰ ਇਹ ਦੱਸਦਾ ਹੈ ਕਿ ਧਰਤੀ ਸਮਤਲ ਹੈ, ਅਕਾਦਮਿਕ ਆਜ਼ਾਦੀ ਦੀ ਵਰਤੋਂ ਨਹੀਂ ਕਰ ਰਿਹਾ ਹੈ, ਸਗੋਂ ਆਪਣੇ ਫਰਜ਼ਾਂ ਵਿੱਚ ਅਸਫਲ ਹੋ ਰਿਹਾ ਹੈ। ਬੋਲਣ ਦੀ ਆਮ ਆਜ਼ਾਦੀ ਦੇ ਮੁਕਾਬਲੇ, ਬੋਲਣ ਦੀ ਅਕਾਦਮਿਕ ਆਜ਼ਾਦੀ ਵਧੇਰੇ ਸੀਮਤ ਹੈ। ਉਦਾਹਰਣ ਵਜੋਂ, ਇੱਕ ਗੈਰ-ਅਕਾਦਮਿਕ ਟੀਕਿਆਂ ਦੀ ਪ੍ਰਭਾਵਸ਼ੀਲਤਾ ਦੀ ਆਲੋਚਨਾ ਕਰ ਸਕਦਾ ਹੈ, ਪਰ ਉਹ ਇਹ ਸਿਰਫ਼ ਅਕਾਦਮਿਕ ਆਜ਼ਾਦੀ ਨਾਲ ਹੀ ਕਰ ਸਕਦੇ ਹਨ ਜੇਕਰ ਉਨ੍ਹਾਂ ਕੋਲ ਜ਼ਰੂਰੀ ਅਕਾਦਮਿਕ ਪ੍ਰਮਾਣ ਪੱਤਰ ਹੋਣ। ਜਨਤਕ ਭਾਸ਼ਣਾਂ ਦੇ ਉਲਟ, ਅਕਾਦਮਿਕ ਦ੍ਰਿਸ਼ਟੀਕੋਣ ਅਕਸਰ ਪੀਅਰ ਸਮੀਖਿਆ ਦੇ ਅਧੀਨ ਹੁੰਦੇ ਹਨ।

ਅਤੇ, ਮਹੱਤਵਪੂਰਨ ਗੱਲ ਇਹ ਹੈ ਕਿ ਅਕਾਦਮਿਕ ਆਜ਼ਾਦੀ ਓਨੀ ਹੀ ਹੋ ਸਕਦੀ ਹੈ ਜਿੰਨੀ ਉਸ ਸਮੇਂ ਕਿਸੇ ਦੇਸ਼ ਦੀ ਰਾਜਨੀਤੀ ਅਤੇ ਸਮਾਜ ਅਕਾਦਮਿਕ ਸੰਸਥਾਵਾਂ ਨੂੰ ਪੇਸ਼ ਕਰਨਾ ਚਾਹੁੰਦਾ ਸੀ। ਉਦਾਹਰਣ ਵਜੋਂ, ਸਮਾਜ ਸ਼ਾਸਤਰ ਅਤੇ ਜੈਨੇਟਿਕਸ ਸਮੇਤ ਖੋਜ ਦੇ ਕਈ ਖੇਤਰਾਂ ਨੂੰ 1930 ਦੇ ਦਹਾਕੇ ਵਿੱਚ ਸੋਵੀਅਤ ਯੂਨੀਅਨ ਵਿੱਚ "ਬੁਰਜੂਆ ਸੂਡੋਸਾਇੰਸ" ਵਜੋਂ ਗੈਰ-ਕਾਨੂੰਨੀ ਕਰਾਰ ਦਿੱਤਾ ਗਿਆ ਸੀ।

ਅਸਲ ਵਿੱਚ, ਇੱਕ ਉੱਡਦੀ ਪਤੰਗ ਦੀ ਆਜ਼ਾਦੀ ਕੀ ਹੈ? ਜਦੋਂ ਇੱਕ ਪਤੰਗ ਉੱਚੀ ਉੱਡ ਰਹੀ ਹੁੰਦੀ ਹੈ, ਤਾਂ ਇਸਦਾ ਮਤਲਬ ਹੈ ਕਿ ਸਪੂਲ ਫੜਨ ਵਾਲਾ ਵਿਅਕਤੀ ਇਸਨੂੰ ਉੱਡਣ ਦਿੰਦਾ ਹੈ। ਰਾਜਿਆਂ ਦੀ ਖੁੱਲ੍ਹੇ ਦਿਲ ਨਾਲ ਵਿੱਤ ਅਤੇ ਵਿਦੇਸ਼ੀ ਵਿਦਵਾਨਾਂ ਅਤੇ ਵਿਦਿਆਰਥੀਆਂ ਨੂੰ ਇਜਾਜ਼ਤ ਦਿੱਤੇ ਬਿਨਾਂ, ਕੀ ਪ੍ਰਾਚੀਨ ਨਾਲੰਦਾ ਜਾਂ ਟੈਕਸਲਾ ਆਪਣੀ ਅਕਾਦਮਿਕ ਆਜ਼ਾਦੀ ਦੀ ਵਰਤੋਂ ਕਰਨ ਦੇ ਯੋਗ ਹੁੰਦਾ? ਕੀ ਹੁੰਦਾ ਜੇਕਰ ਉਹ ਵਿਅਕਤੀ ਮੰਨਦਾ ਹੈ ਕਿ ਪਤੰਗ ਅਜੀਬ ਢੰਗ ਨਾਲ ਵਿਵਹਾਰ ਕਰ ਰਹੀ ਹੈ? ਬੇਸ਼ੱਕ, ਇੱਕ ਲੋਕਤੰਤਰ ਵਿੱਚ ਨਿਯੰਤਰਣ ਅਤੇ ਸੰਤੁਲਨ ਹੁੰਦੇ ਹਨ, ਜਿਵੇਂ ਕਿ ਨਿਆਂਪਾਲਿਕਾ ਅਤੇ ਸਮੇਂ-ਸਮੇਂ ਦੀਆਂ ਚੋਣਾਂ। ਇਸ ਲਈ, ਸਮਾਜਿਕ-ਰਾਜਨੀਤਿਕ ਗਤੀਸ਼ੀਲਤਾ ਨੂੰ ਬਦਲ ਕੇ ਅਕਾਦਮਿਕ ਆਜ਼ਾਦੀ ਅਤੇ ਇਸ ਵਿੱਚ ਰਾਜਨੀਤਿਕ ਦਖਲਅੰਦਾਜ਼ੀ ਨੂੰ ਲਗਾਤਾਰ ਮੁੜ ਪਰਿਭਾਸ਼ਿਤ ਕੀਤਾ ਜਾ ਰਿਹਾ ਹੈ।

ਅਕਾਦਮਿਕ ਆਜ਼ਾਦੀ ਨਿਸ਼ਚਤ ਤੌਰ 'ਤੇ ਵਿਦਵਾਨਾਂ ਦੀਆਂ ਗਤੀਵਿਧੀਆਂ ਉੱਤੇ ਇੱਕ ਸੁਰੱਖਿਆ ਛਤਰੀ ਸਥਾਪਤ ਕਰਦੀ ਹੈ; ਹਾਲਾਂਕਿ, ਇਹ ਸੁਰੱਖਿਆ ਨਾ ਤਾਂ ਸੰਪੂਰਨ ਹੈ ਅਤੇ ਨਾ ਹੀ ਗਰੰਟੀਸ਼ੁਦਾ ਹੈ। ਜਿਵੇਂ ਕਿ ਕੁਝ ਸ਼ਕਤੀਸ਼ਾਲੀ ਸਿਆਸਤਦਾਨ ਅਜੇ ਵੀ ਯੂਨੀਵਰਸਿਟੀਆਂ ਨੂੰ "ਦੁਸ਼ਮਣ" ਵਜੋਂ ਵੇਖਦੇ ਹਨ, ਹੀਰਕ ਰਾਜਰ ਦੇਸ਼ ਇੱਕ ਸਦੀਵੀ ਸਿਧਾਂਤ ਬਣ ਜਾਂਦਾ ਹੈ ਜੋ ਮੰਨਦਾ ਹੈ ਕਿ ਸਿੱਖਿਆ ਸਿਰਫ਼ ਗਿਆਨ ਦੇਣ ਤੋਂ ਵੱਧ ਹੈ; ਇਹ ਆਤਮਾਵਾਂ ਨੂੰ ਢਾਲਣ, ਦਿਮਾਗਾਂ ਨੂੰ ਵਿਕਸਤ ਕਰਨ ਅਤੇ ਲੋਕਾਂ ਨੂੰ ਆਲੋਚਨਾਤਮਕ ਤੌਰ 'ਤੇ ਸੋਚਣ ਅਤੇ ਨੈਤਿਕ ਤੌਰ 'ਤੇ ਵਿਵਹਾਰ ਕਰਨ ਦੇ ਯੋਗ ਬਣਾਉਣ ਬਾਰੇ ਵੀ ਹੈ। ਇੱਕ ਯੂਨੀਵਰਸਿਟੀ ਉਸ ਭਾਈਚਾਰੇ ਲਈ ਗਿਆਨ ਦੇ ਪ੍ਰਿਜ਼ਮ ਵਜੋਂ ਕੰਮ ਕਰਦੀ ਹੈ ਜਿਸਨੂੰ ਇਹ ਪੂਰਾ ਕਰਦਾ ਹੈ। ਹਾਲਾਂਕਿ, ਸਵੀਕਾਰਯੋਗ ਅਕਾਦਮਿਕ ਆਜ਼ਾਦੀ ਲਈ ਇੱਕ ਢਾਂਚੇ ਨੂੰ ਪਰਿਭਾਸ਼ਿਤ ਕਰਨ ਅਤੇ ਇਸਨੂੰ ਜਾਰੀ ਰੱਖਣ ਨੂੰ ਯਕੀਨੀ ਬਣਾਉਣ ਦੇ ਯਤਨ ਹੋਣਾ ਚਾਹੀਦਾ ਹੈ।


ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

NOW HIRING
Carpenter,
full time work permanent
Duties: Construct, installs, and repairs wooden structures.
1 year carpentry experience needed,
No formal language requirement
$35 per hour
Job is in Surrey, BC
Natt Star Homes Ltd.
Address: 14257 Park Drive Surrey, BC V3R5P1
Email: Setforfuture@gmail.com

# ਕਾਮਾਗਾਟਾਮਾਰੂ: 'ਪੰਜਾਬੀਆਂ ਦੇ ਪਰਵਾਸ ਦੀ ਸਮੂਹਿਕ ਤਾਂਘ ਦੀ ਸਭ ਤੋਂ ਪਹਿਲੀ ਤੇ ਸਭ ਤੋਂ ਪੁਰਾਣੀ ਦਾਸਤਾਨ'

**ਲਿਖਤ : ਸੁਮਨਦੀਪ ਕੌਰ**

ਕਾਮਾਗਾਟਾ ਮਾਰੂ ਸਮੁੰਦਰੀ ਜਹਾਜ਼ ਦਾ ਸਫ਼ਰ 1914 ਵਿੱਚ ਵਾਪਰਿਆ ਇੱਕ ਅਜਿਹਾ ਦੁਖਾਂਤ ਸੀ, ਜੋ ਕੈਨੇਡਾ ਜਾ ਕੇ ਵੱਸਣ ਦੀ ਭਾਰਤੀਆਂ ਦੀ ਇੱਛਾ ਨਾਲ ਸ਼ੁਰੂ ਹੋਇਆ ਅਤੇ ਇਸ ਦਾ ਅੰਤ ਘਿਨਾਉਣੇ ਕਤਲੇਆਮ ਨਾਲ ਹੋਇਆ। ਇਤਿਹਾਸਕਾਰ ਡਾਕਟਰ ਹਰੀਸ਼ ਪੁਰੀ ਆਪਣੇ ਇੱਕ ਲੇਖ ਵਿੱਚ ਲਿਖਦੇ ਹਨ ਕਿ ਇਸ ਘਟਨਾ ਨੇ ਨਸਲੀ ਵਿਤਕਰੇ ਅਤੇ ਭਾਰਤੀਆਂ ਨੂੰ ਬਾਹਰ ਰੱਖ ਕੇ ਕੈਨੇਡਾ ਦੇ ਗੋਰਿਆ ਦਾ ਮੁਲਕ ਹੀ ਬਣੇ ਰਹਿਣ ਦੇ ਵਰਤਾਰੇ ਨੂੰ ਚੁਣੌਤੀ ਦਿੱਤੀ। "ਹਾਂਗਕਾਂਗ ਤੋਂ ਵੈਨਕੂਵਰ ਤੱਕ ਅਤੇ ਵਾਪਸੀ ਉੱਤੇ ਕੋਲਕਾਤਾ ਦੇ ਬਜਬਜ ਘਾਟ ਤੱਕ ਸਫ਼ਰ ਕਰਨ ਵਾਲੇ ਲੋਕਾਂ ਨੇ ਘੋਰ ਬੇਇੱਜ਼ਤੀ ਦਾ ਸਾਹਮਣਾ ਕੀਤਾ, ਜਿਸਦਾ ਅੰਤ ਕਤਲੇਆਮ ਨਾਲ ਹੋਇਆ।"

29 ਸਤੰਬਰ 1914 ਨੂੰ ਬਜਬਜ ਘਾਟ ਉੱਤੇ ਵਾਪਸ ਪਰਤਦੇ ਜਹਾਜ਼ ਦੇ ਯਾਤਰੀਆਂ ਨੂੰ ਜ਼ਬਰੀ ਹਿਰਾਸਤ ਵਿੱਚ ਲੈਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਦਾ ਵਿਰੋਧ ਹੋਣ ਉੱਤੇ ਗੋਲੀਬਾਰੀ ਕਰ ਦਿੱਤੀ ਗਈ। ਜਿਸ ਵਿੱਚ 20 ਜਣਿਆਂ ਦੀ ਮੌਤ ਹੋਈ ਅਤੇ ਵੱਡੀ ਗਿਣਤੀ ਯਾਤਰੀ ਜਖ਼ਮੀ ਹੋਏ। ਇਸ ਤੋਂ ਬਾਅਦ ਵੀ ਕਈ ਸਾਲ ਤੱਕ ਇਸ ਨਾਲ ਜੁੜੇ ਲੋਕਾਂ ਨੂੰ ਤਸੀਹੇ ਅਤੇ ਜੇਲ੍ਹਾਂ ਕੱਟਣੀਆਂ ਪਈਆਂ। ਕਾਮਾਗਾਟਾ ਮਾਰੂ ਜਹਾਜ਼ ਦੇ ਘਟਨਾਕ੍ਰਮ ਅਤੇ ਇਸ ਦੇ ਭਾਰਤੀ ਆਜ਼ਾਦੀ ਅੰਦੋਲਨ ਉੱਤੇ ਅਸਰ ਨੂੰ ਸਮਝਣ ਲਈ ਅਸੀਂ ਇਤਿਹਾਸਕਾਰ ਸਮੇਲ ਸਿੰਘ ਸਿੱਧੂ ਅਤੇ ਡਾਕਟਰ ਅਮਨਪ੍ਰੀਤ ਸਿੰਘ ਗਿੱਲ ਨਾਲ ਗੱਲਬਾਤ ਕੀਤੀ।

### ਬਸਤੀਵਾਦ ਦੀ ਘੁਟਣ ਤੋਂ ਬਾਹਰ ਨਿਕਲਣ ਦਾ ਸੁਪਨਾ

ਡਾ. ਅਮਨਪ੍ਰੀਤ ਸਿੰਘ ਗਿੱਲ ਦਿੱਲੀ ਦੇ ਗੁਰੂ ਤੇਗ਼ ਬਹਾਦੁਰ ਖਾਲਸਾ ਕਾਲਜ ਦੇ ਇਤਿਹਾਸ ਦੇ ਪ੍ਰੋਫੈਸਰ ਹਨ ਅਤੇ ਉਨ੍ਹਾਂ ਨੇ ਕਾਮਾਗਾਟਾ ਮਾਰੂ ਘਟਨਾ ਬਾਰੇ ਕਾਫੀ ਅਧਿਐਨ ਕੀਤਾ ਹੈ। ਉਹ ਦੱਸਦੇ ਹਨ, "ਕਾਮਾਗਾਟਾ ਮਾਰੂ ਘਟਨਾ ਦੇ ਕਈ ਪਹਿਲੂ ਹਨ।" "ਇੱਕ ਤਾਂ ਇਹ ਘਟਨਾ ਪੰਜਾਬੀਆਂ ਦੇ ਦੱਖਣੀ-ਪੂਰਬੀ ਏਸ਼ੀਆ ਨੂੰ ਮੁੱਢਲੇ ਪਰਵਾਸ ਅਤੇ ਇੱਥੋਂ ਉੱਤਰੀ ਅਮਰੀਕਾ ਵੱਲ ਪਰਵਾਸ ਦੀ ਸਮੂਹਿਕ ਤਾਂਘ ਦੀ ਸਭ ਤੋਂ ਪਹਿਲੀ ਤੇ ਸਭ ਤੋਂ ਪੁਰਾਣੀ ਦਾਸਤਾਨ ਹੈ।" ਉਹ ਕਹਿੰਦੇ ਹਨ ਕਿ ਅੱਜ ਵਾਂਗ ਪੰਜਾਬੀਆਂ ਦਾ ਇਨ੍ਹਾਂ ਦੇਸ਼ਾਂ ਵਿੱਚ ਵਸਣ ਦਾ ਸੁਪਨਾ ਸਿਰਫ਼ ਆਰਥਿਕ ਖੁਸ਼ਹਾਲੀ ਹਾਸਿਲ ਕਰਨ ਤੱਕ ਸੀਮਤ ਨਹੀਂ ਸੀ। ਬਲਕਿ ਕਿਸੇ ਆਜ਼ਾਦ ਦੇਸ਼ ਦੀ ਆਜ਼ਾਦ ਹਵਾ ਵਿੱਚ ਸਾਹ ਲੈਣ ਅਤੇ ਬਰਾਬਰ ਦੇ ਸ਼ਹਿਰੀ ਵਜੋਂ ਵਿਚਰਣ ਦਾ ਸੁਪਨਾ ਵੀ ਸੀ। ਭਾਰਤ ਵਿੱਚ ਬਰਤਾਨਵੀ ਬਸਤੀਵਾਦ ਦੀ ਘੁਟਣ ਸੀ। ਜਿਸ ਕਰਕੇ ਉਹ ਸਾਰੇ ਕੈਨੇਡਾ ਅਤੇ ਅਮਰੀਕਾ ਵਿੱਚ ਵੱਸਣਾ ਚਾਹੁੰਦੇ ਸਨ।

ਪਰ ਦੂਜੇ ਪਾਸੇ ਕੈਨੇਡਾ ਵੀ ਬਰਤਾਨਵੀ ਕਾਮਨਵੈਲਥ ਦਾ ਅੰਗ ਹੋਣ ਦੇ ਨਾਤੇ ਸਫੈਦ ਨਸਲਵਾਦ ਦਾ ਹਾਮੀ ਸੀ ਅਤੇ ਭਾਰਤੀ ਪਰਵਾਸੀਆਂ ਨੂੰ ਹਰ ਹੀਲੇ ਕੈਨੇਡਾ ਦਾਖ਼ਲ ਹੋਣ ਤੋਂ ਰੋਕਦਾ ਸੀ। ਡਾਕਟਰ ਗਿੱਲ ਮੁਤਾਬਕ, "ਇਸੇ ਨੀਤੀ ਦੇ ਜਵਾਬ ਵਿੱਚ ਗੁਰਦਿੱਤ ਸਿੰਘ ਸਰਹਾਲੀ ਨੇ ਕੈਨੇਡਾ ਦੇ ਅਫ਼ਸਰ ਮਿਸਟਰ ਕਿੰਗ ਨੂੰ ਕਟਾਖ਼ਸ਼ ਵਿੱਚ ਕਿਹਾ ਸੀ ਜੇ ਸਿਰਫ਼ ਹਿੰਦੁਸਤਾਨੀਆਂ ਨੂੰ ਹੀ ਪੱਕੇ ਰੋਕਣ ਦਾ ਇਰਾਦਾ ਹੈ ਤਾਂ ਸ਼ਰਤ ਸਿਰਫ਼ ਇਹ ਰੱਖੋ ਕਿ ਜਿਹੜਾ ਆਦਮੀ ਸ਼ਾਂਤ ਮਹਾਸਾਗਰ ਤੈਰ ਕੇ ਆਵੇ, ਉਹੀ ਕੈਨੇਡਾ ਵਸਣ ਦਾ ਹੱਕਦਾਰ ਹੈ'।"

### ਕਾਮਾਗਾਟਾਮਾਰੂ ਦੀ ਯਾਤਰਾ ਕਿਵੇਂ ਸ਼ੁਰੂ ਹੋਈ

ਇਤਿਹਾਸਕਾਰ ਅਤੇ ਅਦਾਰਾ 23 ਮਾਰਚ ਦੇ ਡਾਇਰੈਕਟਰ ਡਾ. ਸੁਮੇਲ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਕਾਮਾਗਾਟਾ ਮਾਰੂ ਪੰਜਾਬ ਗ਼ਦਰ ਲਹਿਰ ਨਾਲ ਵੀ ਜੁੜਦਾ ਹੈ ਤੇ ਇਸ ਦੀ ਆਪਣੀ ਵੱਖਰੀ ਸਾਖ਼ ਵੀ ਹੈ।

ਇਸ ਘਟਨਾ ਦੇ ਬਿਰਤਾਂਤ ਨੂੰ ਉਹ ਕੁਝ ਇਸ ਤਰ੍ਹਾਂ ਬਿਆਨ ਕਰਦੇ ਹਨ- ਇਹ ਘਟਨਾ ਚੱਕਰ 4 ਅਪ੍ਰੈਲ 1914 ਤੋਂ ਹਾਂਗਕਾਂਗ ਤੋਂ ਸ਼ੁਰੂ ਹੁੰਦਾ ਹੈ ਅਤੇ 29 ਸਤੰਬਰ 1914 ਨੂੰ ਕੋਲਕਾਤਾ ਦੇ ਬਜਬਜ ਘਾਟ ਸਾਕੇ ਨਾਲ ਇਸ ਦਾ ਤਰਾਸਦੀ ਵਾਲਾ ਅੰਤ ਹੁੰਦਾ ਹੈ। ਇਸ ਘਟਨਾ ਨੇ ਪੰਜਾਬ ਵਿੱਚ ਲੋਕਾਂ ਨੂੰ ਅੰਦੋਲਿਤ ਕੀਤਾ ਅਤੇ ਆਪਣੇ ਇਸ ਗੁੱਸੇ ਨੂੰ ਅੰਗਰੇਜ਼ਾਂ ਖ਼ਿਲਾਫ ਅੰਦੋਲਨ ਦੀ ਤਿਆਰੀ ਵਿੱਚ ਲਗਾਇਆ। ਸੁਮੇਲ ਸਿੰਘ ਸਿੱਧੂ ਦੱਸਦੇ ਹਨ ਕਿ ਕਾਮਾਗਾਟਾ ਮਾਰੂ ਜਹਾਜ਼ ਗੁਰਦਿੱਤ ਸਿੰਘ ਸਰਹਾਲੀ ਦੀ 'ਗੁਰੂ ਨਾਨਕ ਸਟੀਮ ਸ਼ਿੱਪ ਕੰਪਨੀ' ਵੱਲੋਂ ਚਲਾਇਆ ਗਿਆ ਸੀ। ਗੁਰਦਿੱਤ ਸਿੰਘ ਸਰਹਾਲੀ ਨੇ ਦੇਖਿਆ ਕਿ ਈਸਟ ਏਸ਼ੀਆ ਦੇ ਮਲਾਇਆ, ਹਾਂਗਕਾਂਗ, ਸ਼ੰਘਾਈ ਵਿੱਚ ਰਹਿ ਰਹੇ ਪੰਜਾਬੀ ਉਥੇ ਪੱਕੇ ਵਸਨੀਕ ਨਹੀਂ ਬਣਨਾ ਚਾਹੁੰਦੇ, ਸਗੋਂ ਉਹ ਅਗਾਂਹ ਅਮਰੀਕਾ 'ਤੇ ਕੈਨੇਡਾ ਜਾਣਾ ਚਾਹੁੰਦੇ ਹਨ।" ਪਰ ਉਸ ਵੇਲੇ ਉਨ੍ਹਾਂ ਮੁਲਕਾਂ ਦੀਆਂ ਸ਼ਰਤਾਂ ਸਨ ਕਿ ਸਿਰਫ਼ ਉਨ੍ਹਾਂ ਨੂੰ ਆਉਣ ਦਿੱਤਾ ਜਾਵੇਗਾ ਜਿਹੜੇ ਬਿਨਾਂ ਰਸਤੇ ਵਿੱਚ ਰੁਕੇ, ਸਿੱਧਾ ਆਉਣਗੇ। ਇਸ ਲਈ ਇਨ੍ਹਾਂ ਸ਼ਰਤਾਂ ਕਰਕੇ ਜਿਹੜੀ ਔਖਿਆਈ ਆ ਰਹੀ



ਸੀ, ਉਸ ਨੂੰ ਹੱਲ ਕਰਨ ਲਈ ਗੁਰਦਿੱਤ ਸਿੰਘ ਸਰਹਾਲੀ ਨੇ ਇੱਕ ਜਪਾਨੀ ਜਹਾਜ਼ ਖਰੀਦਿਆਂ। ਇਸ ਦਾ ਨਾਂ ਕਾਮਾਗਾਟਾ ਮਾਰੂ ਸੀ ਅਤੇ ਇਸਦਾ ਰੂਟ ਇਸ ਤਰ੍ਹਾਂ ਬਣਾਇਆ ਕਿ ਉਹ ਹਾਂਗਕਾਂਗ ਤੋਂ ਚੱਲ ਕੇ ਕੈਨੇਡਾ ਪਹੁੰਚਣ ਤੱਕ ਕਿਤੇ ਰੁਕੇ ਨਾ।

### ਕਿੰਨੇ ਯਾਤਰੀ ਸਨ ਤੇ ਕੈਨੇਡਾ ਕਦੋਂ ਪਹੁੰਚੇ

ਇਸ ਤਰ੍ਹਾਂ ਇਨ੍ਹਾਂ ਸ਼ਰਤਾਂ ਨੂੰ ਪੂਰਾ ਕਰਦਾ ਹੋਇਆ ਇਹ ਜਹਾਜ਼ ਕੈਨੇਡਾ ਦੇ ਵੈਨਕੂਵਰ ਵਿੱਚ ਪਹੁੰਚਿਆ। ਜਹਾਜ਼ ਦੇ ਕੁੱਲ 376 ਯਾਤਰੀਆਂ ਵਿੱਚੋਂ 340 ਸਿੱਖ, 24 ਮੁਸਲਮਾਨ ਅਤੇ ਹਿੰਦੂਆਂ ਦੀ ਗਿਣਤੀ 12 ਸੀ। ਸਾਰੇ ਮੁਸਾਫ਼ਰ ਪੰਜਾਬ ਨਾਲ ਸਬੰਧ ਰੱਖਦੇ ਸਨ।

ਇਸ ਵਿੱਚ 24 ਮੁਸਾਫ਼ਰ ਕੈਨੇਡਾ ਵਾਸੀ ਸਨ ਤੇ ਉਥੋਂ ਦੀ ਸਰਕਾਰ ਨੇ ਸਿਰਫ਼ ਇਨ੍ਹਾਂ 24 ਮੁਸਾਫ਼ਰਾਂ ਨੂੰ ਹੇਠਾਂ ਲਾਹੁਣ ਦੀ ਇਜਾਜ਼ਤ ਦਿੱਤੀ ਸੀ। ਵੈਨਕੂਵਰ ਦੀ ਬੰਦਰਗਾਹ ਉੱਤੇ ਲਗਭਗ ਦੋ ਮਹੀਨੇ ਇਹ ਜਹਾਜ਼ ਕੈਨੇਡਾ ਹੀ ਰੁਕਿਆ ਰਿਹਾ। ਜਿਸ ਵਿੱਚ ਕੈਨੇਡਾ ਵਿੱਚ ਦਾਖਲ ਹੋਣ ਲਈ ਕਾਨੂੰਨੀ ਚਾਰਾਜੋਈ ਵੀ ਹੋਈ ਅਤੇ ਵੈਨਕੂਵਰ ਦੀਆਂ ਸੰਗਤਾਂ ਨੇ ਜਥੇਬੰਦ ਹੋ ਕੇ ਇਨ੍ਹਾਂ ਤੱਕ ਲੰਗਰ ਅਤੇ ਹੋਰ ਲੋੜੀਂਦਾ ਸਮਾਨ ਵੀ ਪਹੁੰਚਾਉਣ ਦੀ ਕੋਸ਼ਿਸ਼ ਵੀ ਕੀਤੀ।

ਬਸਤੀਵਾਦੀ ਹਕੂਮਤ ਨੇ ਨਾ ਯਾਤਰੀਆਂ ਨੂੰ ਦਾਖਲ ਹੋਣ ਦਿੱਤਾ ਅਤੇ ਨਾਲ ਹੀ ਲੰਗਰ ਪਹੁੰਚਣ ਦਿੱਤਾ। ਇਨ੍ਹਾਂ ਰੋਕਾਂ ਕਾਰਨ ਹਾਲਾਤ ਕਾਫੀ ਤਣਾਅਪੂਰਨ ਰਿਹਾ। ਕੈਨੇਡਾ ਰਹਿੰਦੇ ਭਾਰਤੀ ਤੇ ਏਸ਼ੀਆਈ ਲੋਕਾਂ ਨੇ ਬਸਤੀਵਾਦੀ ਸਰਕਾਰ ਦਾ ਵਿਰੋਧ ਕੀਤਾ, ਉਨ੍ਹਾਂ ਨੂੰ ਕੈਨੇਡੀਅਨ ਸੋਸਲਿਸਟ ਗੋਰਿਆਂ ਦਾ ਵੀ ਸਾਥ ਮਿਲਿਆ ਪਰ ਨਸਲਵਾਦੀ ਇੰਨੇ ਹਾਵੀ ਸਨ ਕਿ ਇਨ੍ਹਾਂ ਨੂੰ ਦਾਖਲਾ ਨਾ ਮਿਲ ਸਕਿਆ। ਕਾਮਾਗਾਟਾਮਾਰੂ ਨੂੰ ਵਾਪਸ ਮੁੜਨਾ ਪਿਆ

ਸੁਮੇਲ ਸਿੰਘ ਸਿੱਧੂ ਅੱਗੇ ਦੱਸਦੇ ਹਨ ਕਿ ਉਦੋਂ ਭਾਵੇਂ ਕਿ ਕੈਨੇਡਾ ਅਤੇ ਭਾਰਤ ਦੋਵੇਂ ਅੰਗਰੇਜ਼ ਹਕੂਮਤ ਦਾ ਹਿੱਸਾ ਸਨ, ਪਰ ਭਾਰਤ ਸਰਕਾਰ ਨੇ ਵੀ ਉਨ੍ਹਾਂ ਯਾਤਰੀਆਂ ਦੀ ਕੋਈ ਮਦਦ ਨਹੀਂ ਕੀਤੀ। ਭਾਵੇਂ ਕਿ ਇਨ੍ਹਾਂ ਯਾਤਰੀਆਂ ਕੋਲ ਲੋੜੀਂਦੇ ਕਾਗਜ਼ਾਤ ਸਨ ਪਰ ਭਾਰਤ ਸਰਕਾਰ ਨੇ ਇਨ੍ਹਾਂ ਦੀ ਮਦਦ ਕਰਨ ਤੋਂ ਲਗਭਗ ਇਨਕਾਰ ਕਰ ਦਿੱਤਾ। ਕਾਮਾਗਾਟਾ ਮਾਰੂ ਸਮੁੰਦਰੀ ਜਹਾਜ਼ ਦਾ ਸਾਕਾ 4 ਅਪ੍ਰੈਲ ਤੋਂ 29 ਸਿਤੰਬਰ 1914 ਦੌਰਾਨ ਵਾਪਰਿਆ ਸੀ ਕੈਨੇਡਾ ਗੋਰਿਆ ਦਾ ਮੁਲਕ ਬਣੇ ਰਹਿਣ ਦੀ ਨੀਤੀ ਤਹਿਤ ਭਾਰਤੀਆਂ ਨੂੰ ਦਾਖਲ ਨਹੀਂ ਹੋ ਦਿੰਦਾ ਸੀ ਸਰਕਾਰ ਦੀ ਨੀਤੀ ਸੀ ਕਿ ਕੋਈ ਵੀ ਅਜਿਹਾ ਵਿਅਕਤੀ ਕੈਨੇਡਾ ਵਿਚ ਦਾਖਲ ਨਹੀਂ ਹੋ ਸਕਦਾ ਜੋ ਸਿੱਧਾ ਮੁਲਕ ਤੋਂ ਬਿਨਾਂ ਕਿਤੇ ਨਾ ਆਇਆ ਹੋਵੇ ਇਸ ਨੀਤੀ ਦਾ ਤੋੜ ਕੱਢਦਿਆ ਗੁਰਦਿੱਤ ਸਿੰਘ ਸਰਹਾਲੀ ਜੋ ਹਾਂਗਕਾਂਗ, ਸਿੰਘਾਪੁਰ ਤੇ ਮਲਾਇਆ ਦੇ ਕਾਰੋਬਾਰੀ ਸਨ, ਨੇ ਇੱਕ ਜਹਾਜ਼ ਹੀ ਖਰੀਦ ਲਿਆ ਇਹ ਜਹਾਜ਼ 376 ਯਾਤਰੀਆਂ ਨੂੰ ਲੈਕੇ ਵੈਨਕੂਵਰ ਸਿੱਧਾ ਗਿਆ, ਪਰ ਇਸ ਦੇ ਗੈਰ ਕੈਨੇਡੀਅਨ ਯਾਤਰੀਆਂ ਨੂੰ ਉਤਰਨ ਨਹੀਂ ਦਿੱਤਾ। ਦੋ ਮਹੀਨੇ ਵੈਨਕੂਵਰ ਬੰਦਰਗਾਹ ਉੱਤੇ ਜੱਦੋਜਹਿਦ ਕਰਨ ਤੋਂ ਬਾਅਦ ਇਸ ਜਹਾਜ਼ ਦੇ ਯਾਤਰੀ ਵਾਪਸ ਆ ਕੋਲਕਾਤਾ ਆਏ

ਇੱਥੇ ਬਰਤਾਨਵੀਂ ਹਕੂਮਤ ਨੇ ਹਿਰਾਸਤ ਵਿਚ ਲੈਣ ਦੀ ਕੋਸ਼ਿਸ਼ ਕੀਤੀ ਤਾਂ ਇਨ੍ਹਾਂ ਇਸ ਦਾ ਵਿਰੋਧ ਕੀਤਾ ਬਰਤਾਨਵੀਂ ਹਕੂਮਤ ਭਾਰਤ ਆਏ ਇਨ੍ਹਾਂ ਲੋਕਾਂ ਨੂੰ ਗਦਰ ਲਹਿਰ ਦਾ ਹਿੱਸਾ ਸਮਝਦੀ ਸੀ

ਇਨ੍ਹਾਂ ਦੇ ਵਿਰੋਧ ਕਰਨ ਉੱਤੇ ਪੁਲਿਸ ਨੇ ਗੋਲੀ ਚਲਾ ਦਿੱਤੀ ਜਿਸ ਵਿਚ 20 ਜਣੇ ਮਾਰੇ ਗਏ ਅਤੇ ਵੱਡੀ ਗਿਣਤੀ ਜ਼ਖ਼ਮੀ ਹੋ ਗਏ ਇਸ ਘਟਨਾ ਨੇ ਭਾਰਤ ਦੇ ਅਜਾਦੀ ਅੰਦੋਲਨ ਨੂੰ ਖਾਸਕਰ ਪੰਜਾਬ ਵਿਚ ਨਵਾਂ ਜੋਸ਼ ਅਤੇ ਹੁਲਾਰਾ ਦਿੱਤਾ ਸੀ ਇਹ ਨਸਲੀ ਵਿਤਰਕੇ ਦਾ ਇੱਕ ਢੰਗ ਸੀ, ਜਿਸ ਨੂੰ ਪੰਜਾਬੀਆਂ ਨੇ ਬਹੁਤ ਹੀ ਗਹਿਰੇ ਢੰਗ ਨਾਲ ਮਹਿਸੂਸ ਕੀਤਾ।

ਇਸ ਦੀਆਂ ਖ਼ਬਰਾਂ ਭਾਰਤ, ਅਮਰੀਕਾ, ਕੈਨੇਡਾ ਅਤੇ ਪੂਰੀ ਦੁਨੀਆਂ ਵਿੱਚ ਆ ਜਾ ਰਹੀਆਂ ਸਨ, ਕਿ ਉਹ ਉੱਥੇ ਕਿਹੜੇ ਹਾਲਾਤ ਦਾ ਸਾਹਮਣਾ ਕਰ ਰਹੇ ਹਨ।

ਹਾਂਗਕਾਂਗ ਤੋਂ 4 ਅਪ੍ਰੈਲ ਨੂੰ ਤੁਰੇ ਜਹਾਜ਼ ਨੇ ਸ਼ੰਘਾਈ, ਮੋਜੀ, ਯੋਕੋਹਾਮਾ ਤੋਂ ਯਾਤਰੀ ਬਿਠਾਏ ਸਨ ਤੇ ਇਸ ਨੂੰ 23 ਜੁਲਾਈ ਨੂੰ ਇਨ੍ਹਾਂ ਨੂੰ ਜ਼ਬਰਦਸਤੀ ਵਾਪਸ ਮੋੜਿਆ ਗਿਆ। ਜਪਾਨ ਦੀ ਕੋਬੇ ਬੰਦਰਗਾਹ ਤੋਂ ਬਿਨਾਂ ਹੋਰ ਕਿਸੇ ਵੀ ਥਾਂ ਉੱਤੇ ਉਨ੍ਹਾਂ ਨੂੰ ਰੁਕਣ ਨਹੀਂ ਦਿੱਤਾ ਗਿਆ, ਅਜਿਹੇ ਹਾਲਾਤ ਦਾ ਸਾਹਮਣਾ ਕਰਦੇ ਹੋਏ ਇਹ ਕੋਲਕਾਤਾ ਦੇ ਬਜਬਜ ਘਾਟ ਬੰਦਰਗਾਹ ਉੱਤੇ ਪਹੁੰਚੇ।

### ਬਜਬਜ ਘਾਟ ਉੱਤੇ ਗੋਲੀਬਾਰੀ

ਕਾਮਾਗਾਟ ਮਾਰੂ ਦੇ ਬਜਬਜ ਘਾਟ ਪਹੁੰਚਣ ਤੋਂ ਪਹਿਲਾਂ ਹੀ ਅੰਗਰੇਜ਼ ਹਕੂਮਤ ਨੇ ਗੱਡੀਆਂ ਤਿਆਰ ਕੀਤੀਆਂ ਹੋਈਆਂ ਸਨ, ਜਿਸ ਵਿੱਚ ਇਨ੍ਹਾਂ ਯਾਤਰੀਆਂ ਨੂੰ ਬਿਠਾ ਕੇ ਵੱਖ ਵੱਖ ਥਾਵਾਂ ਉੱਤੇ ਪਹੁੰਚਾਇਆ ਜਾਣਾ ਸੀ। ਇਸੇ ਕਾਰਨ ਹਾਲਾਤ ਕਾਫੀ ਤਣਾਅ ਪੂਰਨ ਬਣੇ ਹੋਏ ਸਨ।

ਜਦੋਂ ਇਨ੍ਹਾਂ ਨੂੰ ਜ਼ਬਰੀ ਗੱਡੀ ਵਿੱਚ ਬਿਠਾਏ ਜਾਣ ਦਾ ਯਾਤਰੀਆਂ ਨੇ ਵਿਰੋਧ ਕੀਤਾ ਤਾਂ ਪੁਲਿਸ ਨੇ ਗੋਲੀ ਚਲਾ ਦਿੱਤੀ, ਜਿਸ ਵਿੱਚ 20 ਦੇ ਕਰੀਬ ਪੰਜਾਬੀ ਯਾਤਰੀ ਮਾਰੇ ਗਏ, ਵੱਡੀ ਗਿਣਤੀ ਵਿੱਚ ਜ਼ਖ਼ਮੀ ਹੋ ਗਏ। ਕੁਝ ਲੋਕ ਗੋਲੀਬਾਰੀ ਦੌਰਾਨ ਰੇਲ ਗੱਡੀਆਂ ਰਾਹੀ ਭੱਜ ਨਿਕਲੇ ਅਤੇ ਕੁਝ ਪੈਦਲ ਹੀ ਝਾਰਖੰਡ ਅਤੇ ਓਡੀਸ਼ਾ ਦੇ ਜੰਗਲਾਂ ਵੱਲ ਹੋ ਤੁਰੇ, ਜਿਨ੍ਹਾਂ ਵਿਚੋਂ ਕਈ ਜ਼ਖ਼ਮਾ ਦੀ ਤਾਬ ਨਾਲ ਝੱਲਦੇ ਹੋਏ ਮਾਰੇ ਗਏ। ਡਾ. ਅਮਨਪ੍ਰੀਤ ਸਿੰਘ ਗਿੱਲ ਦੱਸਦੇ ਹਨ, "ਇਸ ਤੋਂ ਬਾਅਦ ਇਸ ਜਹਾਜ਼ ਦੇ ਸੰਚਾਲਕ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੂੰ 7 ਸਾਲ ਰੂਪੋਸ਼ ਰਹਿਣਾ ਪਿਆ ਤੇ ਫਿਰ ਪੰਜ ਸਾਲ ਜੇਲ੍ਹ ਜਾਣਾ ਪਿਆ।"

### ਜਦੋਂ ਬਾਬਾ ਗੁਰਦਿੱਤ ਸਿੰਘ ਨੇ ਕੀਤਾ ਖ਼ੁਦ ਨੂੰ ਪੁਲਿਸ ਹਵਾਲੇ

ਡਾ. ਗਿੱਲ ਦੱਸਦੇ ਹਨ, "ਪੁਲਿਸ ਇਸ ਜਹਾਜ਼ ਵਿੱਚ ਵਾਪਸ ਆਏ ਮੁਸਾਫ਼ਰਾਂ ਦਾ ਗ਼ਦਰ ਪਾਰਟੀ ਨਾਲ ਸੰਬਧ ਜੋੜਦੀ ਸੀ। ਇਹ ਸੱਚ ਹੈ ਕਿ ਇਹ ਸਾਰੀ ਬੇਇਨਸਾਫ਼ੀ ਦੇਖ ਕੇ ਬਾਬਾ ਗੁਰਦਿੱਤ ਸਿੰਘ ਦਾ ਗ਼ਦਰ ਪਾਰਟੀ ਵੱਲ ਝੁਕਾਅ ਹੋਇਆ ਸੀ।" "ਪਰ ਮੁੱਢਲੇ ਤੌਰ 'ਤੇ ਉਹ ਗ਼ਦਰ ਪਾਰਟੀ ਦੀ ਹਥਿਆਰਬੰਦ ਸੰਘਰਸ਼ ਨੀਤੀ ਨਾਲ ਸਹਿਮਤ ਨਹੀਂ ਸਨ।" ਗ਼ਦਰੀ ਬਾਬੇ ਜਿੱਥੇ ਅਮਰੀਕਾ ਵਿੱਚ ਵਸਦੇ ਪੰਜਾਬੀਆਂ ਨੂੰ ਭਾਰਤ ਵਿੱਚ ਹਥਿਆਰਬੰਦ ਸੰਘਰਸ਼ ਵਿੱਚ ਹਿੱਸਾ ਲੈਣ ਲਈ ਸੱਦਾ ਦੇ ਰਹੇ ਸਨ। ਬਾਬਾ ਗੁਰਦਿੱਤ ਸਿੰਘ ਉਨ੍ਹਾਂ ਦੇ ਉਲਟ ਭਾਰਤੀਆਂ ਨੂੰ ਅਮਰੀਕਾ-ਕੈਨੇਡਾ ਦੀਆਂ ਆਜ਼ਾਦ ਧਰਤੀਆਂ ਉੱਤੇ ਜਾ ਕੇ ਵਸਣ ਤੇ ਆਜ਼ਾਦ ਨਾਗਰਿਕ ਬਣਨ ਦਾ ਸੁਪਨਾ ਦੇ ਰਹੇ ਸਨ। ਉਨ੍ਹਾਂ ਮੁਤਾਬਕ, "ਕੈਨੇਡਾ ਸਰਕਾਰ ਦੀ ਵਿਤਕਰੇਬਾਜ਼ੀ, ਬਰਤਾਨਵੀ ਸਾਮਰਾਜ ਦੀ ਆਪਣੀ ਹਿੰਦੁਸਤਾਨੀ ਪ੍ਰਜਾ ਪ੍ਰਤੀ ਧੋਖੇਬਾਜ਼ੀ ਅਤੇ ਬਜਬਜ ਘਾਟ ਉੱਤੇ ਪੁਲਿਸ ਦੇ ਜ਼ਬਰ ਨੇ ਬਾਬਾ ਗੁਰਦਿੱਤ ਸਿੰਘ ਨੂੰ ਗਦਰੀਆਂ ਦੀ ਸੋਚ ਦੇ ਨੇੜੇ ਲੈ ਆਂਦਾ।" "ਪਰ ਫਿਰ ਵੀ ਉਨ੍ਹਾਂ ਉੱਤੇ ਕਾਂਗਰਸ ਦੀ ਰਾਸ਼ਟਰਵਾਦੀ ਨੀਤੀ ਦਾ ਵਧੇਰੇ ਪ੍ਰਭਾਵ ਰਿਹਾ ਅਤੇ ਮਹਾਤਮਾ ਗਾਂਧੀ ਦੀ ਸਲਾਹ ਨਾਲ ਹੀ ਉਨ੍ਹਾਂ ਨੇ ਨਵੰਬਰ 1921 ਵਿੱਚ 7 ਸਾਲ ਦੀ ਰੂਪੋਸ਼ੀ ਉਪਰੰਤ ਆਪਣੇ ਆਪ ਨੂੰ ਪੁਲਿਸ ਹਵਾਲੇ ਕਰ ਦਿੱਤਾ ਸੀ।"

### ਕੌਣ ਸਨ ਗੁਰਦਿੱਤ ਸਿੰਘ ਸਰਹਾਲੀ

ਡਾ. ਸੁਮੇਲ ਸਿੰਘ ਸਿੱਧੂ ਦੱਸਦੇ ਹਨ ਕਿ 4 ਅਪ੍ਰੈਲ 1914 ਤੋਂ 29 ਸਤੰਬਰ 1914 ਤੱਕ ਦਾ ਪੂਰਾ ਘਟਨਾਕ੍ਰਮ ਜੋ ਕਾਮਾਗਾਟਾ ਮਾਰੂ ਜਹਾਜ਼ ਦੁਆਲੇ ਘੁੰਮਦਾ ਹੈ, ਉਸ ਦੇ ਮੁੱਖ ਧੁਰਾ ਗੁਰਦਿੱਤ ਸਿੰਘ ਸਰਹਾਲੀ ਸਨ। ਉਨ੍ਹਾਂ ਦਾ ਜਨਮ 1859 ਵਿੱਚ ਤਰਨਤਾਰਨ ਦੇ ਸਰਹਾਲੀ ਪਿੰਡ ਵਿੱਚ ਹੋਇਆ, ਇਸੇ ਲਈ ਉਨ੍ਹਾਂ ਦੇ ਨਾਂ ਨਾਲ ਸਰਹਾਲੀ ਸ਼ਬਦ ਜੁੜ ਗਿਆ। ਉਨ੍ਹਾਂ ਦੇ ਪਿਤਾ ਹੁਕਮ ਸਿੰਘ ਮਲਾਇਆ ਵਿੱਚ ਬਰਤਾਨਵੀਂ ਫੌਜ ਵਿੱਚ ਨੌਕਰੀ ਕਰਦੇ ਹਨ। ਜਦਕਿ ਉਨ੍ਹਾਂ ਦੇ ਦਾਦਾ ਨੇ ਵੀ ਅੰਗਰੇਜ਼ਾਂ ਦੀ ਸਿੱਖ ਰੈਜਮੈਂਟ ਵਿੱਚ ਵੀ ਨੌਕਰੀ ਕੀਤੀ ਸੀ। ਗੁਰਦਿੱਤ ਸਿੰਘ ਦੇ ਚਾਚਾ ਅਜੀਤ ਸਿੰਘ ਹਾਂਗਕਾਂਗ ਦੀ ਲੜਾਈ 'ਚ ਮਾਰੇ ਗਏ ਸਨ। ਉਹ ਰਸਮੀ ਸਕੂਲ ਨਹੀਂ ਗਏ ਸਨ, ਉਨ੍ਹਾਂ ਘਰ ਵਿੱਚ ਹੀ ਗੁਰਮੁਖੀ ਪੜ੍ਹਨੀ ਤੇ ਲਿਖਣੀ ਸਿੱਖੀ। ਉਹ ਆਪਣੀ ਪਤਨੀ ਗੁਲਾਬ ਕੌਰ ਨਾਲ ਕਾਰੋਬਾਰ ਲਈ ਹਾਂਗਕਾਂਗ ਚਲੇ ਗਏ ਸਨ। ਭਾਵੇਂ ਉਨ੍ਹਾਂ ਦਾ ਜਨਮ ਸਧਾਰਨ ਕਿਸਾਨ ਪਰਿਵਾਰ ਵਿੱਚ ਹੋਇਆ ਸੀ ਪਰ ਉਹ ਮਲਾਇਆ, ਸਿੰਘਾਪੁਰ ਅਤੇ ਹਾਂਗਕਾਂਗ ਇਲਾਕੇ ਦੇ ਕਾਰੋਬਾਰੀ ਬਣ ਗਏ ਸਨ। ਉਨ੍ਹਾਂ ਨੂੰ ਕਿਸੇ ਕਾਨੂੰਨੀ ਪੈਰਵੀ ਦੇ ਸਿਲਸਿਲੇ ਵਿੱਚ ਹਾਂਗਕਾਂਗ ਦੇ ਗੁਰਦੁਆਰੇ ਵਿੱਚ ਆਉਣਾ ਪਿਆ ਸੀ। ਇੱਥੇ ਉਨ੍ਹਾਂ ਦੀ ਮੁਲਾਕਾਤ ਹਾਂਗਕਾਂਗ ਗੁਰਦੁਆਰੇ ਦੇ ਹੈੱਡ ਗ੍ਰੰਥੀ ਗਿਆਨੀ ਭਗਵਾਨ ਸਿੰਘ ਨਾਲ ਹੋਈ। ਗਿਆਨੀ ਭਗਵਾਨ ਸਿੰਘ ਬਹੁਤ ਹੀ ਇਨਕਲਾਬੀ ਵਿਚਾਰਾਂ ਦੇ ਧਾਰਨੀ ਸਨ। ਉਹ ਗ਼ਦਰ ਪਾਰਟੀ ਦੇ ਵਿਚਾਰਾਂ ਤੋਂ ਪ੍ਰਭਾਵਿਤ ਸਨ, ਇੱਥੇ ਗ਼ਦਰ ਪਾਰਟੀ ਦਾ ਗ਼ਦਰ ਅਖ਼ਬਾਰ ਪੜ੍ਹ ਕੇ ਸੁਣਾਇਆ ਜਾਂਦਾ ਸੀ। ਹਾਂਗਕਾਂਗ ਵਿੱਚ ਭਾਰਤੀ ਰਸਾਲੇ ਨਾਲ ਸਬੰਧਤ ਫੌਜੀ ਵੀ ਇਸ ਗੁਰਦੁਆਰੇ ਵਿੱਚ ਆਉਂਦੇ ਸਨ, ਉਹ ਵੀ ਗਦਰ ਅਖ਼ਬਾਰ ਪਹਿਲਾਂ ਸੁਣਦੇ ਸਨ। ਇਸ ਕਾਰਨ ਉਨ੍ਹਾਂ ਦੇ ਗੁਰਦੁਆਰੇ ਆਉਣ ਉੱਤੇ ਪਾਬੰਦੀ ਲਗਾ ਦਿੱਤੀ ਗਈ। ਸਰਕਾਰ ਨੇ ਕਾਮਾਗਾਟਾ ਮਾਰੂ ਘਟਨਾਕ੍ਰਮ ਦੀ ਜਾਂਚ ਲਈ ਇੱਕ ਜਾਂਚ ਕਮੇਟੀ ਬਿਠਾਈ, ਜਿਸ ਨੇ ਗੁਰਦਿੱਤ ਸਿੰਘ ਨੂੰ ਇਸਦਾ ਮੁੱਖ ਮੁਲਜ਼ਮ ਮੰਨਿਆ। ਡਾ. ਗਿੱਲ ਆਖਦੇ ਹਨ, "ਬਾਬਾ ਗੁਰਦਿੱਤ ਸਿੰਘ ਨੇ ਬਰਤਾਨਵੀ ਬਸਤੀਵਾਦ ਦੀ ਬੇਇਨਸਾਫ਼ੀ ਨੂੰ ਉਸ ਵੇਲੇ ਵੰਗਾਰਿਆ ਜਦੋਂ ਇਸ ਦੀ ਮਹਿਮਾ ਦਾ ਸੂਰਜ ਸਿਖ਼ਰਾਂ 'ਤੇ ਚਮਕਦਾ ਸੀ। ਇਹ ਦਲੇਰੀ ਉਸ ਵੇਲੇ ਕੇ ਕਿਸੇ ਹੋਰ ਰਾਸ਼ਟਰੀ ਨੇਤਾ ਨੇ ਨਹੀਂ ਦਿਖਾਈ ਸੀ।" ਸਰਕਾਰੀ ਇਲਜ਼ਾਮਾਂ ਦੇ ਜਵਾਬ ਵਿੱਚ ਗੁਰਦਿੱਤ ਸਿੰਘ ਨੇ ਇੱਕ ਕਿਤਾਬ ਵੀ ਲਿਖੀ। ਕੈਨੇਡਾ ਅਤੇ ਬਰਤਾਨਵੀ ਸਰਕਾਰ ਦੀ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਨਾਲ ਬੇਇਨਸਾਫ਼ੀ ਦੀ ਦਾਸਤਾਨ ਨੂੰ ਬਾਬਾ ਗੁਰਦਿੱਤ ਸਿੰਘ ਨੇ 'ਜ਼ੁਲਮੀ ਕਥਾ' ਨਾਮ ਦੀ ਪੁਸਤਕ ਵਿੱਚ ਦਰਜ ਕੀਤਾ ਹੈ। ਬਾਅਦ ਵਿੱਚ ਇਤਿਹਾਸਕਾਰ ਦਰਸ਼ਨ ਸਿੰਘ ਤਾਤਲਾ ਨੇ ਇਸ ਨੂੰ ਮੁੜ ਛਪਵਾਇਆ।

### ਲੋਕ ਮਾਰੂ ਕਾਨੂੰਨ ਤੇ ਕੌਮੀ ਅੰਦੋਲਨ

ਸੁਮੇਲ ਸਿੰਘ ਸਿੱਧੂ ਦੱਸਦੇ ਹਨ ਕਿ ਇੱਥੇ ਦੇਖਣ ਵਾਲੀ ਗੱਲ ਇਹ ਹੈ ਕਿ ਬੰਗਾਲ ਦੀ ਸਵਦੇਸ਼ੀ ਲਹਿਰ ਤੋਂ ਲੈ ਕੈ ਹਾਂਗਕਾਂਗ ਵਿੱਚ ਫੌਜੀਆਂ ਦੀਆਂ ਬਗਾਵਤਾਂ ਅਤੇ, ਪੰਜਾਬ ਤੇ ਯੂਪੀ ਦੇ ਇਨਕਲਾਬੀਆਂ ਤੇ ਗਦਰੀਆਂ ਦੇ ਤਾਲਮੇਲ ਨਾਲ ਜੋ ਗਤੀਵਿਧੀਆਂ ਚੱਲੀਆਂ, ਅਜਿਹੀਆਂ ਸਾਰੀਆਂ ਗਤੀਵਿਧੀਆਂ ਨੂੰ ਦਬਾਉਣ ਲਈ ਸਖ਼ਤ ਕਾਰਵਾਈਆਂ ਕੀਤੀਆਂ ਗਈਆਂ। ਇਸ ਦੇ ਖਿਲਾਫ਼ ਰੌਲਟ ਐਕਟ ਵਰਗੇ ਦਮਨਕਾਰੀ ਕਾਨੂੰਨ ਲਿਆਂਦੇ ਗਏ। ਇਸ ਤਹਿਤ ਫੌਜ ਨੂੰ ਬੇਇੰਤਹਾ ਅਧਿਕਾਰ ਦੇ ਦਿੱਤੇ ਗਏ। ਇਸੇ ਵਿੱਚੋਂ ਜੱਲ੍ਹਿਆਂਵਾਲਾ ਬਾਗ ਦਾ ਸਾਕਾ ਨਿਕਲਦਾ ਹੈ। ਲੋਕ ਵਿਰੋਧੀ ਕਾਨੂੰਨਾਂ ਖਿਲਾਫ਼ ਫੇਰ ਕੌਮੀ ਪੱਧਰ ਉੱਤੇ ਮੋਹਨ ਦਾਸ ਕਰਮ ਚੰਦ ਗਾਂਧੀ ਦੀ ਅਗਵਾਈ ਵਿੱਚ ਅੰਦੋਲਨ ਲੜਿਆ ਗਿਆ। ਇਸ ਵਿੱਚ ਵੱਡਾ ਅੰਤਰ ਇਹ ਆਇਆ ਕਿ ਇਹ ਅੰਦੋਲਨ ਹਥਿਆਰਬੰਦ ਦੀ ਥਾਂ ਅਹਿੰਸਕ ਤਰੀਕੇ ਨਾਲ ਅੱਗੇ ਵਧਿਆ। ਕਾਮਾਗਾਟਾ ਮਾਰੂ ਦੀ ਘਟਨਾ ਨੂੰ ਪੰਜਾਬੀਆਂ ਨੇ ਕੌਮਾਂਤਰੀ ਪੱਧਰ ਉੱਤੇ ਫੈਲਾਇਆ, ਅੰਗਰੇਜ਼ ਸਰਕਾਰ ਦਾ ਉਨ੍ਹਾਂ ਵੱਲ ਰਵੱਈਆ, ਨਸਲੀ ਵਿਤਕਰੇ ਦਾ ਜੋ ਉਨ੍ਹਾਂ ਸਾਹਮਣਾ ਕੀਤਾ ਉਸ ਨਾਲ ਰਾਜਸੀ ਚੇਤਨਾ ਹੋਰ ਪ੍ਰਚੰਡ ਹੋਈ। ਪੰਜਾਬ ਵਿੱਚ ਬਜਬਜ ਘਾਟ ਦੇ ਸਾਕੇ ਨੇ ਨਵੀਂ ਚੇਤਨਾ ਭਰੀ ਅਤੇ ਅੰਗਰੇਜ਼ਾਂ ਨਾਲ ਮਿਲ ਕੇ ਚੱਲਣ ਵਾਲੀ ਚੀਫ਼ ਖਾਲਸਾ ਦੀਵਾਨ ਵਰਗੀ ਲੀਡਰਸ਼ਿਪ ਦਾ ਵਿਰੋਧ ਹੋਇਆ। ਗ਼ਦਰ ਪਾਰਟੀ ਦਾ ਹਿੱਸਾ ਹੋਣ ਦੇ ਨਾਲ ਨਾਲ ਕਾਮਾਗਾਟਾ ਮਾਰੂ ਦੇ ਸਾਕੇ ਦੀ ਘਟਨਾ ਇੱਕ ਵੱਖਰੀ ਹੋਂਦ ਸੀ। ਇਹ ਇੱਕ ਅਜਿਹੀ ਘਟਨਾ ਸੀ, ਜਿਸ ਨੇ ਪੰਜਾਬ ਵਿੱਚ ਰਾਜਸੀ ਚੇਤਨਾ ਅਤੇ ਆਜ਼ਾਦੀ ਦੇ ਅੰਦੋਲਨ ਦੀ ਧਾਰ ਨੂੰ ਹੋਰ ਤਿੱਖਾ ਕੀਤਾ।

ਧੰਨਵਾਦ ਸਹਿਤ ਬੀਬੀਸੀ ਪੰਜਾਬੀ

ਲੇਖਕ: ਫਰੈਂਕ ਡਬਲਯੂ ਚਿਨਾਕ



# ਨਾਗਾਸਾਕੀ 'ਤੇ ਸੌ ਸੂਰਜਾਂ ਦਾ ਕਹਿਰ

ਵਿਡੰਬਨਾ ਦੇਖੋ, ਪਰਮਾਣੂ ਬੰਬ ਡੇਗਣ ਲਈ ਨਿਰਧਾਰਤ ਜਿਨ੍ਹਾਂ ਚਾਰ ਸਥਾਨਾਂ ਦੀ ਸੂਚੀ ਅਮਰੀਕੀ ਯੁੱਧ ਮੰਤਰੀ ਹੈਨਰੀ ਐੱਚ. ਸਟਿਮਸਨ ਦੇ ਸਾਹਮਣੇ ਵਿਚਾਰ ਲਈ ਪੇਸ਼ ਕੀਤੀ ਗਈ ਸੀ ਉਸ ਵਿੱਚ ਨਾਗਾਸਾਕੀ ਦਾ ਨਾਮ ਨਹੀਂ ਸੀ। ਫਿਰ ਮੰਦਭਾਗੀ ਗੱਲ ਇਹ ਹੋਈ ਕਿ ਬਾਕੀ ਦੁਨੀਆ ਵਾਂਗ, ਜਪਾਨ ਵਿੱਚ ਵੀ ਸਾਰਿਆਂ ਦਾ ਧਿਆਨ ਹੀਰੋਸ਼ੀਮਾ 'ਤੇ ਹੀ ਕੇਂਦਰਤ ਹੋ ਕੇ ਰਹਿ ਗਿਆ। ਨਾਗਾਸਾਕੀ ਦੇ ਮਹਾਵਿਨਾਸ਼ ਨੂੰ ਭੁਲਾ ਦਿੱਤਾ ਗਿਆ। ਨਾਗਾਸਾਕੀ ਦੇ ਬੁੱਧੀਜੀਵੀ ਅੱਜ ਵੀ ਇਹ ਗਿਲਾ ਕਰਦੇ ਸੁਣੇ ਜਾ ਸਕਦੇ ਹਨ, ''ਐਟਮ ਬੰਬ ਦਾ ਸ਼ਿਕਾਰ ਹੋਣਾ ਤਾਂ ਬੁਰਾ ਹੈ ਹੀ ਪਰ ਦੂਸਰੇ ਨੰਬਰ 'ਤੇ ਐਟਮ ਬੰਬ ਦਾ ਸ਼ਿਕਾਰ ਹੋਣਾ ਉਸ ਤੋਂ ਵੀ ਬੁਰਾ ਹੈ।'' ਇੱਥੇ ਨਾਗਾਸਾਕੀ ਦੇ ਕਲਪਨਾ ਤੋਂ ਵੀ ਬਾਹਰੇ ਮਹਾਵਿਨਾਸ਼ ਦੁਖਾਂਤ ਦਾ ਬੇਹੱਦ ਸੰਜੀਦਾ ਚਿਤਰਨ ਪੇਸ਼ ਹੈ।

ਸਰਕਾਰੀ ਕੈਲੰਡਰਾਂ 'ਤੇ ਤਰੀਕ ਬਦਲ ਚੁੱਕੀ ਸੀ। 9 ਅਗਸਤ 1945 I 8 ਅਗਸਤ ਦੀ ਰਾਤ ਅਜੇ ਕੁਝ ਦੇਰ ਪਹਿਲਾਂ ਖ਼ਤਮ ਹੋਈ ਸੀ। 3 ਵੱਜ ਕੇ 56 ਮਿੰਟ ਹੋਏ ਸਨ। ਤਿਰਾਨ ਦੀਪ ਦੀ ਦੋ ਮੀਲ ਲੰਬੀ ਹਵਾਈ ਪੱਟੀ ਮਹਾਵਿਨਾਸ਼ ਦੇ ਦੂਤ ਨੂੰ ਵਧਾਈ ਦੇਣ ਲਈ ਮੌਨ ਉਡੀਕ ਵਿੱਚ ਸੀ। ਬੀ-29 ਜਹਾਜ਼ ਨੂੰ ਉੱਡਣ ਵਾਸਤੇ ਇਸ ਲੰਬਾਈ ਦੇ ਹਰ ਇੰਚ ਦੀ ਜ਼ਰੂਰਤ ਸੀ। ਇਸ ਜਹਾਜ਼ 'ਤੇ ਸਿਰਫ਼ ਇੱਕ ਬੰਬ ਲੱਦਿਆ ਹੋਇਆ ਸੀ। ਇਹ ਬੰਬ ਕਿਸੇ ਬਹੁਤ ਵੱਡੇ ਤਰਬੂਜ਼ ਵਾਂਗ ਸੀ। ਇਹਦਾ ਵਜ਼ਨ 10 ਹਜ਼ਾਰ ਪੌਂਡ ਸੀ। ਇਸ ਤੋਂ ਬਿਨਾਂ ਪ੍ਰਸ਼ਾਂਤ ਸਾਗਰੀ ਇਸ ਜਹਾਜ਼ਾਂ ਦੇ ਅੱਡੇ ਤੋਂ ਜਪਾਨ ਤੱਕ ਅਤੇ ਵਾਪਸੀ ਯਾਤਰਾ ਤੱਕ 3400 ਮੀਲ ਦੀ ਦੂਰੀ ਤੈਅ ਕਰਨ ਵਾਸਤੇ ਜ਼ਰੂਰਤ ਅਨੁਸਾਰ ਕਈ ਟਨ ਤੇਲ ਵੀ ਇਸ ਨਾਲ ਸੀ।

ਇਸ ਬੀ-29 ਉੱਤੇ ਜੋ ਬੰਬ ਲੱਦਿਆ ਹੋਇਆ ਸੀ, ਉਹ ਪਰਮਾਣੂ ਬੰਬ ਸੀ। ਜਪਾਨ ਨੇ ਐਲਾਨ ਕੀਤਾ ਸੀ ਕਿ ਉਹ ਆਪਣੀ ਧਰਤੀ 'ਤੇ ਦੁਸ਼ਮਣ ਦੇ ਆਉਣ 'ਤੇ ਵੀ ਆਖ਼ਰੀ ਖਾਈ, ਆਖ਼ਰੀ ਇੰਚ ਤੱਕ ਯੁੱਧ ਜਾਰੀ ਰੱਖੇਗਾ। ਅਮਰੀਕਾ ਨੇ ਜਪਾਨ ਦੀ ਇਸ ਚੁਣੌਤੀ ਦਾ ਜਵਾਬ ਪਰਮਾਣੂ ਨਾਲ ਦੇਣ ਦਾ ਫ਼ੈਸਲਾ ਕਰ ਲਿਆ ਸੀ।

ਛੇ ਅਗਸਤ ਨੂੰ ਪਹਿਲਾ ਪਰਮਾਣੂ ਬੰਬ ਹੀਰੋਸ਼ੀਮਾ 'ਤੇ ਸੁੱਟਿਆ ਗਿਆ। ਅੱਜ ਦੇ ਇਸ ਦੂਸਰੇ ਪਰਮਾਣੂ ਬੰਬ ਦਾ ਨਿਸ਼ਾਨਾ 4 ਲੱਖ ਦੀ ਆਬਾਦੀ ਵਾਲਾ ਉਦਯੋਗ ਨਗਰ ਕੋਕੂਰਾ ਸੀ। ਉੱਥੇ ਜਾਪਾਨ ਦੀਆਂ ਸਭ ਤੋਂ ਵੱਡੀਆਂ ਤੇ ਸਭ ਤੋਂ ਜ਼ਿਆਦਾ ਗੋਲਾ ਬਾਰੂਦ ਬਣਾਉਣ ਵਾਲੀਆਂ ਫੈਕਟਰੀਆਂ ਵੀ ਸਨ।

ਹੌਲੀ ਹੌਲੀ ਉੱਡਦਾ ਹੋਇਆ ਬੀ-29 ਜਹਾਜ਼ ਬੱਦਲਾਂ ਤੋਂ ਉੱਪਰ ਉੱਠ ਗਿਆ ਤੇ ਮੇਜਰ ਚਾਰਲਸ ਸਵੀਨੀ ਨੇ ਸੁਖ ਦਾ ਸਾਹ ਲਿਆ। ਅਚਾਨਕ ਮੇਜਰ ਚੀਕਿਆ, ''ਪਾਵਰ ਟੂ''। ਇਸ ਦਾ ਮਤਲਬ ਸੀ ਕਿ ਉਹ ਜਹਾਜ਼ ਦੀ ਉਡਾਣ ਲਈ ਨਿਰਧਾਰਤ ਉਚਾਈ ਤੱਕ ਲੈ ਕੇ ਜਾਣ ਵਾਲੀ ਸ਼ਕਤੀ ਅਤੇ ਰਫ਼ਤਾਰ ਦੀ ਮੰਗ ਕਰ ਰਿਹਾ ਸੀ।

ਜਹਾਜ਼ 7000 ਫੁੱਟ ਦੀ ਉਚਾਈ 'ਤੇ ਪਹੁੰਚ ਕੇ ਸਿੱਧਾ ਅੱਗੇ ਵਧਣ ਲੱਗਿਆ। ਜਹਾਜ਼ ਵਿੱਚ ਸਵਾਰ 13 ਵਿਅਕਤੀ ਆਪਣੇ ਸਥਾਨ 'ਤੇ ਡਟੇ ਬੈਠੇ ਸਨ। ਰਫ਼ਤਾਰ ਸੀ 220 ਮੀਲ ਪ੍ਰਤੀ ਘੰਟਾ।

ਸਵੇਰੇ 9 ਵੱਜ ਕੇ 50 ਮਿੰਟ 'ਤੇ ਕੋਕੂਰਾ ਨਗਰ ਨਜ਼ਰ ਆਉਣ ਲੱਗਿਆ। ਇਸ ਸਮੇਂ ਬੀ-29 ਜਹਾਜ਼ 31000 ਫੁੱਟ ਦੀ ਉਚਾਈ 'ਤੇ ਉੱਡ ਰਿਹਾ ਸੀ। ਬਸ ਇਸੇ ਉਚਾਈ ਤੋਂ ਡੇਗਿਆ ਜਾਣਾ ਸੀ ਬੰਬ। ਨਗਰ ਦੇ ਉੱਪਰ ਬੱਦਲ ਫੈਲੇ ਹੋਏ ਸਨ।

ਬੀਹਨ ਚੀਖਿਆ, ''ਮੈਨੂੰ ਅਸਲਾਖਾਨਾ ਕਿਤੇ ਨਜ਼ਰ ਨਹੀਂ ਆ ਰਿਹਾ। ਇੱਕ ਵਾਰ ਫਿਰ ਘੁੰਮ ਕੇ ਆਪਾਂ ਨੂੰ ਆਪਣੇ ਨਿਸ਼ਾਨੇ ਦੇ ਉੱਪਰ ਦੀ ਲੰਘਣਾ ਪਵੇਗਾ।''

ਸਵੀਨੀ ਇੰਟਰਕਾਮ 'ਤੇ ਬੋਲ ਉੱਠਿਆ, ''ਬੰਬ ਨਹੀਂ ਡੇਗਣਾ, ਫਿਰ ਸੁਣ ਲਓ, ਬੰਬ ਨਾ ਡੇਗਿਓ। ਅਸੀਂ ਦੂਜੀ ਦਿਸ਼ਾ ਤੋਂ ਨਿਸ਼ਾਨੇ 'ਤੇ ਪਹੁੰਚਣ ਦੀ ਕੋਸ਼ਿਸ਼ ਕਰਾਂਗੇ।''

ਕੁਝ ਕੁ ਮਿੰਟ ਬਾਅਦ ਹੀ ਸਵੀਨੀ ਪੂਰਬ ਵਾਲੇ ਪਾਸੇ ਤੋਂ ਆ ਕੇ ਸ਼ਹਿਰ ਉੱਤੇ ਉਡਾਣ ਭਰਨ ਲੱਗਿਆ ਪਰ ਅੰਤਿਮ ਪਲਾਂ ਵਿੱਚ ਸ਼ਹਿਰ 'ਤੇ ਫੈਲੇ ਹੋਏ ਧੂੰਏਂ ਨੇ ਇੱਕ ਵਾਰ ਫਿਰ ਸਭ ਗੜਬੜ ਕਰ ਦਿੱਤਾ ਸੀ।

ਹੇਠਾਂ ਜਹਾਜ਼ਾਂ ਨੂੰ ਵਿੰਨ੍ਹਣ ਵਾਲੀਆਂ ਤੋਪਾਂ ਖ਼ਤਰਨਾਕ ਹੱਦ ਤੱਕ ਸ਼ੁਰੂ ਹੋ ਗਈਆਂ ਸਨ। ਸਵੀਨੀ ਨੂੰ ਪਤਾ ਸੀ ਕਿ ਕੋਕੂਰਾ ਦੀ ਰੱਖਿਆ ਵਾਸਤੇ ਸਾਰੇ ਜਪਾਨੀ ਸਾਮਰਾਜ ਦੇ ਨਿਪੁੰਨ ਤੋਪਚੀ ਤਾਇਨਾਤ ਕੀਤੇ ਗਏ ਹਨ। ਉਸ ਨੇ ਅੰਤਿਮ ਯਤਨ ਲਈ ਚਿਤਾਵਨੀ ਦਿੱਤੀ, ''ਅਸੀਂ ਇੱਕ ਵਾਰ ਫੇਰ ਕੋਸ਼ਿਸ਼ ਕਰਾਂਗੇ ਉੱਤਰ ਵਾਲੇ ਪਾਸੇ ਤੋਂ ਆ ਕੇ।''

ਪਰ ਤੀਸਰੀ ਵਾਰ ਵੀ ਸਫਲਤਾ ਨਹੀਂ ਮਿਲੀ।

ਤਦੇ ਸਾਰਜੈਂਟ ਕੁਹਾਰੇਕ ਦੀ ਆਵਾਜ਼ ਸੁਣਾਈ ਦਿੱਤੀ, ''ਤੇਲ ਘਟਦਾ ਜਾ ਰਿਹਾ ਹੈ। ਹੁਣ ਆਪਣੇ ਕੋਲ ਸਿਰਫ਼ ਇੰਨਾ ਕੁ ਤੇਲ ਬਚਿਆ ਹੈ ਕਿ ਅਸੀਂ ਵਾਪਸ ਜਾ ਸਕੀਏ।''

ਸਵੀਨੀ ਫ਼ੈਸਲਾ ਕਰ ਚੁੱਕਿਆ ਸੀ ਕਿ ਉਹ ਪਰਮਾਣੂ ਬੰਬ ਨੂੰ ਲੈ ਕੇ ਵਾਪਸ ਨਹੀਂ ਮੁੜੇਗਾ। ਇੱਥੋਂ ਅਸਫ਼ਲ ਹੋਣ 'ਤੇ ਇੱਕ ਹੋਰ ਨਿਸ਼ਾਨਾ ਸਾਧਿਆ ਜਾ ਸਕਦਾ ਸੀ। ਏਸ਼ਵਰਥ ਤੋਂ ਪੁੱਛਿਆ ਗਿਆ ਤਾਂ ਉਸ ਨੇ ਵੀ ਸਹਿਮਤੀ ਦੇ ਦਿੱਤੀ। ਸਵੀਨੀ ਨੇ ਸੱਜੇ ਪਾਸੇ ਝੁਕ ਕੇ ਜਹਾਜ਼ ਨੂੰ ਇਕਦਮ ਮੋੜ ਦਿੱਤਾ ਤੇ ਐਲਾਨ ਕਰ ਦਿੱਤਾ, ''ਆਪਾਂ ਨਾਗਾਸਾਕੀ ਵੱਲ ਵਧ ਰਹੇ ਹਾਂ।'' ਉਸ ਸਾਲ ਗਰਮੀ 'ਚ ਜਪਾਨ ਦੇ ਵੱਡੇ ਵੱਡੇ ਸ਼ਹਿਰ ਅਮਰੀਕੀ ਹਵਾਈ ਹਮਲੇ ਦੀ ਜ਼ਦ ਵਿੱਚ ਆ ਚੁੱਕੇ ਸਨ ਪਰ ਇਹ ਸਾਰੀ ਵਿਨਾਸ਼ ਲੀਲਾ ਦੇ ਵਿੱਚ ਨਾਗਾਸਾਕੀ ਲਗਭਗ ਅਛੂਤਾ ਹੀ ਬਚਿਆ ਹੋਇਆ ਸੀ। ਹਾਲਾਂਕਿ ਇੱਥੇ ਵੀ ਕਈ ਅਜਿਹੇ ਸਥਾਨ ਸਨ ਜਿਨ੍ਹਾਂ ਨੂੰ ਅਮਰੀਕੀ ਹਵਾਬਾਜ਼ ਦੁਨੀਆ ਦੇ ਨਕਸ਼ੇ ਤੋਂ ਮਿਟਾ ਦੇਣਾ ਚਾਹੁੰਦੇ ਸਨ। ਮਿਤਸੁਬਿਸ਼ੀ ਦਾ ਜੰਗੀ ਸਾਮਾਨ ਦਾ ਕਾਰਖਾਨਾ ਇੱਥੇ ਹੀ ਸੀ, ਜਿਸ 'ਚ ਬਣੇ ਤਾਰਪੀਡੋ ਪਰਲ ਹਾਰਬਰ ਦੇ ਸਰਬਨਾਸ਼ ਦਾ ਕਾਰਨ ਸਾਬਤ ਹੋਏ ਸਨ।

ਉਸੇ ਸਵੇਰ 29 ਸਾਲਾ ਅਧਿਆਪਕਾ ਤੀ ਅਦਾਚੀ ਜਿਸ ਦਾ ਪਤੀ ਇਸ ਯੁੱਧ ਵਿੱਚ ਮਾਰਿਆ ਗਿਆ ਸੀ, ਨਾਸ਼ਤੇ ਦੀ ਮੇਜ਼ 'ਤੇ ਬੈਠੀ ਆਪਣੇ ਰੇਡੀਓ ਨਾਲ ਛੇੜਛਾੜ ਕਰ ਰਹੀ ਸੀ। ਤਦੇ ਉਸ ਦੇ ਕੰਨਾਂ ਵਿੱਚ ਕਿਸੇ ਅਮਰੀਕੀ ਰੇਡੀਓ ਪ੍ਰਸਾਰਨ ਕੇਂਦਰ ਤੋਂ ਪ੍ਰਸਾਰਤ ਹੋ ਰਹੇ ਇਹ ਸ਼ਬਦ ਪਏ, ''ਛੇ ਅਗਸਤ ਨੂੰ ਸਵੇਰੇ 8 ਵੱਜ ਕੇ 15 ਮਿੰਟ 'ਤੇ ਹੀਰੋਸ਼ੀਮਾ ਨਗਰ 'ਤੇ ਇੱਕ ਨਵਾਂ ਬੰਬ ਡੇਗਿਆ ਗਿਆ। ਕਈ ਹਜ਼ਾਰ ਲੋਕ ਮਾਰੇ ਗਏ। ਇਨ੍ਹਾਂ ਲੋਕਾਂ ਦੇ ਸਰੀਰ ਅਥਾਹ ਸ਼ਕਤੀ ਵਾਲੇ ਬੰਬਾਂ ਦੇ ਵਿਸਫੋਟ ਦੇ ਭਬੂਕੇ ਨਾਲ ਪਲਾਂ ਛਿਣਾਂ ਵਿੱਚ ਹੀ ਖ਼ਤਮ ਹੋ ਗਏ। ਜੇਕਰ ਜਪਾਨੀ ਸੈਨਾਵਾਂ ਨੇ ਤੁਰੰਤ ਅੰਤਿਮ ਸਮਰਪਣ ਨਾ ਕੀਤਾ ਤਾਂ ਮਹਾਵਿਨਾਸ਼ ਦਾ ਇਹ ਕਾਰਜ ਜਾਰੀ ਰੱਖਿਆ ਜਾਵੇਗਾ... ।''

ਸ੍ਰੀਮਤੀ ਅਦਾਚੀ ਦਾ ਸਾਰਾ ਸਰੀਰ ਕੰਬ ਗਿਆ। ਉਸ ਨੂੰ ਯਾਦ ਆਇਆ ਕਿ ਬੀਤੀ ਸ਼ਾਮ ਦੁਸ਼ਮਣ ਪੱਖ ਨੇ ਨਾਗਾਸਾਕੀ ਸ਼ਹਿਰ ਵਿੱਚ ਪਰਚੇ ਵੰਡੇ ਸਨ ਜਿਸ ਵਿੱਚ ਸ਼ਹਿਰ ਵਾਸੀਆਂ ਨੂੰ ਨਗਰ ਖਾਲੀ ਕਰ ਦੇਣ ਦੀ ਸਲਾਹ ਦਿੱਤੀ ਗਈ ਸੀ। ਉਨ੍ਹਾਂ ਚ ਲਿਖਿਆ ਸੀ, ''ਅਪਰੈਲ 'ਚ ਨਾਗਾਸਾਕੀ 'ਚ ਫੁੱਲਾਂ ਦੀ ਬਹਾਰ ਸੀ। ਅਗਸਤ ਵਿੱਚ ਨਾਗਾਸਾਕੀ 'ਤੇ ਅੱਗ ਦੇ ਫੁਹਾਰੇ ਹੋਣਗੇ।''

ਮੇਜਰ ਸਵੀਨੀ ਦੇ ਚਿਹਰੇ 'ਤੇ ਭਿਆਨਕ ਤਣਾਓ ਦੀਆਂ ਰੇਖਾਵਾਂ ਉੱਭਰ ਆਈਆਂ। ਜੇਕਰ ਉਨ੍ਹਾਂ ਨੇ ਓਕਿਤਾਬਾਂ ਵਾਪਸ ਪਹੁੰਚਣਾ ਸੀ ਤਾਂ ਉਹ ਨਾਗਾਸਾਕੀ ਉੱਤੇ ਸਿਰਫ਼ ਇੱਕ ਚੱਕਰ ਕੱਢ ਸਕਦੇ ਸਨ। ਇਸ ਤੋਂ ਜ਼ਿਆਦਾ ਤੇਲ ਉਨ੍ਹਾਂ ਕੋਲ ਨਹੀਂ ਸੀ। ਸਵੀਨੀ ਨੇ ਕਮਾਂਡਰ ਏਸ਼ਵਰਥ ਨੂੰ ਸਮੱਸਿਆ ਦੀ ਜਾਣਕਾਰੀ ਦਿੱਤੀ, ''ਬੀਹਨ ਦਾ ਖ਼ਿਆਲ ਹੈ ਕਿ ਖੁੱਲ੍ਹੀਆਂ ਅੱਖਾਂ ਨਾਲ ਦੇਖ ਕੇ ਨਿਸ਼ਾਨੇ 'ਤੇ ਬੰਬ ਸੁੱਟਣਾ ਮੁਸ਼ਕਿਲ ਹੈ। ਮੇਰਾ ਵਿਚਾਰ ਹੈ ਕਿ ਬੰਬ ਨੂੰ ਰਡਾਰ ਦੀ ਮਦਦ ਨਾਲ ਡੇਗਿਆ ਜਾ ਸਕਦਾ ਹੈ।

ਏਸ਼ਵਰਥ ਨੇ ਬੀਹਨ ਨੂੰ ਪੁੱਛਿਆ, ''ਰਡਾਰ ਦੀ ਮਦਦ ਨਾਲ ਨਿਸ਼ਾਨਾ ਕਿੰਨਾ ਸਿੱਧਾ ਜਾ ਸਕਦਾ ਹੈ, ਬੀਹਨ?''

''ਮੈਂ ਗਰੰਟੀ ਕਰ ਸਕਦਾ ਹਾਂ ਸਰ, ਬੰਬ ਨਿਸ਼ਾਨੇ ਦੇ ਕੇਂਦਰ ਬਿੰਦੂ ਦੇ ਇੱਕ ਹਜ਼ਾਰ ਫੁੱਟ ਦੇ ਦਾਇਰੇ ਤੋਂ ਬਾਹਰ ਨਹੀਂ ਜਾ ਸਕਦਾ।'' ਸਵੀਨੀ ਨੇ ਉੱਤਰ ਦਿੱਤਾ। ''ਓ.ਕੇ. ਸਵੀਨੀ, ਬੰਬ ਨੂੰ ਰਡਾਰ ਦੀ ਮਦਦ ਨਾਲ ਹੀ ਸੁੱਟੋ।'' ਏਸ਼ਵਰਥ ਨੇ ਪਲ ਭਰ ਸੋਚਿਆ ਤੇ ਆਗਿਆ ਦੇ ਦਿੱਤੀ।

ਅਚਾਨਕ ਬੀਹਨ ਚੀਖਿਆ, ''ਰਡਾਰ 'ਤੇ ਸ਼ਹਿਰ ਨਜ਼ਰ ਆ ਰਿਹਾ ਹੈ। ਔਹ ਰਿਹਾ ਨਿਸ਼ਾਨਾ... ਔਹ ਰਿਹਾ ਮਿਤਸੁਬਿਸ਼ੀ ਦਾ ਕਾਰਖਾਨਾ...।'' ਸਵੀਨੀ ਨੇ ਜਹਾਜ਼ ਦੀ ਵਾਗਡੋਰ ਤਤਕਾਲੀ ਬੰਬ ਚਾਲਕ ਦੇ ਹਵਾਲੇ ਕਰ ਦਿੱਤੀ।

ਬੀਹਨ ਨੇ ਬਿਨਾਂ ਝਿਜਕ ਬੰਬ ਡੇਗਣ ਵਾਲੇ ਸਵੈਚਾਲਿਤ ਉਪਕਰਨਾਂ ਨੂੰ ਚਾਲੂ ਕਰ ਦਿੱਤਾ ਤੇ ਕੁਝ ਪਲਾਂ ਵਿੱਚ ਹੀ ਬੇਹੱਦ ਭਾਰਾ ਬੰਬ ਤੇਜ਼ੀ ਨਾਲ ਧਰਤੀ ਵੱਲ ਵਧਦਾ ਜਾ ਰਿਹਾ ਸੀ।

ਬੀ-29 ਤੋਂ ਜਿਵੇਂ ਹੀ ਬੰਬ ਡਿੱਗਿਆ ਉਹਦੇ ਅੰਦਰ ਫਿੱਟ ਕੀਤੇ ਗਏ ਸਵੈਚਾਲਕ ਯੰਤਰ, ਉਪਕਰਨ ਕਿਰਿਆਸ਼ੀਲ ਹੋ ਉੱਠੇ। 52 ਸੈਕਿੰਡ ਤੱਕ ਨਿਰੰਤਰ ਡਿੱਗਦੇ ਰਹਿਣ ਤੋਂ ਬਾਅਦ, ਬੰਬ ਧਰਤੀ ਦੇ ਤਲ ਤੋਂ 500 ਫੁੱਟ ਦੀ ਉਚਾਈ 'ਤੇ ਫਟ ਗਿਆ। ਸਮਾਂ ਸੀ 11 ਵੱਜ ਕੇ 2 ਮਿੰਟ।

ਵਿਸਫੋਟ ਤੋਂ ਬਾਅਦ ਧਰਤੀ ਦੇ ਨੇੜੇ ਜਿਹੇ ਅੱਗ ਦਾ ਇੱਕ ਵੱਡਾ ਸਾਰਾ ਗੋਲ਼ਾ ਲਟਕ ਗਿਆ। ਇਸ ਗੋਲ਼ੇ ਦੇ ਕੇਂਦਰ ਵਿੱਚ ਤਾਪਮਾਨ ਸੀ 100 ਕਰੋੜ ਡਿਗਰੀ ਸੈਂਟੀਗਰੇਡ। ਇੱਕ ਮੀਲ ਦੂਰ ਤੋਂ ਦੇਖਣ 'ਤੇ ਵੀ ਇਸ ਅੱਗ ਦੇ ਗੋਲ਼ੇ ਦੀ ਚਮਕ, ਸੂਰਜ ਦੀ ਚਮਕ ਤੋਂ 100 ਗੁਣਾ ਜ਼ਿਆਦਾ ਸੀ। ਇੱਕ ਸੈਕਿੰਡ ਦੇ ਅੰਦਰ ਹੀ ਗੋਲ਼ੇ ਦਾ ਵਿਆਸ 200 ਗਜ਼ ਹੋ ਚੁੱਕਾ ਸੀ ਅਤੇ ਨਿਰੰਤਰ ਫੈਲਦਾ ਹੋਇਆ ਇਹ ਗੋਲ਼ਾ ਤੇਜ਼ੀ ਨਾਲ ਸਾਰੇ ਸ਼ਹਿਰ ਨੂੰ ਨਿਗਲਣ ਜਾ ਰਿਹਾ ਸੀ।

ਨਾਗਾਸਾਕੀ ਦਾ ਸਾਗਰੀ ਤੱਟ ਅੱਗ ਦੀ ਲਪੇਟ ਵਿੱਚ ਆਏ ਨਗਰ ਦੇ ਪਰਛਾਵਿਆਂ ਤੋਂ ਵੀ ਸੁਰੱਖਿਅਤ ਹੋ ਚੁੱਕਿਆ ਸੀ। ਪਾਣੀ 'ਚ ਤੈਰਦੀਆਂ ਤੇ ਬੰਦਰਗਾਹ ਵਿੱਚ ਖੜ੍ਹੀਆਂ ਅਨੇਕਾਂ ਕਿਸ਼ਤੀਆਂ ਨੂੰ ਅੱਗ ਲੱਗ ਗਈ ਸੀ। 30000 ਹਜ਼ਾਰ ਫੁੱਟ ਦੇ ਦਾਇਰੇ ਵਿੱਚ ਮੌਜੂਦ ਕੋਈ ਵਿਅਕਤੀ ਇਹ ਜਾਣ ਹੀ ਨਹੀਂ ਸਕਿਆ ਕਿ ਕੀ ਹੋ ਗਿਆ ਹੈ। ਵਾਪਰੀ ਘਟਨਾ ਨੂੰ ਜਾਣਨ, ਮਹਿਸੂਸ ਕਰਨ ਤੋਂ ਪਹਿਲਾਂ ਹੀ ਉਹ ਖ਼ਤਮ ਹੋ ਚੁੱਕੇ ਸਨ।

ਇੱਕ ਟੈਲੀਫੋਨ ਲਾਈਨਮੈਨ ਸੇਈਚੀ ਮੁਰਾਸਾਕੀ 20 ਫੁੱਟ ਉੱਚੇ ਖੰਭੇ 'ਤੇ ਚੜ੍ਹਿਆ ਕੰਮ ਕਰ ਰਿਹਾ ਸੀ। ਅਚਾਨਕ 100 ਸੂਰਜ ਚਮਕੇ ਤੇ ਉਹ ਉਸ ਗਰਮੀ 'ਚ ਹੀ ਝੁਲਸ ਕੇ ਰਾਖ ਹੋ ਗਿਆ।

ਅੱਠ ਸਾਲ ਦਾ ਇੱਕ ਬੱਚਾ ਆਪਣੇ ਛੇ ਹੋਰ ਮਿੱਤਰਾਂ ਦੇ ਨਾਲ ਲੁਕਣਮੀਟੀ ਖੇਡ ਰਿਹਾ ਸੀ। ਇੱਕ ਸੈਕਿੰਡ ਵਿੱਚ ਉਸ ਦਾ ਨਾਮੋ-ਨਿਸ਼ਾਨ ਤੱਕ ਮਿਟ ਗਿਆ।

ਉਰਾਕਾਮੀ ਜੇਲ੍ਹ ਵਿੱਚ 95 ਕੈਦੀ ਅਤੇ 15 ਗਾਰਡ ਮਾਰੇ ਗਏ। ਜੇਲ੍ਹ ਦੀ ਮਜ਼ਬੂਤ ਇਮਾਰਤ ਦਾ ਨਿਸ਼ਾਨ ਵੀ ਨਹੀਂ ਬਚ ਸਕਿਆ। ਅੰਨ੍ਹੇ ਗੂੰਗੇ ਬੱਚਿਆਂ ਦੀ ਸੰਸਥਾ 'ਚ 42 ਬੱਚੇ ਸਨ ਜੋ ਵਿਸਫੋਟ ਦੀ ਚਮਕ ਨੂੰ ਨਾ ਦੇਖ ਸਕਦੇ ਸਨ ਤੇ ਨਾ ਹੀ ਧਮਾਕਾ ਸੁਣ ਸਕਦੇ ਸਨ। ਉਹ ਜਿੱਥੇ ਜਿੱਥੇ ਜਿਸ ਸਥਿਤੀ ਵਿੱਚ ਸੀ, ਉੱਥੇ ਉਸੇ ਸਥਿਤੀ ਵਿੱਚ ਹੀ ਕੋਲੇ ਦਾ ਬੁੱਤ ਬਣ ਕੇ ਰਹਿ ਗਏ। ਸਾਰੇ ਸ਼ਹਿਰ ਵਿੱਚ ਝੁਲਸਣ ਮੱਚਣ ਵਾਲੀਆਂ ਇਕਾਈਆਂ ਦਹਾਈਆਂ ਬਣਦੀਆਂ ਗਈਆਂ, ਦਹਾਈਆਂ ਸੈਂਕੜਿਆਂ 'ਚ ਬਦਲੀਆਂ, ਸੈਂਕੜੇ ਹਜ਼ਾਰਾਂ 'ਚ, ਹਜ਼ਾਰ ਦਹਿ ਹਜ਼ਾਰਾਂ 'ਚ ਬਦਲਦੇ ਤੁਰੇ ਗਏ।

ਨਾਗਾਸਾਕੀ ਸ਼ਹਿਰ ਵਿੱਚ ਉਸ ਸਮੇਂ 50 ਹਜ਼ਾਰ ਇਮਾਰਤਾਂ ਸਨ ਜਿਨ੍ਹਾਂ 'ਚੋਂ ਘੱਟ ਤੋਂ ਘੱਟ 20 ਹਜ਼ਾਰ ਇਮਾਰਤਾਂ ਪੂਰੀ ਤਰ੍ਹਾਂ ਤਬਾਹ ਹੋ ਗਈਆਂ। ਜਪਾਨੀ ਅਧਿਕਾਰੀਆਂ ਅਨੁਸਾਰ ਇਸ ਮੌਕੇ 74800 ਵਿਅਕਤੀਆਂ ਦੀਆਂ ਜਾਨਾਂ ਗਈਆਂ ਅਤੇ 75000 ਲੋਕ ਪੂਰੀ ਤਰ੍ਹਾਂ ਜ਼ਖ਼ਮੀ ਹੋ ਗਏ।

ਇਸ ਮਹਾਵਿਨਾਸ਼ ਦੀ ਤੇਜ਼ ਰਫ਼ਤਾਰ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ 11 ਸਾਲ ਦਾ ਇੱਕ ਬੱਚਾ ਕੋਇਚੀ 11 ਵਜੇ ਦੇ ਲਗਭਗ ਕੁਝ ਹੋਰ ਬੱਚਿਆਂ ਨਾਲ ਤੈਰਨ ਵਾਲੀ ਪੋਸ਼ਾਕ ਪਾ ਕੇ ਉਰਾਕਾਮੀ ਨਦੀ ਦੇ ਕੰਡੇ 'ਤੇ ਖੜ੍ਹਾ ਸੀ। ਉਹ ਬੱਚੇ ਇੱਕ ਛੋਟੀ ਜਿਹੀ ਘੰਟੀ ਨੂੰ ਪਾਣੀ ਵਿੱਚ ਸੁੱਟ ਦਿੰਦੇ ਸਨ ਅਤੇ ਫਿਰ ਡੁਬਕੀ ਮਾਰ ਕੇ ਖੋਜ ਕੇ ਲਿਆਉਣ ਦੀ ਕੋਸ਼ਿਸ਼ ਕਰਦੇ ਸਨ। ਸਭ ਤੋਂ ਪਹਿਲਾਂ ਘੰਟੀ ਭਾਲ ਕੇ ਲਿਆਉਣ ਵਾਲਾ ਜੇਤੂ ਹੁੰਦਾ ਸੀ। ਇਸ ਵਾਰ ਘੰਟੀ ਖੋਜਣ ਦੀ ਵਾਰੀ ਕੋਇਚੀ ਦੀ ਸੀ। ਉਸ ਨੇ ਪਾਣੀ 'ਚ ਛਾਲ ਮਾਰੀ ਅਤੇ ਲਗਭਗ ਇੱਕ ਮਿੰਟ ਪਾਣੀ ਵਿੱਚ ਰਿਹਾ। ਜਿਉਂ ਹੀ ਉਸ ਨੇ ਪਾਣੀ ਦੀ ਤਹਿ ਉੱਤੇ ਆ ਕੇ ਸਿਰ ਕੱਢਿਆ, ਉਹ ਹੈਰਾਨ ਹੋ ਗਿਆ। ਉਸ ਦੇ ਸਾਰੇ ਸਾਥੀ ਨਦੀ ਦੇ ਕਿਨਾਰੇ ਰੇਤ ਉੱਤੇ ਮਰੇ ਪਏ ਸਨ।

ਨਾਗਾਸਾਕੀ ਬੰਬ ਵਿਸਫੋਟ ਵਿੱਚ ਜੋ ਲੋਕ ਬਚ ਗਏ ਸਨ ਉਹ ਮਹਿਜ਼ ਇਤਫ਼ਾਕ ਹੀ ਸੀ। ਇੱਕ ਵਿਅਕਤੀ ਤਿੰਨ ਫੁੱਟ ਦੀ ਇੱਕ ਕੰਧ ਦੇ ਪਿੱਛੇ ਓਕੜੂ ਬੈਠਾ ਆਪਣੇ ਘਰ ਦੀ ਫੁਲਵਾੜੀ ਗੁੱਡ ਰਿਹਾ ਸੀ। ਉਸ ਦੇ ਕੋਲ ਹੀ ਉਸ ਦੀ ਪਤਨੀ ਖੜ੍ਹੀ ਕੁਝ ਰਾਵਾਂ ਦੇ ਰਹੀ ਸੀ। ਜਦ ਵਿਸਫੋਟ ਹੋਇਆ ਤਾਂ ਉਸ ਦੀ ਪਤਨੀ ਅਚਾਨਕ ਬੋਲਦੇ ਬੋਲਦੇ ਚੁੱਪ ਹੋ ਗਈ। ਵਿਸਫੋਟ ਦੀ ਗਰਮੀ ਦਾ ਭਬੂਕਾ ਉਹਦੀ ਕੰਧ ਉੱਪਰ ਦੀ ਲੰਘ ਗਿਆ ਸੀ ਤੇ ਨਾਲ ਹੀ ਉਸ ਦੀ ਪਤਨੀ ਨੂੰ ਵੀ ਲੈ ਗਿਆ ਸੀ।

ਸ਼ਹਿਰ ਦੇ ਇੱਕ ਵਪਾਰਕ ਖੇਤਰ ਵਿੱਚ ਇੱਕ ਵਪਾਰੀ ਆਪਣੀ ਸੈਕਟਰੀ ਤੋਂ ਕੁਝ ਕਾਗਜ਼ ਲੈ ਰਿਹਾ ਸੀ। ਕੁਝ ਕਾਗਜ਼ ਮੇਜ਼ ਦੇ ਥੱਲੇ ਡਿੱਗ ਗਏ। ਜਿਉਂ ਹੀ ਉਹ ਕਾਗਜ਼ ਚੁੱਕਣ ਮੇਜ਼ ਦੇ ਥੱਲੇ ਝੁਕਿਆ, ਕਮਰੇ ਦੀਆਂ ਕੰਧਾਂ ਟੁੱਟ ਕੇ ਡਿੱਗ ਪਈਆਂ। ਜਦ ਮਲਬਾ ਹਟਾਇਆ ਗਿਆ ਤਾਂ ਵਪਾਰੀ ਮੇਜ਼ ਦੇ ਥੱਲੇ ਜਿਉਂਦਾ ਸੀ ਅਤੇ ਉਸ ਦੀ ਸੈਕਟਰੀ ਮਰ ਚੁੱਕੀ ਸੀ।

ਯੁੱਧ ਮੰਤਰੀ ਅਤੇ ਹੋਰ ਸੈਨਿਕ ਅਧਿਕਾਰੀ ਅਜੇ ਵੀ ਆਤਮ ਸਮਰਪਣ ਕਰਨ ਦੇ ਪੱਖ ਵਿੱਚ ਨਹੀਂ ਸਨ ਪਰ ਪ੍ਰਧਾਨ ਮੰਤਰੀ ਕਾਂਤਾਰੋ ਸੁਜ਼ੁਕੀ ਨੇ ਬੰਬ ਵਿਸਫੋਟ ਦੇ ਕੁਝ ਹੀ ਘੰਟਿਆਂ ਬਾਅਦ ਸੰਕਟਕਾਲੀ ਮੀਟਿੰਗ ਬੁਲਾਈ। ਜਪਾਨੀ ਪਰੰਪਰਾ ਤੋਂ ਹਟ ਕੇ ਸਮਰਾਟ ਖ਼ੁਦ ਉਸ ਬੈਠਕ ਵਿੱਚ ਸ਼ਾਮਿਲ ਹੋਇਆ ਤੇ ਐਲਾਨ ਕੀਤਾ, ''ਮੈਂ ਤੁਰੰਤ ਯੁੱਧ ਸਮਾਪਤ ਕਰ ਦੇਣ ਦਾ ਫ਼ੈਸਲਾ ਕਰ ਲਿਆ ਹੈ।'' ਸਮਰਾਟ ਦਾ ਫ਼ੈਸਲਾ ਸੁਣ ਕੇ ਕਈ ਜਨਰਲਾਂ ਨੇ ਆਤਮ-ਹੱਤਿਆਵਾਂ ਕਰ ਲਈਆਂ ਪਰ ਸਮਰਾਟ ਆਪਣੇ ਫ਼ੈਸਲੇ 'ਤੇ ਅਡੋਲ ਰਿਹਾ। ਛੇ ਦਿਨ ਬਾਅਦ 15 ਅਗਸਤ ਨੂੰ ਜਪਾਨ ਨੇ ਬਿਨਾਂ ਸ਼ਰਤ ਆਤਮ ਸਮਰਪਣ ਕਰ ਦਿੱਤਾ।

**- ਪੰਜਾਬੀ ਰੂਪ: ਸਤਪਾਲ ਭੀਖੀ**
**ਸੰਪਰਕ: 98761-55530**

ਲੇਖਕ : ਗੁਰਚਰਨ ਸਿੰਘ ਖੇਮੋਆਣਾ

# ਜਦੋਂ ਦਰਵਾਜ਼ੇ ਖੜਕੇ

ਦਸੰਬਰ 1971 ਦੀ ਗੱਲ ਹੈ, ਮੈਂ ਬਠਿੰਡੇ ਆਈਟੀਆਈ ਵਿੱਚ ਸਟੈਨੋਗ੍ਰਾਫੀ ਦਾ ਕੋਰਸ ਕਰ ਰਿਹਾ ਸੀ। ਬਠਿੰਡੇ ਤੋਂ ਮੇਰਾ ਪਿੰਡ 25 ਕੁ ਕਿਲੋਮੀਟਰ ਦੂਰ ਸੀ। ਰੋਜ਼ਾਨਾ ਆਇਆ ਜਾਇਆ ਜਾ ਸਕਦਾ ਸੀ ਪਰ ਮੈਂ ਹੋਸਟਲ ਵਿੱਚ ਰਹਿੰਦਾ ਸੀ ਕਿਉਂਕਿ ਗਿਆਨੀ ਕਰਨ ਲਈ ਟਿਊਸ਼ਨ ਵੀ ਪੜ੍ਹਦਾ ਸੀ। ਹੋਸਟਲ ਵਿੱਚ ਫੌਜ ਦਾ ਉਤਾਰਾ ਹੋ ਗਿਆ ਕਿਉਂਕਿ ਭਾਰਤ ਪਾਕਿਸਤਾਨ ਦੀ ਜੰਗ ਲੱਗ ਗਈ ਸੀ। ਸਾਥੋਂ ਹੋਸਟਲ ਖਾਲੀ ਕਰਵਾ ਲਿਆ ਗਿਆ ਸੀ ਅਤੇ ਸਾਨੂੰ ਰਹਿਣ ਲਈ ਕਲਾਸ ਰੂਮਾਂ ਵਿੱਚ ਭੇਜ ਦਿੱਤਾ ਗਿਆ।

ਠੰਢ ਪੂਰੇ ਜੋਬਨ 'ਤੇ ਸੀ। ਇੱਕ ਦਿਨ ਸ਼ਾਮ ਦੇ 6-7 ਵਜੇ ਲਗਾਤਾਰ 3-4 ਵੱਡੇ ਧਮਾਕਿਆਂ ਨਾਲ ਬਠਿੰਡਾ ਦਹਿਲ ਉੱਠਿਆ। ਦਰਵਾਜ਼ੇ ਖਿੜਕੀਆਂ ਬਹੁਤ ਜ਼ੋਰ ਨਾਲ ਖੜਕੀਆਂ। ਸਾਇਰਨ ਵੱਜਣ ਲੱਗੇ ਤੇ ਬਹੁਤ ਨੀਵੇਂ ਉਡਦੇ ਜਹਾਜ਼ਾਂ ਦੀਆਂ ਆਵਾਜ਼ਾਂ ਆਉਣ ਲੱਗੀਆਂ। ਨਾਲ ਦੀ ਨਾਲ ਬਲੈਕ ਆਊਟ ਵੀ ਹੋ ਗਿਆ।

ਇਹ ਅੰਦਾਜ਼ਾ ਲਗਾਇਆ ਗਿਆ ਕਿ ਬੰਬ ਰੇਲਵੇ ਸਟੇਸ਼ਨ 'ਤੇ ਸੁੱਟੇ ਗਏ ਹੋਣਗੇ। ਫੌਜੀਆਂ ਨੇ ਸਾਨੂੰ ਕਿਹਾ ਕਿ ਅੰਦਰ ਨਹੀਂ ਸੌਣਾ। ਅਸੀਂ ਗਦੈਲੇ ਰਜ਼ਾਈਆਂ ਬਾਹਰ ਕਿਆਰੀਆਂ 'ਚ ਸੁੱਟ ਲਏ ਅਤੇ ਉਥੇ ਹੀ ਲੰਮੇ ਪੈ ਗਏ। ਡਰ ਤਾਂ ਭਾਵੇਂ ਨਹੀਂ ਸੀ ਲੱਗ ਰਿਹਾ ਪਰ ਨੀਂਦ ਕਿੱਥੇ ਆਉਣੀ ਸੀ; ਸਾਰੀ ਰਾਤ ਲੋਕ ਪੈਦਲ, ਰੇਹੜਿਆਂ 'ਤੇ ਤਲਵੰਡੀ ਸਾਬੋ ਵੱਲ ਜਾਂਦੀ ਸੜਕ 'ਤੇ ਤੁਰੇ ਜਾ ਰਹੇ ਸਨ; ਭਾਵ, ਬਠਿੰਡੇ ਤੋਂ ਦੂਰ ਹੋ ਰਹੇ ਸਨ। ਇਉਂ ਲੱਗਦਾ ਸੀ, ਸਵੇਰ ਤੱਕ ਸ਼ਹਿਰ ਖ਼ਾਲੀ ਹੋ ਜਾਵੇਗਾ।

ਸਵੇਰੇ ਉੱਠ ਕੇ ਪਿੰਡ ਵਾਲੀ ਬੱਸ ਫੜੀ ਤੇ ਘਰ ਪਹੁੰਚ ਗਏ। ਘਰਦਿਆਂ ਨੇ ਸ਼ੁਕਰ ਮਨਾਇਆ। ਮੇਰੇ ਬਾਪੂ ਜੀ ਨੇ ਰਾਤ ਦੀ ਘਟਨਾ ਦੱਸੀ ਕਿ ਆਪਣਾ ਗੁਆਂਢੀ ਰਾਤ ਨੂੰ ਲਾਲਟੈਣ ਹੱਥ ਵਿੱਚ ਫੜੀ ਬਾਹਰ ਨਿਕਲਿਆ ਤੇ ਉੱਚੀ-ਉੱਚੀ ਰੌਲਾ ਪਾਉਣ ਲੱਗਿਆ ਕਿ ਦਰਵਾਜ਼ਿਆਂ ਨੂੰ ਕਿਹੜਾ ਧੱਕੇ ਮਾਰਦਾ ਸੀ, ਹੁਣ ਆਵੇ ਸਾਹਮਣੇ। ਉਸ ਨੂੰ ਸਮਝਾਇਆ ਗਿਆ ਕਿ ਦਰਵਾਜ਼ੇ ਸਾਰਿਆਂ ਦੇ ਹੀ ਖੜਕੇ ਹਨ, ਇਹ ਬੰਬਾਂ ਦੀ ਧਮਕ ਨਾਲ ਖੜਕੇ ਹਨ ਜੋ ਬਠਿੰਡੇ ਡਿੱਗੇ ਹਨ।

ਬਾਹਰ ਇੰਨਾ ਇਕੱਠ ਦੇਖ ਕੇ ਉਸ ਨੂੰ ਕੁਝ-ਕੁਝ ਸਮਝ ਆਈ ਕਿ ਬੰਬ ਹੀ ਡਿੱਗੇ ਹੋਣਗੇ। ਫਿਰ ਨੂੰ ਉਸ ਨੂੰ ਮਸਾਂ ਟਿਕਾਇਆ। ਬਾਅਦ ਵਿੱਚ ਪਤਾ ਲੱਗਿਆ ਕਿ ਇੱਕ ਬੰਬ ਰੇਲਵੇ ਲਾਈਨ 'ਤੇ ਡਿੱਗਿਆ ਅਤੇ ਦੋ ਬੰਬ ਨਰੂਆਣੇ ਖੇਤਾਂ ਵਿੱਚ ਡਿੱਗੇ ਹਨ। ਜਾਨੀ ਨੁਕਸਾਨ ਤੋਂ ਬਚਾਅ ਰਿਹਾ ਸੀ। ਅਗਲੇ ਦਿਨ ਹੀ ਗੋਲੀਬੰਦੀ ਹੋ ਗਈ।

gurcharankhemoana@gmail.com

# ਮਨੁ ਪਰਦੇਸੀ ਜੇ ਥੀਐ...

ਲੇਖਕ : ਡਾ ਗੁਰਬਖ਼ਸ਼ ਸਿੰਘ ਭੰਡਾਲ



ਮਨੁੱਖੀ ਮਨ ਕਦੇ ਵੀ ਸਥਿਰ ਨਹੀਂ ਰਹਿੰਦਾ। ਇਕ ਭਟਕਣ ਉਸਦੀ ਤਰਬੀਅਤ ਦਾ ਹਿੱਸਾ ਅਤੇ ਇਸ ਭਟਕਣ ਕਾਰਨ ਹੀ ਜ਼ਿੰਦਗੀ ਨੂੰ ਨਵੇਂ ਰੰਗ, ਰੂਪ ਅਤੇ ਨਵੇਂ ਤਰੀਕੇ ਨਾਲ ਵਿਉਂਤਣ ਦਾ ਚਾਅ।

ਇਹ ਮਨੁੱਖੀ ਮਨ ਦੀ ਭਟਕਣ ਦਾ ਹੀ ਨਾਮ ਸੀ ਕਿ ਉਹ ਜੰਗਲਾਂ ਵੱਲੋਂ ਨਗਰਾਂ ਤੇ ਸ਼ਹਿਰਾਂ ਵੱਲ ਨੂੰ ਤੁਰਿਆ। ਬਹੁਤੀ ਵਾਰ ਆਪਣੀ ਵੱਖਰੀ ਪਛਾਣ ਵਾਲਾ ਮਨੁੱਖ ਸ਼ਹਿਰੀ ਜੰਗਲ ਵਿਚ ਆ ਕੇ ਗਵਾਚ ਹੀ ਗਿਆ।

ਪ੍ਰਦੇਸੀ ਹੋਣਾ, ਇਕ ਖਿੱਤੇ ਤੋਂ ਦੂਸਰੇ ਖਿੱਤੇ ਵੱਲ ਨੂੰ ਤਿਆਰੀ। ਆਪਣੀਆਂ ਤਾਂਘਾਂ ਨੂੰ ਪੂਰਨ ਲਈ ਨਵੇਂ ਅੰਬਰਾਂ ਦੀ ਤਲਾਸ਼ ਕਰਨਾ ਜਾਂ ਆਪਣੇ ਸੁਪਨਿਆਂ ਦੀ ਪਰਵਾਜ਼ ਨੂੰ ਨਵੇਂ ਅਰਥ ਦੇਣ ਲਈ ਨਿਸ਼ਚਿਤ ਦਾਇਰਿਆਂ ਨੂੰ ਤੋੜਨਾ। ਵਲਗਣਾਂ ਤੋਂ ਨਿਜ਼ਾਤ ਪਾਉਣੀ ਅਤੇ ਫਿਰ ਆਪਣੇ ਨਵੇਂ ਰਾਹਾਂ, ਥਾਵਾਂ ਤੇ ਗਰਾਵਾਂ ਦੀ ਤਲਾਸ਼ ਕਰਨਾ।

ਪ੍ਰਦੇਸੀ ਹੋਣਾ ਆਸਾਨ ਨਹੀਂ ਹੁੰਦਾ। ਭਾਵੇਂ ਇਹ ਪਿੰਡ ਤੋਂ ਸ਼ਹਿਰ, ਸ਼ਹਿਰ ਤੋਂ ਮਹਾਂਨਗਰ ਜਾਂ ਇਕ ਦੇਸ਼ ਤੋਂ ਦੂਸਰੇ ਦੇਸ਼ ਵਿਚ ਪ੍ਰਵਾਸ ਕਰਨਾ। ਇਸਦੀ ਪੀੜ ਤੇ ਪ੍ਰਾਪਤੀ ਨੂੰ ਇਕਸਾਰ ਹੀ ਹੰਢਾਉਣਾ ਪੈਂਦਾ।

ਪ੍ਰਦੇਸੀ ਹੋਣ ਤੋਂ ਬਹੁਤ ਕੁਝ ਬਦਲ ਜਾਂਦਾ। ਰਹਿਣ-ਸਹਿਣ, ਖਾਣਾ-ਪੀਣਾ, ਜੀਵਨ ਪ੍ਰਤੀ ਨਜ਼ਰੀਆ, ਆਲਾ-ਦੁਆਲਾ ਤੇ ਰਹਿਤਲ। ਬਹੁਤੀ ਵਾਰ ਤਾਂ ਮਨੁੱਖ ਹੀ ਬਦਲ ਜਾਂਦਾ ਜਦ ਉਸਦੀਆਂ ਆਦਤਾਂ, ਸਰੋਕਾਰ ਅਤੇ ਸਬੰਧ ਬਦਲ ਜਾਂਦੇ।

ਅਸੀਂ ਬਹੁਤੀ ਵਾਰ ਪ੍ਰਦੇਸੀ ਇਸ ਲਈ ਹੁੰਦੇ ਕਿਉਂਕਿ ਸਾਡੇ ਹਾਣ ਦਾ ਅੰਬਰ ਨਹੀਂ ਹੁੰਦਾ ਜਾਂ ਸਥਿਤੀਆਂ ਸਾਡੇ ਅਨੁਕੂਲ ਨਹੀਂ ਹੁੰਦੀਆਂ ਜਾਂ ਸੋਚੀਆਂ ਜਾਪਦੀਆਂ ਮੂਲ ਜਗ੍ਹਾ ਦੀਆਂ ਸੰਭਾਵਨਾਵਾਂ। ਦਰਅਸਲ ਸਾਡੇ ਸੁਪਨੇ ਬਹੁਤ ਵੱਡੇ ਹੁੰਦੇ ਜਿਨ੍ਹਾਂ ਦੀ ਪੂਰਤੀ ਖੁੱਲ੍ਹੇ ਅਸਮਾਨਾਂ ਵਿਚ ਉਚੇਰੀ ਉਡਾਣ ਭਰ ਕੇ ਹੀ ਸੰਭਵ ਹੁੰਦੀ।

ਕੁਝ ਲੋਕ ਸਿਰਫ਼ ਪ੍ਰਵਾਸ ਕਰਨ ਲਈ ਪ੍ਰਦੇਸੀ ਹੁੰਦੇ। ਜ਼ਿਆਦਾਤਰ ਅਜੇਹਾ ਪ੍ਰਦੇਸੀ ਹੋਣਾ ਜੀਵਨ ਦੀਆਂ ਮੂਲ ਲੋੜਾਂ ਦੀ ਅਪੂਰਤੀ ਵਿਚੋਂ ਪੈਦਾ ਹੁੰਦਾ। ਮਨੁੱਖ ਉਸ ਜਗ੍ਹਾ ਵੱਲ ਨੂੰ ਪ੍ਰਵਾਸ ਕਰਦਾ ਜਿੱਥੋਂ ਇਨ੍ਹਾਂ ਦੀ ਪੂਰਤੀ ਅਸਾਨੀ ਨਾਲ ਹੁੰਦੀ।

ਪ੍ਰਦੇਸੀ ਤਾਂ ਪੰਛੀ ਵੀ ਹੁੰਦੇ ਚੋਗ ਭਾਲਣ ਲਈ ਜਾਂ ਠੰਢੇ ਮੌਸਮਾਂ ਦੀ ਮਾਰ ਤੋਂ ਬਚਣ ਲਈ। ਇਹ ਪ੍ਰਵਾਸ ਅਸਥਾਈ ਹੁੰਦਾ ਪਰ ਫਰਕ ਹੁੰਦਾ ਹੈ ਅਸਥਾਈ ਪ੍ਰਦੇਸੀ ਹੋਣ ਅਤੇ ਪੱਕੇ ਪ੍ਰਦੇਸੀ ਹੋਣ ਵਿਚ। ਇਹ ਅੰਤਰ ਹੀ ਉਨ੍ਹਾਂ ਹਾਲਾਤ ਦੀ ਦਰਸ਼-ਬਿਆਨੀ ਕਰਦਾ ਜਿਨ੍ਹਾਂ ਕਰਕੇ ਕੋਈ ਸਦਾ ਲਈ ਜਾਂ ਕੁਝ ਸਮੇਂ ਲਈ ਪ੍ਰਦੇਸੀ ਹੁੰਦਾ।

ਪ੍ਰਦੇਸੀ ਹੋਣਾ ਬਹੁਤ ਔਖਾ। ਆਪਣਾ ਘਰ-ਬਾਹਰ, ਆਲਾ-ਦੁਆਲਾ ਅਤੇ ਮੋਹਭਿੱਜੀ ਫ਼ਿਜ਼ਾ ਤੋਂ ਦੂਰ ਜਾਣਾ ਜਿਸਨੇ ਤੁਹਾਨੂੰ ਸਾਹ ਅਰਪੇ, ਜ਼ਿੰਦਗੀ ਦਿੱਤੀ, ਜਿਸ'ਚ ਤੁਹਾਡੀਆਂ ਜੜ੍ਹਾਂ ਹੁੰਦੀਆਂ। ਤਾਂ ਹੀ ਬਚਪਨੀ ਯਾਦਾਂ ਸਦਾ ਤੁਹਾਡੇ ਅਚੇਤ ਵਿਚ ਰਹਿੰਦੀਆਂ ਭਾਵੇਂ ਤੁਸੀਂ ਕਿਧਰੇ ਵੀ ਚਲੇ ਜਾਓ।

ਜਦ ਇਕ ਪੁੱਤ ਪ੍ਰਦੇਸੀ ਹੁੰਦਾ ਤਾਂ ਉਹ ਮਾਪਿਆਂ ਦੇ ਦੀਦਿਆਂ ਵਿਚ ਲੰਮੀ ਉਡੀਕ ਧਰ ਜਾਂਦਾ। ਨਾਲ ਹੀ ਇਹ ਤੌਫ਼ਲਾ ਵੀ ਮਾਪਿਆਂ ਦੇ ਦਿਲਾਂ ਵਿਚ ਹੁੰਦਾ ਕਿ ਪਤਾ ਨਹੀਂ ਹੁਣ ਕਦੋਂ ਪੁੱਤ ਨਾਲ ਮਿਲਾਪ ਹੋਣਾ ਜਾਂ ਪੁੱਤ ਤੋਂ ਬਗੈਰ ਹੀ ਸਿਵਿਆਂ ਦੇ ਰਾਹ ਤੁਰ ਪੈਣਾ? ਪ੍ਰਦੇਸੀ ਬਣੇ ਪੁੱਤ ਨੂੰ ਰਾਹਾਂ ਦੇ ਬਿਖੜੇ ਪੈਂਡਿਆਂ ਹੀ ਨਾ ਖਾ ਜਾਣ। ਪੁੱਤ ਨੇ ਸਾਨੂੰ ਆਖਰੀ ਵਾਰ ਮੋਢਾ ਵੀ ਖਬਰੇ ਨਹੀਂ ਦੇਣਾ। ਜਦ ਕੋਈ ਦਲਾਲਾਂ ਦੇ ਢਹੇ ਚੜ੍ਹ ਕੇ ਘਰੋਂ ਬਾਹਰ ਨੂੰ ਪ੍ਰਦੇਸ ਜਾਣ ਲਈ ਪੈਰ ਰੱਖਦਾ ਤਾਂ ਉਹ ਜਿੰਦ ਨੂੰ ਤਲੀ ਤੇ ਰੱਖ ਕੇ ਅੱਗ ਦਾ ਦਰਿਆ ਤਰਦਾ। ਇਸ ਅੱਗ ਦੇ ਦਰਿਆ ਵਿਚ ਕਈ ਵਾਰ ਬਹੁਤ ਕੁਝ ਸਵਾਹ ਹੋ ਜਾਂਦਾ ਜਿਸਨੇ ਉਮਰਾਂ ਦੀ ਪੀੜ ਬਣ ਜਾਣਾ ਹੁੰਦਾ। ਕਈ ਵਾਰ ਪ੍ਰਦੇਸੀ ਪੁੱਤ ਘਰ ਨਾਲੋਂ ਅਜੇਹਾ ਟੁੱਟਦਾ ਕਿ ਉਹ ਘਰ ਦੀਆਂ ਬਰੂਹਾਂ ਹੀ ਭੁੱਲ ਜਾਂਦਾ। ਉਸਦੇ ਚੇਤਿਆਂ ਵਿਚ ਸਿਰਫ਼ ਖ਼ੁਦ ਤੋਂ ਬੇਮੁਖੀ ਹੀ ਬਚਦੀ ਜੋ ਉਸਨੂੰ ਆਪਣੇ ਸਮੁੱਚ ਨਾਲੋਂ ਤੋੜ, ਉਸਦੀ ਅੰਦਰਲੀ ਟੁੱਟ-ਭੱਜ ਦਾ ਚਿੱਤਰਪੱਟ ਉਸਾਰਦੀ। ਧੀ ਦਾ ਪ੍ਰਦੇਸੀ ਹੋਣਾ ਕਦੇ ਉਸ ਬਾਪ ਨੂੰ ਪੁੱਛਣਾ ਜਿਸਨੇ ਉਸਨੂੰ ਲਾਡਾਂ ਨਾਲ ਪਾਲਦਿਆਂ ਉਸਦੀ ਹਰ ਤਮੰਨਾ ਦੀ ਪੂਰਤੀ ਨੂੰ ਪਰਮ-ਧਰਮ ਮੰਨਿਆ ਹੋਵੇ। ਜਦ ਇਹ ਪ੍ਰਦੇਸਣ ਧੀ ਦੁਸ਼ਵਾਰੀਆਂ ਭੋਗਦਿਆਂ, ਆਪਣੇ ਮਾਪਿਆਂ ਦੀਆਂ ਰਹਿਮਤਾਂ ਨੂੰ ਚੇਤੇ ਕਰਦੀ ਤਾਂ ਬਹੁਤ ਕੁਝ ਉਸਦੇ ਅੰਦਰ ਟੁੱਟਦਾ ਵੀ ਤੇ ਜੁੜਦਾ ਵੀ। ਇਸ ਭੰਨ-ਤੋੜ ਅਤੇ ਜੋੜ-ਜੁਗਤ ਵਿਚ ਹੀ ਬੁੱਲਾਂ ਨੂੰ ਸੀਤਿਆ ਰੱਖਦੀ ਤਾਂ ਕਿ ਮਾਪਿਆਂ ਨੂੰ ਪੀੜਾਂ ਵਣਜ ਕੇ ਉਨ੍ਹਾਂ ਦੀ ਆਖਰੀ ਉਮਰ ਨਾ ਰੋਲੇ। ਬੜੇ ਹੁੰਦੇ ਨੇ ਧੀਆਂ ਦੇ ਦੁੱਖ। ਧੀ ਦਾ ਇਕ ਹੀ ਅੱਥਰੂ ਬਾਪ ਨੂੰ ਧੁਰ ਤੀਕ ਗਾਲ ਸਕਦਾ। ਜਦ ਕਿ ਉਸਦੇ ਵਿਹੜਿਓਂ ਆਇਆ ਖੇੜਿਆਂ ਦਾ ਬੁੱਲ੍ਹਾ ਉਸਨੂੰ ਉਮਰਾਂ ਦਾ ਵਰਦਾਨ ਦੇ ਜਾਂਦਾ। ਧੀਆਂ ਦਾ ਕੇਹਾ ਕਰਮ ਇਕ ਉਹ ਪ੍ਰਦੇਸੀ ਹੋਣ ਲਈ ਜਨਮਦੀਆਂ। ਇਨ੍ਹਾਂ ਪ੍ਰਦੇਸਣ ਧੀਆਂ ਦੇ ਦੁੱਖਾਂ ਵਿਚ ਮਾਵਾਂ ਦੇ ਮੁੱਖੜੇ ਤੇ ਉਕਰੀ ਬੇਬਸੀ ਅਤੇ ਤਰਾਸਦੀ ਤਾਂ ਾਵਾਂ ਵੀ ਕਹਿਣ ਤੋਂ ਤ੍ਰਿਹਣ ਲੱਗ ਪੈਂਦੀਆਂ। ਪੌਣਾਂ ਵੀ ਨਹੀਂ ਝੱਲ ਸਕਦੀਆਂ ਪ੍ਰਦੇਸ ਵਿਚ ਵੱਸਦੀਆਂ ਦੁਖੀ ਧੀਆਂ ਦੇ ਹਉਕਿਆਂ ਦਾ ਭਾਰ। ਪਰ ਜਦ ਾਵਾ ਦੀ ਰੁਮਕਣੀ ਧੀਆਂ ਦੇ ਵਿਹੜਿਆਂ ਵਿਚਲੀ ਖੁਸ਼ਬੂ ਨੂੰ ਮਾਪਿਆਂ ਦੇ ਸਾਹਾਂ ਦੇ ਨਾਮ ਕਰਦੀ ਤਾਂ ਮਾਂ ਨੂੰ ਆਪਣੀ ਕੁੱਖ'ਤੇ ਨਾਜ਼ ਹੁੰਦਾ।

ਪ੍ਰਦੇਸੀ ਹੋਣਾ ਮਾੜਾ ਨਹੀਂ ਸਗੋਂ ਇਹ ਤਾਂ ਮਨੁੱਖੀ ਵਿਕਾਸ ਤੇ ਵਿਸਥਾਰ ਦਾ ਸਬੱਬ ਹੁੰਦਾ। ਪਰ ਲੋੜ ਹੈ ਕਿ ਪ੍ਰਦੇਸੀ ਹੁੰਦਿਆਂ ਵੀ ਆਪਣੀਆਂ ਜੜ੍ਹਾਂ ਨਾਲ ਜੁੜੇ ਰਹੀਏ। ਰਿਸ਼ਤਈ ਸੰਬੰਧਾਂ ਨੂੰ ਬਰਕਰਾਰ ਰੱਖੀਏ। ਮੂਲ ਨਾਲ ਜੁੜਿਆ ਮਨੁੱਖ ਕਦੇ ਵੀ ਖ਼ੁਦ ਨਾਲੋਂ ਨਹੀਂ ਟੁੱਟਦਾ ਕਿਉਂਕਿ ਉਸਦਾ ਖ਼ੁਦ ਹੀ ਉਸਦੇ ਮੂਲ ਨਾਲ ਜੁੜਿਆ ਹੁੰਦਾ।

ਅਸੀਂ ਸਾਰੇ ਹੀ ਪ੍ਰਦੇਸੀ ਹੁੰਦੇ ਹਾਂ। ਇਹ ਪਰਵਾਸ ਕਿਸੇ ਨਾ ਕਿਸੇ ਰੂਪ ਵਿਚ ਹੁੰਦਾ। ਕਦੇ ਇਹ ਵਿਚਾਰਾਂ ਦਾ ਪ੍ਰਵਾਸ ਹੁੰਦਾ, ਕਦੇ ਮੁਹਾਰਤ ਦਾ, ਕਦੇ ਸੋਝੀ ਦਾ, ਕਦੇ ਤੁਹਾਡੇ ਵਿਅਕਤੀਤਵ ਦਾ ਅਤੇ ਕਦੇ ਤੁਹਾਡੇ ਮਾਨਵੀ ਗੁਣਾਂ ਦਾ ਹੁੰਦਾ ਜਿਨ੍ਹਾਂ ਦੀ ਮਹਿਕ ਚੌਗਿਰਦੇ ਦੀ ਆਬੋ-ਹਵਾ ਨੂੰ ਵੀ ਮਹਿਕੀਲੀ ਬਣਾ ਦਿੰਦੀ।

ਜਦ ਕੋਈ ਪਤੀ ਪ੍ਰਦੇਸੀ ਹੋ ਜਾਵੇ ਤਾਂ ਸੇਜ ਉਡੀਕਦੀ ਕਿ ਕਦ ਇਸਨੂੰ ਵੱਟੋ-ਵੱਟ ਹੋਣ ਦਾ ਸੁਖਨ ਹਾਸਲ ਹੋਵੇਗਾ? ਕਦ ਕਾਲੀਆਂ ਰਾਤਾਂ ਵਿਚ ਚੰਨ ਉਗਮੇਗਾ? ਕਦੋਂ ਉਮਰ ਵਰਗੀ ਉਡੀਕ ਨੂੰ ਆਸ ਦਾ ਫ਼ਲ ਲੱਗੇਗਾ? ਕਦੋਂ ਮੁੱਕੇਗੀ ਕੰਧਾਂ'ਤੇ ਮਾਰੀਆਂ ਲੀਕਾਂ ਦੀ ਮਿਆਦ? ਕਦੋਂ ਮਿਲਣੀਆਂ ਮਿਲਾਪ ਦੀਆਂ ਘੜੀਆਂ ਅਤੇ ਪਿਆਰ ਭਿੱਜੇ ਪਲਾਂ ਵਿਚ ਖ਼ੁਦ ਨੂੰ ਤਰ-ਬ-ਤਰ ਕਰਨਾ? ਕਦ ਚਾਨਣੀ ਦੀ ਠੰਢੀ ਜਿਹੀ ਲੋਅ ਵਿਚ ਖ਼ੁਦ ਨੂੰ ਰੁਸ਼ਨਾਉਣਾ ਅਤੇ ਇਕ ਦੂਸਰੇ ਵਿਚ ਸਮਾਉਣਾ? ਬਹੁਤ ਪੀੜਤ ਕਰਦਾ ਹੈ ਸਿਲਵਟਾਂ ਤੋਂ ਸੱਖਣੀ ਸੇਜ'ਤੇ ਰਾਤ ਭਰ ਉਸਲਵੱਟੇ ਭੰਨਣੇ। ਖ਼ੁਦ ਨੂੰ ਖ਼ੁਦ ਦੇ ਸੇਕ ਵਿਚ ਸੇਕਣਾ। ਖ਼ੁਦ ਦੀ ਪਿਆਸ ਦੀ ਪੂਰਤੀ ਲਈ ਖ਼ੁਦ ਦੀਆਂ ਘੁੱਟਾਂ ਭਰਨੀਆਂ।

ਪ੍ਰਦੇਸੀ ਹੋਣ ਦਾ ਮਤਲਬ ਹੈ ਜ਼ਿੰਦਗੀ ਨੂੰ ਮੁੱਢ ਤੋਂ ਸ਼ੁਰੂ ਕਰਨਾ। ਆਲੇ-ਦੁਆਲੇ ਨੂੰ ਸਮਝਣਾ। ਇਸ ਦੀਆਂ ਬਹੁ-ਪਰਤਾਂ ਦੀ ਬੇਪਰਦਗੀ ਕਰਨਾ। ਇਨ੍ਹਾਂ ਨੂੰ ਪੜ੍ਹਨਾ ਅਤੇ ਇਸਦੀ ਇਬਾਰਤ ਵਿਚੋਂ ਖ਼ੁਦ ਦੀ ਨਿਸ਼ਾਨਦੇਹੀ ਕਰਨੀ। ਆਪਣੇ ਆਪ ਨੂੰ ਨਵੇਂ ਹਾਲਾਤ, ਸਰੋਕਾਰਾਂ, ਸਾਧਨਾਂ, ਸੁਪਨਿਆਂ ਅਤੇ ਸਫ਼ਲਤਾਵਾਂ ਦਾ ਹਾਣੀ ਬਣਾਉਣਾ। ਨਵੇਂ ਲੋਕਾਂ ਵਿਚ ਵਿਚਰਦਿਆਂ ਉਨ੍ਹਾਂ ਨਾਲ ਸਾਂਝਾਂ ਵਧਾਉਣੀਆਂ ਅਤੇ ਖ਼ੁਦ ਨੂੰ ਉਨ੍ਹਾਂ ਲੋਕਾਂ ਦੇ ਬਰਾਬਰ ਹੋਣ ਲਈ ਸਖ਼ਤ ਮਿਹਨਤ ਕਰਨਾ।

ਜ਼ਿਆਦਾਤਰ ਲੋਕ ਸਰੀਰਕ ਤੌਰ 'ਤੇ ਪ੍ਰਵਾਸ ਕਰਦੇ। ਚੇਤੰਨ ਤੌਰ ਕਦੇ ਵੀ ਪ੍ਰਦੇਸੀ ਨਹੀਂ ਹੁੰਦੇ। ਉਹ ਆਪਣੀਆਂ ਧਾਰਨਾਵਾਂ, ਰਸਮੋ-ਰਿਵਾਜ, ਪੁਰਾਣੀਆਂ ਆਦਤਾਂ ਅਤੇ ਮੂਲ ਨਾਲ ਜੁੜਿਆ ਸਭ ਕੁਝ ਨਾਲ ਹੀ ਚੁੱਕੀ ਫਿਰਦੇ ਜਿਨ੍ਹਾਂ ਦੀ ਨਵੀਂ ਧਰਤੀ ਅਤੇ ਨਵੇਂ ਲੋਕਾਂ ਵਿਚ ਕੋਈ ਥਾਂ ਨਹੀਂ ਹੁੰਦੀ। ਜਦ ਅਸੀਂ ਪ੍ਰਦੇਸੀ ਹੁੰਦੇ ਤਾਂ ਸਾਨੂੰ ਹੀ ਉਨ੍ਹਾਂ ਲੋਕਾਂ, ਕਾਨੂੰਨਾਂ ਅਤੇ ਨਿਯਮਾਂ ਅਨੁਸਾਰ ਖ਼ੁਦ ਨੂੰ ਢਾਲਣਾ ਪਵੇਗਾ। ਨਾ ਕਿ ਆਪਣੀ ਆਦਤ ਅਨੁਸਾਰ ਉਨ੍ਹਾਂ ਦੇ ਕਾਨੂੰਨਾਂ ਜਾਂ ਵਰਤੋਂ-ਵਿਹਾਰ ਨੂੰ ਬਦਲਣ ਦੀ ਪ੍ਰਤੀਕਿਰਿਆ ਵਿਚ ਹੀ ਖ਼ੁਦ ਨੂੰ ਖਚਿੱਤ ਕਰਨਾ। ਜਿਹੜੇ ਪ੍ਰਦੇਸੀ ਨਵੀਂ ਧਰਤੀ ਦੇ ਨਿਯਮਾਂ ਤੇ ਜੀਵਨ-ਜਾਚ ਅਨੁਸਾਰ ਖ਼ੁਦ ਨੂੰ ਢਾਲ ਲੈਂਦੇ, ਉਹ ਜ਼ਿੰਦਗੀ ਵਿਚ ਬਹੁਤ ਕਾਮਯਾਬ ਹੁੰਦੇ। ਯਾਦ ਰੱਖਣਾ! ਖ਼ੁਦ ਨੂੰ ਹਰ ਸਥਿਤੀ ਵਿਚ ਪ੍ਰਵਰਤਿਤ ਕਰਦਿਆਂ, ਸੁਖ਼ਨ, ਸੰਵੇਦਨਾ, ਸਹਿਜ ਅਤੇ ਸੰਤੁਸ਼ਟੀ ਪ੍ਰਾਪਤ ਕਰਨ ਦਾ ਤਰੀਕਾ ਆ ਜਾਵੇ ਤਾਂ ਜੀਵਨ ਬਹੁਤ ਸੁੱਖਦਾਈ ਹੁੰਦਾ।

ਪਰ ਸਭ ਤੋਂ ਅਹਿਮ ਹੁੰਦਾ ਹੈ ਮਨੁੱਖ ਦਾ ਮਨ ਕਦੇ ਵੀ ਮਨੁੱਖ ਵਿਚੋਂ ਮਨਫ਼ੀ ਨਾ ਹੋਵੇ। ਨਾ ਹੀ ਕਦੇ ਪ੍ਰਵਾਸ ਕਰੇ ਕਿਉਂਕਿ ਖ਼ੁਦ ਨਾਲੋਂ ਹੀ ਪ੍ਰਦੇਸੀ ਹੋ ਕੇ ਸਮੁੱਚੀ ਪ੍ਰਕ੍ਰਿਤੀ ਹੀ ਪਰਾਈ ਹੋ ਜਾਂਦੀ ਹੈ। ਮਨੁੱਖ ਦਾ ਖ਼ੁਦ ਕੋਲੋਂ ਪਰਾਏ ਹੋਣਾ ਬਹੁਤ ਔਖਾ ਹੁੰਦਾ ਕਿਉਂਕਿ ਪਰਾਇਆਂ ਨਾਲ ਜ਼ਿੰਦਗੀ ਦੀ ਕਿਸ ਨਾਲ ਤਸ਼ਬੀਹ ਦੇਵੋਗੇ? ਆਪਣਿਆਂ ਨਾਲ ਤਾਂ ਜੀਵਨ ਨੂੰ ਜਿਉਣ ਜੋਗਾ ਕੀਤਾ ਜਾ ਸਕਦਾ।

ਪ੍ਰਦੇਸੀ ਤਾਂ ਚੰਨ ਤਾਰੇ ਹੁੰਦੇ। ਦਿਨ ਵੇਲੇ ਉਹ ਕਿਸੇ ਹੋਰ ਦੇਸ਼ ਵਿਚ ਹੁੰਦੇ ਅਤੇ ਰਾਤ ਨੂੰ ਸਾਡੇ ਦੇਸ਼ ਵਿਚ ਪਰਤ ਆਉਂਦੇ। ਕਦੇ ਚੰਨ ਪੁੰਨਿਆ ਦਾ ਸਿਰਨਾਵਾਂ ਹੁੰਦਾ ਪਰ ਕਦੇ ਉਹ ਮੱਸਿਆ ਦੀ ਕਾਲੀ ਰਾਤ ਦਾ ਹਰਫ਼ਨਾਮਾ ਵੀ ਹੁੰਦਾ। ਰੁੱਤਾਂ ਵੀ ਕਦੇ ਵੀ ਸਥਿਰ ਨਹੀਂ ਰਹਿੰਦੀਆਂ। ਸਦਾ ਯਾਤਰਾ ਵਿਚ। ਕਦੇ ਇਧਰ ਤੇ ਕਦੇ ਉਧਰ,। ਪਰਵਾਸੀ ਹੋਣਾ ਇਨ੍ਹਾਂ ਦਾ ਸੁਭਾਅ। ਅਮਰੀਕਾ ਵਿਚ ਸਰਦੀਆਂ ਪਰ ਆਸਟਰੇਲੀਆ ਵਿਚ ਗਰਮੀਆਂ। ਕਿਧਰੇ ਬਰਫ਼ਬਾਰੀ ਤੇ ਕਿਧਰੇ ਬਰਸਾਤਾਂ। ਬੱਦਲਾਂ ਦੀ ਪ੍ਰਵਾਸੀ ਆਦਤ ਨੂੰ ਕੌਣ ਨਹੀਂ ਜਾਣਦਾ। ਪਤਾ ਹੀ ਨਹੀਂ ਲੱਗਦਾ ਕਿ ਇਹ ਕਿਹੜੇ ਦੇਸ਼ੋਂ ਆਉਂਦੇ ਅਤੇ ਕਿਹੜੇ ਦੇਸ਼ਾਂ ਨੂੰ ਜਾਣ ਲਈ ਕਾਹਲੇ ਹੁੰਦੇ। ਇਹ ਪੌਣ ਕਦੇ ਪੁਰੇ ਦੀ ਪੌਣ ਹੁੰਦੀ ਅਤੇ ਕਦੇ ਪੱਛੋਂ ਦੀਂ ਵਾਅ। ਸਦਾ ਪ੍ਰਦੇਸੀ ਹੋਣ ਦਾ ਚਾਅ। ਇਸ ਚਾਅ ਵਿਚ ਇਹ ਪੌਣ ਬਹੁਤ ਕੁਝ ਦੀ ਜਾਣਕਾਰੀ ਸਾਡੀ ਸੋਚ ਵਿਚ ਧਰ ਅਗਲੇ ਸਫ਼ਰ ਲਈ ਵਿਦਾ ਹੋ ਜਾਂਦੀ। ਦਰਿਆ ਦਾ ਪ੍ਰਵਾਸ ਦੇਖਣਾ ਕਿ ਕਿਵੇਂ ਪਹਾੜਾਂ ਤੋਂ ਤੁਰਦੇ, ਪ੍ਰਵਾਸ ਕਰ ਸਮੁੰਦਰ ਵਿਚ ਸਮਾਉਣ ਲਈ ਕਾਹਲੇ। ਇਸ ਕਾਹਲ ਵਿਚ ਹੀ ਖ਼ੁਦ ਨੂੰ ਬੇਪਛਾਣ ਕਰ ਲੈਂਦੇ। ਕਦੇ ਉਨ੍ਹਾਂ ਵਿਚ ਬਰੇਤੇ ਉਗਦੇ ਅਤੇ ਸਮੁੰਦਰ ਵਿਚ ਮਿਲ ਕੇ ਸਮੁੰਦਰ ਹੀ ਹੋ ਜਾਂਦੇ। ਸੋ ਲੋੜ ਹੈ ਕਿ ਜਦ ਵੀ ਅਸੀਂ ਪ੍ਰਵਾਸ ਕਰੀਏ ਪਰ ਪ੍ਰਵਾਸ ਵਿਚ ਖ਼ੁਦ ਦੀ ਪਛਾਣ ਨਾ ਭੁਲਾਈਏ। ਇਹ ਤੁਹਾਡੀ ਖ਼ੁਦ ਦੀ ਪਛਾਣ ਹੀ ਹੁੰਦੀ ਜਿਸ ਕਰਕੇ ਤੁਸੀਂ ਭੀੜ ਵਿਚੋਂ ਵੀ ਪਛਾਣੇ ਜਾਂਦੇ ਹੋ।

ਗੁਰਬਾਣੀ ਦਾ ਫ਼ੁਰਮਾਨ ਹੈ ਕਿ 'ਮਨ ਪਰਦੇਸੀ ਜੇ ਥੀਐ ਤਾਂ ਦੇਸ ਪ੍ਰਾਇਆ' ਦਾ ਮਤਲਬ ਹੈ ਕਿ ਜਦ ਮਨ ਪ੍ਰਮਾਤਮਾ ਤੋਂ ਦੂਰ ਹੋ ਜਾਂਦਾ ਤਾਂ ਉਹ ਸਮੁੱਚੀ ਦੁਨੀਆ ਤੋਂ ਹੀ ਦੂਰ ਹੋ ਜਾਂਦਾ। ਲੋੜ ਹੈ ਕਿ ਦੁਨੀਆ ਵਿਚ ਬੇਪਛਾਣ ਹੋਇਆਂ ਤੋਂ ਬਗੈਰ, ਪ੍ਰਦੇਸੀਪੁਣੇ ਨੂੰ ਨਵੇਂ ਅਰਥਾਂ ਰਾਹੀਂ ਪਰਿਭਾਸ਼ਤ ਕਰਨ ਦੀ।

ਪ੍ਰਵਾਸ ਦੌਰਾਨ ਆਪਣੀ ਸੋਚ ਦਾ ਨਵੀਨੀਕਰਨ ਤਾਂ ਕਰੋ ਪਰ ਇਸਨੂੰ ਕਦੇ ਵੀ ਪ੍ਰਦੇਸੀ ਨਾ ਕਰੋ। ਜੇ ਤੁਸੀਂ ਆਪਣੀ ਸੋਚ ਹੀ ਪ੍ਰਦੇਸੀ ਕਰ ਲਈ ਤੁਹਾਡੇ ਕੋਲ ਬਚੇਗਾ ਕੀ? ਕਿਵੇਂ ਤੁਸੀਂ ਆਪਣੇ ਆਪ ਦੇ ਰੂਬਰੂ ਹੋਵੋਗੇ? ਕਿਵੇਂ ਦੱਸੋਗੇ ਕਿ ਤੁਸੀਂ ਕੌਣ ਹੋ ਅਤੇ ਤੁਸੀਂ ਕਿਸ ਮੂਲ ਨਾਲ ਜੁੜੇ ਰਹੇ ਹੋ? ਜਿਹੜੇ ਲੋਕ ਪ੍ਰਦੇਸੀ ਹੁੰਦਿਆਂ ਵੀ ਆਪਣੀ ਪਛਾਣ'ਤੇ ਮਾਣ ਕਰਦੇ ਨੇ ਅਤੇ ਇਸ ਨਾਲੋਂ ਟੁੱਟਣ ਤੋਂ ਨਾਬਰ ਹੁੰਦੇ, ਉਹ ਦੁਨੀਆ ਸਾਹਵੇਂ ਇਕ ਨਵਾਂ ਬਿੰਬ ਸਿਰਜਦੇ। ਦੁਨੀਆ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਪਛਾਣ ਨੂੰ ਨਤਮਸਤਕ ਹੁੰਦੀ।

ਸੂਰਜ, ਚੰਨ ਤੇ ਤਾਰੇ ਵੀ ਪ੍ਰਦੇਸੀ ਹੁੰਦੇ ਭਾਵੇਂ ਕਿਸੇ ਦਾ ਪ੍ਰਦੇਸੀ ਹੋਣਾ ਇਕ ਦਿਨ ਦਾ ਹੋਵੇ, ਇਕ ਰਾਤ ਦਾ ਹੋਵੇ ਜਾਂ ਪੰਦਰਾਂ ਦਿਨਾਂ ਦਾ ਹੋਵੇ ਕਿਉਂਕਿ

ਚੰਨ ਵਰਗਾ ਇਕ ਜਿਉੜਾ,
ਨਿੱਤ ਪ੍ਰਦੇਸੀ ਹੋਵੇ।
ਕਿਸੇ ਨੂੰ ਚਾਨਣ ਰੁੱਤਾਂ,
ਕਿਸੇ ਲਈਂ ਨ੍ਹੇਰਾ ਢੋਵੇ।
ਕਿਸੇ ਲਈ ਮੁੱਕ ਜਾਣ ਉਡੀਕਾਂ,
ਕਿਸੇ ਲਈ ਵਸਲ ਪਰੋਵੇ।
ਕਿਸੇ ਲਈ ਛੱਤ ਤੋਂ ਝਾਤੀਆਂ ਮਾਰੇ,
ਕਿਸੇ ਲਈ ਦਰ ਹੀ ਢੋਵੇ।
ਕਿਸੇ ਲਈ ਚੰਦਾ-ਮਾਮਾ ਬਣਦਾ,
ਕਿਸੇ ਲਈ ਰੂਹ ਦਾ ਮਾਹੀ।
ਕਿਸੇ ਲਈ ਮਾਰੂਥਲੀ ਉਜਾੜ,
ਕਿਸੇ ਲਈ ਫੁੱਲ ਕਪਾਹੀ।
ਕਿਸੇ ਲਈ ਮੱਥੇ ਦਾ ਟਿੱਕਾ,
ਜੀਵਨ-ਸਫ਼ਰ ਦਾ ਰਾਹੀ।
ਕਿਸੇ ਲਈ ਝੀਲ'ਚ ਬਣ ਪ੍ਰਛਾਵਾਂ,
ਗਾਵੇ ਨਾਦ ਇਲਾਹੀ।
ਚਾਨਣੀ ਰੁੱਤੇ ਚੰਨ ਹੱਸੇਂਦਾ,
ਮੱਸਿਆ ਭਰੇ ਹਟਕੋਰੇ।
ਕਦੇ ਤਲੀ 'ਤੇ ਚਾਅ ਖੁਣੇਂਦਾ,
ਕਦੇ ਉਮਰ ਦੇ ਝੋਰੇ।
ਚਾਨਣੀ 'ਚ ਕੋਈ ਬਹਿ ਉਡੀਕੇ,
ਸੱਜਣ ਹੱਥੀਂ ਤੋਰੇ।
ਜਿਸਦੀ ਅਣਹੋਂਦ'ਚ ਹੁਣ ਤੱਕ,
ਰੂਹ ਦੇ ਵਰਕੇ ਕੋਰੇ।

ਪ੍ਰਦੇਸੀ ਹੁੰਦਿਆਂ ਜੋ ਸਿਰਫ਼ ਵੇਸ਼-ਭੂਸ਼ਾ, ਲਿਬਾਸ, ਸੁੱਖ-ਸਹੂਲਤਾਂ ਅਤੇ ਧਨ-ਦੌਲਤ ਤੀਕ ਹੀ ਖ਼ੁਦ ਨੂੰ ਸੀਮਤ ਕਰ ਲੈਂਦੇ, ਉਹ ਪ੍ਰਦੇਸੀ ਹੋ ਕੇ ਵੀ ਪ੍ਰਦੇਸੀ ਨਹੀਂ ਹੁੰਦੇ। ਪ੍ਰਦੇਸੀ ਹੋਣ ਲਈ ਜ਼ਰੂਰੀ ਹੈ ਕਿ ਅਸੀਂ ਨਵੀਆਂ ਸੋਚਾਂ, ਨਵੇਂ ਦ੍ਰਿਸ਼ਟੀਕੋਣ, ਨਰੋਈਆਂ ਪਹਿਲਾਂ ਅਤੇ ਵੱਖਰੇ ਰੂਪ ਵਿਚ ਕਿਸੇ ਘਟਨਾ, ਕਿਰਿਆ ਜਾਂ ਕਰਮ ਨੂੰ ਦੇਖਣ, ਜਾਚਣ, ਸਮਝਣ ਅਤੇ ਸਮਝਾਉਣ ਦੇ ਕਾਬਲ ਹੋਈਏ। ਮਨੁੱਖੀ ਵਿਕਾਸ ਲਈ ਵਧੀਆ ਯੋਗਦਾਨ ਪਾ ਸਕੀਏ। ਇਸ'ਚੋਂ ਉਹ ਕੁਝ ਪ੍ਰਾਪਤ ਕਰ ਸਕੀਏ ਜਿਸ'ਤੇ ਪ੍ਰਦੇਸੀ ਹੁੰਦਿਆਂ ਮਾਣ ਕਰ ਸਕੀਏ।

ਪ੍ਰਦੇਸੀ ਹੋਣਾ ਤਾਂ ਹਰ ਕੋਈ ਲੋਚਦਾ ਪਰ ਸੁੰਦਰ ਰੂਪ ਅਤੇ ਸਮੁੱਚ ਵਿਚ ਪ੍ਰਦੇਸੀ ਹੋਣਾ ਬਹੁਤ ਵੀ ਵਿਰਲਿਆਂ ਦਾ ਨਸੀਬ। ਇਹ ਨਸੀਬ ਹੀ ਮਨੁੱਖੀ ਇਤਿਹਾਸ ਦੇ ਮਾਣਮੱਤੇ ਵਰਕੇ ਬਣਦਾ।

ਪ੍ਰਦੇਸੀ ਹੋ ਕੇ ਯਾਦ ਰੱਖੀਏ ਆਪਣੇ ਮਾਪਿਆਂ ਨੂੰ ਜਿਨ੍ਹਾਂ ਦੀਆਂ ਦੁਆਵਾਂ ਸਦਕਾ ਸਾਨੂੰ ਇਹ ਮੌਕਾ ਮਿਲਿਆ। ਕਦੇ ਕਦਾਈਂ ਵਤਨ ਪਰਤ ਕੇ ਉਨ੍ਹਾਂ ਦੀ ਨਿੱਘੀ ਬੁੱਕਲ'ਚ ਬਹਿ ਕੇ ਉਨ੍ਹਾਂ ਨੂੰ ਸੁਖਨ ਅਰਪਿਤ ਕਰਦੇ ਰਹੀਏ। ਚੇਤੇ ਰੱਖੀਏ ਉਨ੍ਹਾਂ ਖੇਤਾਂ, ਖੂਹਾਂ, ਖਲਿਆਣਾਂ ਅਤੇ ਖ਼ਰਾਸਾਂ ਨੂੰ ਜਿਨ੍ਹਾਂ ਨਾਲ ਕਦੇ ਜੁੜੀ ਹੁੰਦੀ ਸੀ ਸਾਡੀ ਜ਼ਿੰਦਗੀ। ਅਸੀਂ ਇਨ੍ਹਾਂ ਨਾਲ ਜੁੜਿਆਂ ਹੀ ਵੱਡੇ ਸੁਪਨੇ ਲਏ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਪ੍ਰਦੇਸੀ ਹੋਏ। ਆਪਣੀ ਯਾਦ ਦਾ ਹਿੱਸਾ ਬਣਾ ਰੱਖੀਏ ਉਨ੍ਹਾਂ ਪਿਆਰੇ ਆੜੀਆਂ ਨੂੰ ਜਿਨ੍ਹਾਂ ਦੀ ਸੰਗਤੀ-ਸੁਹਬਤ ਵਿਚੋਂ ਅਸੀਂ ਉਹ ਕੁਝ ਪ੍ਰਾਪਤ ਕਰ ਸਕੇ ਜਿਹੜਾ ਸਾਨੂੰ ਪ੍ਰਦੇਸ ਵਿਚ ਨਾ ਤਾਂ ਮਿਲਿਆ ਹੈ ਅਤੇ ਨਾ ਹੀ ਮਿਲਣਾ। ਉਹ ਬਚਪਨੀ ਮੁਹੱਬਤ, ਅਪਣੱਤ ਅਤੇ ਰੂਹ ਦਾ ਸਾਥ ਤੇ ਜਿਗਰੀ ਸੰਬੰਧ ਸਿਰਫ਼ ਬਚਪਨੀ ਸਾਥੀਆਂ ਨਾਲ ਹੀ ਹੁੰਦੇ। ਉਨ੍ਹਾਂ ਨੂੰ ਅਕਸਰ ਹੀ ਮਿਲਦੇ-ਗਿਲਦੇ ਰਹੀਏ ਤਾਂ ਕਿ ਸਾਡੀ ਔਕਾਤ ਸਾਨੂੰ ਸਦਾ ਯਾਦ ਰਹੇ।

ਹੁਣ ਦਿਨ ਵੇਲੇ ਪ੍ਰਦੇਸ ਵਿਚ ਬੈਠਾ ਹਾਂ। ਪਰ ਆਪਣੇ ਦੇਸ਼ ਵਿਚ ਹੋਵੇਗੀ ਚਾਨਣੀ ਰਾਤ। ਪਰ ਉਸ ਰਾਤ ਵਿਚ ਕਿੰਨੀ ਖਾਮੋਸ਼ੀ ਹੋਵੇਗੀ ਜਿਸਨੂੰ ਪੜ੍ਹਨਾ ਚਾਹੁੰਦਿਆਂ ਵੀ ਪੜ੍ਹ ਨਹੀਂ ਸਕਦਾ। ਮੈਂ ਚਾਨਣੀ ਨੂੰ ਨਿਹਾਰਨ ਲਈ ਉਸ ਛੱਤ'ਤੇ ਨਹੀਂ ਹੋਵਾਂਗਾ ਅਤੇ ਨਾ ਹੀ ਚਾਨਣੀ ਨੂੰ ਬੁੱਕੋ-ਬੁੱਕ ਪੀ ਅੰਤਰੀਵ ਨੂੰ ਰੋਸ਼ਨ ਕਰ ਰਿਹਾ ਹੋਵਾਂਗਾ। ਕਿੰਨੀ ਉਦਾਸ ਹੋਵੇਗੀ ਚਾਨਣੀ ਅਤੇ ਕਿੰਨੀ ਇਕੱਲਤਾ ਹੰਢਾਅ ਰਿਹਾ ਹੋਵੇਗਾ, ਚਾਨਣੀ ਵੰਡ ਰਿਹਾ ਅੰਬਰ ਦਾ ਚੰਨ ਆਪਣਿਆਂ ਦੀ ਸਹਿਹੋਂਦ ਤੋਂ ਬਗੈਰ?

ਇਹ ਯਾਦ ਰੱਖੀਏ ਕਿ ਮਨੁੱਖੀ ਜਨਮ ਵੀ ਸਿਰਫ਼ ਪ੍ਰਦੇਸ-ਪੁਣਾ। ਇਸਨੂੰ ਪੂਰਾ ਕਰਕੇ ਮਨੁੱਖ ਨੇ ਵਾਪਸ ਪਰਤ ਜਾਣਾ ਜਿਥੋਂ ਅਸੀਂ ਪ੍ਰਵਾਸ ਸ਼ੁਰੂ ਕੀਤਾ ਸੀ। ਆਪਣੀ ਆਖਰੀ ਮੰਜ਼ਲ ਨੂੰ ਯਾਦ ਰੱਖਣਾ ਬਹੁਤ ਜ਼ਰੂਰੀ ਹੁੰਦਾ ਕਿਉਂਕਿ ਵਾਰ ਵਾਰ ਮਰ ਕੇ ਜਿਉਣ ਨਾਲੋਂ ਇਕ ਵਾਰ ਮਰਨਾ ਬਹੁਤ ਅਹਿਮ ਹੁੰਦਾ। ਜਨਮ ਤਾਂ ਨਿਸ਼ਚਿਤ ਨਹੀਂ ਹੁੰਦਾ ਪਰ ਮੌਤ ਹਮੇਸ਼ਾ ਨਿਸ਼ਚਿਤ ਹੁੰਦੀ ਹੈ।

# ਭਾਰਤ ਤੋਂ ਬੇਮੁਖ ਕਿਉਂ ਹੋ ਰਿਹੈ ਵਿਦੇਸ਼ੀ ਨਿਵੇਸ਼




ਲੇਖਕ : ਸੁਭਾਸ਼ ਚੰਦਰ ਗਰਗ

ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ (ਓਈਸੀਡੀ) ਨੇ ਹਾਲ ਹੀ ਵਿੱਚ 2024 ਦੇ ਕੈਲੰਡਰ ਸਾਲ ਦੌਰਾਨ ਦੇਸ਼ ਨੂੰ ਪ੍ਰਾਪਤ ਹੋਣ ਵਾਲੇ ਸਿੱਧੇ ਵਿਦੇਸ਼ੀ ਨਿਵੇਸ਼ (ਐੱਫਡੀਆਈ) ਅਤੇ ਦੂਜੇ ਦੇਸ਼ਾਂ ਵਿੱਚ ਕੀਤੇ ਜਾਣ ਵਾਲੇ ਸਿੱਧੇ ਵਿਦੇਸ਼ ਨਿਵੇਸ਼ ਦੇ ਅੰਕੜੇ ਜਾਰੀ ਕੀਤੇ ਹਨ। ਭਾਰਤ ਨੂੰ ਮਿਲਣ ਵਾਲਾ ਐੱਫਡੀਆਈ ਜੋ 2020 ਵਿੱਚ 64.36 ਅਰਬ ਡਾਲਰ ਦੀ ਸਿਖ਼ਰ 'ਤੇ ਪਹੁੰਚ ਗਿਆ ਸੀ, ਵਿੱਚ ਉਸ ਤੋਂ ਬਾਅਦ ਲਗਾਤਾਰ ਗਿਰਾਵਟ ਆ ਰਹੀ ਹੈ। 2021 ਵਿੱਚ ਇਹ 44.73 ਅਰਬ ਡਾਲਰ, 2022 ਵਿੱਚ 49.94 ਅਰਬ ਡਾਲਰ, 2023 ਵਿੱਚ 28.08 ਅਰਬ ਡਾਲਰ ਅਤੇ 2024 ਵਿੱਚ 27.61 ਅਰਬ ਡਾਲਰ ਰਹਿ ਗਿਆ ਸੀ। ਸਾਲ 2024 ਵਿੱਚ ਭਾਰਤ ਦਾ ਸਿੱਧਾ ਵਿਦੇਸ਼ੀ ਨਿਵੇਸ਼ 2020 ਦੇ ਮੁਕਾਬਲੇ 43 ਫ਼ੀਸਦੀ ਘਟ ਗਿਆ ਸੀ।

ਭਾਰਤ ਵਿੱਚ ਆਉਣ ਵਾਲੇ ਸਿੱਧੇ ਵਿਦੇਸ਼ੀ ਨਿਵੇਸ਼ ਵਿੱਚ ਇੰਨੀ ਤੇਜ਼ੀ ਨਾਲ ਗਿਰਾਵਟ ਕਿਉਂ ਆ ਰਹੀ ਹੈ? ਜੇ ਸਾਫ਼ ਤੌਰ 'ਤੇ ਆਖਣਾ ਹੋਵੇ ਤਾਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਚੱਲ ਰਹੇ ਤਣਾਅ ਜਾਂ ਖਿੱਤੇ ਅੰਦਰ ਪਰਮਾਣੂ ਟਕਰਾਅ ਬਣ ਜਾਣ ਦੇ ਸਹਿਮ ਦਾ ਭਾਰਤ ਅੰਦਰ ਆਉਣ ਵਾਲੇ ਸਿੱਧੇ ਵਿਦੇਸ਼ੀ ਨਿਵੇਸ਼ ਉੱਪਰ ਕੋਈ ਅਸਰ ਨਹੀਂ ਪਿਆ। ਦੇਸ਼ ਨੂੰ ਹਾਸਿਲ ਹੋਣ ਵਾਲੇ ਸਿੱਧੇ ਵਿਦੇਸ਼ੀ ਨਿਵੇਸ਼ ਦੇ ਤਿੰਨ ਅੰਗ ਹੁੰਦੇ ਹਨ- ਪਹਿਲਾ, ਨਵੇਂ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ (ਮਸਲਨ, ਕਿਸੇ ਭਾਰਤੀ ਕੰਪਨੀ ਨੂੰ ਪ੍ਰਾਪਤ ਹੋਣ ਵਾਲਾ ਨਵਾਂ ਜਾਂ ਵਾਧੂ ਸਿੱਧਾ ਵਿਦੇਸ਼ੀ ਨਿਵੇਸ਼); ਦੂਜਾ, ਪੂੰਜੀ ਵਾਪਸੀ (ਰਇਪਅਟਰਇਟੋਨਿ) ਜਾਂ ਅਪਨਿਵੇਸ਼ (ਕਿਸੇ ਕੰਪਨੀ 'ਚੋਂ ਪੂਰੀ ਜਾਂ ਅੰਸ਼ਕ ਹਿੱਸੇਦਾਰੀ ਵੇਚਣ ਦੇ ਰੂਪ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਨਿਕਾਸੀ); ਤੀਜਾ, ਆਪਣੀ ਕਮਾਈ ਬਰਕਰਾਰ ਰੱਖਣਾ ਜਾਂ ਮੁੜ ਨਿਵੇਸ਼ ਕਰਨਾ (ਮੁਨਾਫਿਆਂ ਦੀ ਹਿੱਸੇਦਾਰੀ ਐੱਫਡੀਆਈ ਨਿਵੇਸ਼ਕਾਂ ਦੇ ਹਿੱਸੇ ਵਿੱਚ ਪਾਉਣਾ ਨਾ ਕਿ ਲਾਭਾਂਸ਼ ਦੇ ਰੂਪ ਵਿੱਚ ਵੰਡਣਾ)।

ਸਨਅਤੀ ਅਤੇ ਅੰਦਰੂਨੀ ਵਪਾਰ ਹੁਲਾਰਾ ਵਿਭਾਗ (ਡੀਪੀਆਈਆਈਟੀ) ਦੇ ਅੰਕੜਿਆਂ ਮੁਤਾਬਿਕ, ਭਾਰਤ ਦਾ ਐੱਫਡੀਆਈ ਸਟਾਕ (ਜਿਸ ਦੀ ਗਿਣਤੀ ਸੰਨ 2000 ਤੋਂ ਸ਼ੁਰੂ ਹੋਈ ਸੀ) ਹੁਣ 1 ਟ੍ਰਿਲੀਅਨ (ਖਰਬ) ਡਾਲਰ ਤੋਂ ਜ਼ਿਆਦਾ ਹੋ ਚੁੱਕਿਆ ਹੈ। ਆਰਬੀਆਈ ਮੁਤਾਬਿਕ, 2023-24 ਵਿੱਚ ਐੱਫਡੀਆਈ ਦੀ ਕੁੱਲ ਆਮਦ (ਨਿਵੇਸ਼ ਤੇ ਕਮਾਈ ਦੇ ਮੁੜ ਨਿਵੇਸ਼ ਸਣੇ) 70.94 ਅਰਬ ਡਾਲਰ ਸੀ ਜਦੋਂਕਿ ਰੀਪੈਟਰੀਏਸ਼ਨ ਐੱਫਡੀਆਈ ਦਾ ਅਪਨਿਵੇਸ਼ 44.47 ਅਰਬ ਡਾਲਰ ਸੀ ਜਿਸ ਕਰ ਕੇ ਅਸਲ ਪੂੰਜੀ ਆਮਦ ਨਵਾਂ ਸਿੱਧਾ ਵਿਦੇਸ਼ੀ ਨਿਵੇਸ਼ 26.47 ਅਰਬ ਡਾਲਰ ਸੀ। ਡੀਪੀਆਈਆਈਟੀ ਦੇ ਅੰਕੜਿਆਂ (2023-24 ਵਿੱਚ) ਮੁਤਾਬਿਕ, ਰੀਟੇਨਡ ਅਤੇ ਮੁੜ ਨਿਵੇਸ਼ ਐੱਫਡੀਆਈ 19.77 ਅਰਬ ਡਾਲਰ ਸੀ। ਇੰਝ ਭਾਰਤ ਨੂੰ ਸ਼ੁੱਧ ਰੂਪ ਵਿੱਚ 51.17 ਅਰਬ ਡਾਲਰ ਦੀ ਨਕਦ ਆਮਦ ਪ੍ਰਾਪਤ ਹੋਈ (ਭਾਵ, 70.94 ਅਰਬ ਡਾਲਰ ਮਨਫੀ 19.77 ਅਰਬ ਡਾਲਰ)। ਜੇ ਅਸੀਂ ਅਪਨਿਵੇਸ਼ ਜਾਂ ਰੀਪੈਟਰੀਏਸ਼ਨ ਦੇ ਰੂਪ ਵਿੱਚ ਨਿਕਲੇ 44.47 ਅਰਬ ਡਾਲਰ ਨੂੰ ਲਈਏ ਤਾਂ ਇਹ ਸ਼ੁੱਧ ਸਿੱਧੇ ਵਿਦੇਸ਼ੀ ਨਿਵੇਸ਼ ਨਕਦ ਆਮਦ ਮਹਿਜ਼ 6.70 ਅਰਬ ਡਾਲਰ ਰਹਿ ਜਾਂਦੀ ਹੈ ਜੋ ਬਹੁਤ ਹੀ ਮਾਮੂਲੀ ਰਕਮ ਹੈ।

ਡੀਪੀਆਈਆਈਟੀ ਅਤੇ ਆਰਬੀਆਈ ਦੇ ਅੰਕੜਿਆਂ ਨੂੰ ਮਿਲਾ ਕੇ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ 2020-21, 2021-22, 2022-23 ਵਿੱਚ ਸ਼ੁੱਧ ਨਕਦ ਐੱਫਡੀਆਈ ਕ੍ਰਮਵਾਰ 37.99 ਅਰਬ ਡਾਲਰ, 36.88 ਅਰਬ ਡਾਲਰ, 22.90 ਅਰਬ ਡਾਲਰ ਅਤੇ 6.70 ਅਰਬ ਡਾਲਰ ਸੀ। ਪਿਛਲੇ ਦੋ ਸਾਲਾਂ ਦੌਰਾਨ ਸ਼ੁੱਧ ਨਕਦ ਐੱਫਡੀਆਈ ਵਿੱਚ ਗਿਰਾਵਟ ਬਹੁਤ ਤੇਜ਼ ਹੋ ਗਈ ਹੈ। ਕਿਉਂ?

ਇਨ੍ਹਾਂ ਚਾਰ ਸਾਲਾਂ ਦੌਰਾਨ ਰਿਟੇਨਡ ਜਾਂ ਮੁੜ ਨਿਵੇਸ਼ ਕਮਾਈ ਐੱਫਡੀਆਈ ਕਾਫ਼ੀ ਹੱਦ ਤੱਕ ਸਥਿਰ ਰਿਹਾ ਹੈ ਜੋ ਕ੍ਰਮਵਾਰ 16.94 ਅਰਬ ਡਾਲਰ, 19.35 ਅਰਬ ਡਾਲਰ, 19.12 ਅਰਬ ਡਾਲਰ ਅਤੇ 19.77 ਅਰਬ ਡਾਲਰ ਰਿਹਾ ਹੈ। ਨਵੇਂ ਐੱਫਡੀਆਈ ਦੀ ਆਮਦ 2020-21 ਵਿੱਚ 81.97 ਅਰਬ ਡਾਲਰ ਤੋਂ ਵਧ ਕੇ 2021-22 ਵਿੱਚ 84.84 ਅਰਬ ਡਾਲਰ ਹੋ ਗਈ ਸੀ ਅਤੇ ਉਸ ਤੋਂ ਬਾਅਦ ਇਸ ਵਿੱਚ ਨਿਘਾਰ ਦੇਖਣ ਨੂੰ ਮਿਲ ਰਿਹਾ ਹੈ ਹਾਲਾਂਕਿ 2022-23 ਵਿੱਚ ਇਹ 71.36 ਅਰਬ ਡਾਲਰ ਅਤੇ 2023-24 ਵਿੱਚ 70.94 ਅਰਬ ਡਾਲਰ ਸੀ। ਇਨ੍ਹਾਂ ਚਾਰ ਸਾਲਾਂ ਵਿੱਚ ਰੀਪੇਮੈਂਟਸ/ਅਪਨਿਵੇਸ਼ ਵਿੱਚ ਭਾਰੀ ਵਾਧਾ ਹੋਇਆ ਹੈ ਜਿਸ ਤੋਂ ਸ਼ੁੱਧ ਨਕਦ ਐੱਫਡੀਆਈ ਆਮਦ ਵਿੱਚ ਆ ਰਹੀ ਗਿਰਾਵਟ ਦਾ ਖੁਲਾਸਾ ਹੁੰਦਾ ਹੈ। 2020-21 ਵਿੱਚ ਇਹ ਰੀਪੇਮੈਂਟਸ/ਅਪਨਿਵੇਸ਼ 27.05 ਅਰਬ ਡਾਲਰ, 2021-22 ਵਿੱਚ 28.61 ਅਰਬ ਡਾਲਰ, 2022-23 ਵਿੱਚ 29.35 ਅਰਬ ਡਾਲਰ ਅਤੇ 2023-24 ਵਿੱਚ 44.47 ਅਰਬ ਡਾਲਰ 'ਤੇ ਪਹੁੰਚ ਗਈਆਂ ਸਨ।

2024-25 ਵਿੱਚ ਵੀ ਸ਼ੁੱਧ ਨਵੇਂ ਨਕਦ ਐੱਫਡੀਆਈ ਆਮਦ ਦੀ ਸਥਿਤੀ ਵਿੱਚ ਕਿਸੇ ਵੀ ਤਰ੍ਹਾਂ ਦਾ ਕੋਈ ਸੁਧਾਰ ਨਹੀਂ ਹੋ ਸਕਿਆ। ਡੀਪੀਆਈਆਈਟੀ ਦੇ ਅੰਕੜਿਆਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਭਾਰਤ ਨੂੰ ਅਪਰੈਲ ਦਸੰਬਰ 2024-25 ਕੁੱਲ 62.48 ਅਰਬ ਡਾਲਰ ਦਾ ਐੱਫਡੀਆਈ ਪ੍ਰਾਪਤ ਹੋਇਆ ਸੀ ਜਿਸ ਵਿੱਚੋਂ 16.87 ਅਰਬ ਡਾਲਰ ਮੁੜ ਨਿਵੇਸ਼/ਰਿਟੇਨਡ ਕਮਾਈ ਦੇ ਰੂਪ ਸਨ। ਆਰਬੀਆਈ ਮੁਤਾਬਿਕ ਇਸ ਕਾਲ ਦੌਰਾਨ ਰੀਪੈਟਰੀਏਸ਼ਨ/ਅਪਨਿਵੇਸ਼ ਵਿੱਚ ਹੋਰ ਇਜ਼ਾਫ਼ਾ ਹੋ ਗਿਆ ਜੋ 44 ਅਰਬ ਡਾਲਰ 'ਤੇ ਪਹੁੰਚ ਗਿਆ ਸੀ (2023-24 ਦੇ ਸਮੁੱਚੇ ਸਾਲ ਵਿੱਚ ਇਹ ਲਗਭਗ 44.47 ਅਰਬ ਡਾਲਰ ਹੋ ਗਿਆ ਸੀ)।

ਐੱਫਡੀਆਈ ਦੇ ਇਸ ਵਿਆਪਕ ਨਿਕਾਸ ਕਰ ਕੇ ਕੁੱਲ ਐੱਫਡੀਆਈ ਆਮਦ ਸੁੰਗੜ ਕੇ ਸਿਰਫ਼ 18.49 ਅਰਬ ਡਾਲਰ ਰਹਿ ਗਈ ਹੈ। ਬਰਕਰਾਰ/ਮੁੜ ਨਿਵੇਸ਼ ਕੀਤੀ 16.87 ਅਰਬ ਡਾਲਰ ਦੀ ਐੱਫਡੀਆਈ ਨੂੰ ਬਾਹਰ ਰੱਖ ਕੇ, ਆਉਣ ਵਾਲੀ ਕੁੱਲ ਨਗਦ ਐੱਫਡੀਆਈ2024-25 ਦੇ ਨੌਂ ਮਹੀਨਿਆਂ ਵਿੱਚ ਸਿਰਫ਼ 1.61 ਅਰਬ ਡਾਲਰ ਸੀ। ਜਨਵਰੀ-ਫਰਵਰੀ 2025 ਦਾ ਆਰਬੀਆਈ ਡੇਟਾ ਦੱਸਦਾ ਹੈ ਕਿ ਆਖ਼ਰੀ ਤਿਮਾਹੀ ਵਿੱਚ ਮੁੜ ਅਦਾਇਗੀਆਂ/ਅਪਨਿਵੇਸ਼ਾਂ ਵਿੱਚ ਨਿਰੰਤਰ ਤੇਜ਼ੀ ਰਹੀ। ਇਕ ਸੰਭਾਵਨਾ ਹੈ ਕਿ 2024-25 ਵਿੱਚ ਜੇ ਕੁੱਲ ਨਵੀਂ ਨਗ਼ਦ ਐੱਫਡੀਆਈ ਦੀ ਆਮਦ ਨੈਗੇਟਿਵ ਨਹੀਂ ਤਾਂ ਸਿਫ਼ਰ ਜ਼ਰੂਰ ਰਹਿ ਸਕਦੀ ਹੈ।

ਐੱਫਡੀਆਈ ਨਿਵੇਸ਼ਕ ਭਾਰਤ ਤੋਂ ਦੂਰ ਕਿਉਂ ਜਾ ਰਹੇ ਹਨ? ਚਾਰ ਵੱਡੇ ਕਾਰਨ ਤਸਵੀਰ ਸਾਫ਼ ਕਰਦੇ ਲੱਗਦੇ ਹਨ। ਪਹਿਲਾ, ਮੇਕ ਇਨ ਇੰਡੀਆ ਤੇ ਉਤਪਾਦਨ ਨਾਲ ਜੁੜੀਆਂ ਰਿਆਇਤਾਂ (ਪੀਐੱਲਆਈ), ਤੋਂ ਉਮੀਦ ਸੀ ਕਿ ਇਹ ਅਮਰੀਕਾ ਦੀ ਚੀਨ+1 ਨੀਤੀ ਤੋਂ ਬਾਅਦ ਚੀਨ ਤੋਂ ਬਾਹਰ ਜਾ ਰਹੀ ਐੱਫਡੀਆਈ ਨੂੰ ਭਾਰਤ ਵੱਲ ਖਿੱਚਣਗੇ, ਪਰ ਇਹ ਬੁਰੀ ਤਰ੍ਹਾਂ ਨਾਕਾਮ ਹੋ ਗਏ। 'ਐਪਲ' ਨੂੰ ਛੱਡ ਕੇ ਕੋਈ ਵੀ ਵੱਡਾ ਬਹੁ-ਕੌਮੀ ਐੱਫਡੀਆਈ ਨਿਵੇਸ਼ ਭਾਰਤ ਨਹੀਂ ਆਇਆ। ਇਸ ਦੀ ਬਜਾਏ ਐੱਫਡੀਆਈ ਨਿਵੇਸ਼ਕ ਵੀਅਤਨਾਮ ਤੇ ਹੋਰ ਪੂਰਬੀ-ਏਸ਼ਿਆਈ ਦੇਸ਼ਾਂ ਨੂੰ ਚਲੇ ਗਏ।

ਦੂਜਾ, ਸਰਕਾਰ ਦਾ ਪੂੰਜੀ ਨਿਵੇਸ਼ ਪ੍ਰੋਗਰਾਮ ਲਗਭੱਗ ਪੂਰੀ ਤਰ੍ਹਾਂ ਪੁਰਾਣੀ ਦੁਨੀਆ ਦੇ ਭੌਤਿਕ ਢਾਂਚੇ ਉੱਤੇ ਕੇਂਦਰਿਤ ਸੀ। ਇਸ ਤੋਂ ਇਲਾਵਾ ਘਾਟੇ ਵਿੱਚ ਜਾ ਰਹੀਆਂ ਸਰਕਾਰੀ ਕੰਪਨੀਆਂ ਜਿਵੇਂ ਰੇਲਵੇ, ਹਾਈਵੇਅਜ਼ ਤੇ ਬੀਐੱਸਐੱਨਐੱਲ ਵੱਡਾ ਨਿਵੇਸ਼ ਨਹੀਂ ਜੁਟਾ ਸਕੇ ਤੇ ਪ੍ਰਾਈਵੇਟ ਅਤੇ ਵਿਦੇਸ਼ੀ ਨਿਵੇਸ਼ ਤੇਜ਼ ਕਰਨ ਵਿੱਚ ਨਾਕਾਮ ਰਹੇ।

ਤੀਜਾ, ਭਾਰਤ ਨੇ 'ਆਤਮ-ਨਿਰਭਰ ਭਾਰਤ' ਦੇ ਨਾਂ ਉੱਤੇ ਰੱਖਿਆਤਮਕ ਟੈਰਿਫ ਲਾ ਦਿੱਤੇ ਜਿਸ ਦੇ ਸਿੱਟੇ ਵਜੋਂ ਇਹ ਘੱਟ ਨਿਵੇਸ਼-ਹਿੱਤਕਾਰੀ ਮੁਲਕ ਬਣ ਕੇ ਰਹਿ ਗਿਆ। ਇਸ ਕਾਰਨ ਵਿਦੇਸ਼ੀ ਨਿਵੇਸ਼ਕ ਦੂਰ ਜਾਣ ਲੱਗੇ।

ਅਖੀਰ 'ਚ, ਭਾਰਤੀ ਸਟਾਰਟ-ਅੱਪ ਢਾਂਚੇ ਵਿੱਚ ਲੱਗ ਰਹੀ ਪੂੰਜੀ (ਵੈਂਚਰ ਕੈਪੀਟਲ) ਤੇ ਪ੍ਰਾਈਵੇਟ ਹਿੱਸੇਦਾਰੀ ਪੱਕਣ ਵਾਲੇ ਗੇੜ ਵਿੱਚ ਦਾਖ਼ਲ ਹੋ ਰਹੀ ਹੈ, ਪਿਛਲੇ ਦੋ ਸਾਲਾਂ ਵਿੱਚ ਕਈਆਂ ਨੇ ਆਪਣੇ ਨਿਵੇਸ਼ ਬਹੁਤ ਤੇਜ਼ੀ ਨਾਲ ਕੱਢ ਲਏ ਹਨ। ਬਹੁਤ ਘੱਟ ਸੰਭਾਵਨਾ ਹੈ ਕਿ ਇਨ੍ਹਾਂ ਵਿੱਚੋਂ ਕੋਈ ਵੀ ਚੀਜ਼ ਨੇੜ ਭਵਿੱਖ 'ਚ ਠੀਕ ਹੋ ਜਾਵੇਗੀ। ਲੱਗਦਾ ਹੈ ਭਾਰਤ ਨਵੇਂ ਵਿਦੇਸ਼ੀ ਨਿਵੇਸ਼ ਦੇ ਪੱਖ ਤੋਂ ਮੱਧਮ-ਅਵਧੀ ਲਈ ਮੰਦੀ 'ਚ ਜਾ ਸਕਦਾ ਹੈ, ਭਾਵੇਂ ਪੂਰੀ ਤਰ੍ਹਾਂ ਢਹਿ-ਢੇਰੀ ਨਾ ਹੀ ਹੋਵੇ।

ਭਾਰਤ ਵਿੱਚ ਜ਼ਿਆਦਾਤਰ ਐੱਫਡੀਆਈ ਦੱਖਣੀ ਤੇ ਪੱਛਮੀ ਰਾਜਾਂ 'ਚ ਆਉਂਦੀ ਹੈ ਜਿਨ੍ਹਾਂ 'ਤੇ ਪਾਕਿਸਤਾਨ ਨਾਲ ਤਣਾਅ ਦਾ ਕੋਈ ਬਹੁਤਾ ਅਸਰ ਨਹੀਂ ਹੈ। ਆਲਮੀ ਨਿਵੇਸ਼ ਦੇ ਪ੍ਰਵਾਹ 'ਤੇ ਅਮਰੀਕੀ ਟੈਕਸਾਂ ਦੇ ਸਿੱਟਿਆਂ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ, ਇਨ੍ਹਾਂ ਦਾ ਅਨੁਮਾਨ ਲਾਉਣਾ ਮੁਸ਼ਕਿਲ ਹੈ। ਜੇਕਰ ਕੌਮਾਂਤਰੀ ਐੱਫਡੀਆਈ ਟਿਕਾਣਾ ਬਦਲਦੀ ਹੈ ਤਾਂ ਕਿਸੇ ਵੀ ਸੂਰਤ ਵਿੱਚ ਸਾਡੇ ਕੋਲ ਇਸ ਨੂੰ ਸੰਭਾਲਣ ਦਾ ਕੋਈ ਬਹੁਤ ਵਧੀਆ ਵਾਤਾਵਰਨ ਪਹਿਲਾਂ ਹੀ ਤਿਆਰ ਹੋਇਆ ਨਹੀਂ ਪਿਆ।

ਚੀਨ 'ਚ ਆਉਣ ਵਾਲੀ ਐੱਫਡੀਆਈ ਬਹੁਤ ਬੁਰੀ ਤਰ੍ਹਾਂ ਡਿੱਗ ਚੁੱਕੀ ਹੈ (ਓਈਸੀਡੀ ਅੰਕੜੇ)- ਸਾਲ 2021 ਵਿੱਚ 344.08 ਅਰਬ ਡਾਲਰ ਤੋਂ ਲੈ ਕੇ 2022 ਵਿੱਚ 190.20 ਅਰਬ ਡਾਲਰ ਤੱਕ, ਸੰਨ 2023 ਵਿੱਚ 51.34 ਅਰਬ ਡਾਲਰ ਤੋਂ ਲੈ ਕੇ 2024 ਵਿੱਚ 18.56 ਅਰਬ ਡਾਲਰ ਤੱਕ। ਇਹ ਦੁਨੀਆ ਨੂੰ ਦੱਸਦਾ ਹੈ ਕਿ ਖ਼ਾਸ ਤੌਰ 'ਤੇ ਅਮਰੀਕਾ, ਚੀਨ ਤੋਂ ਦੂਰ ਜਾ ਰਿਹਾ ਹੈ ਅਤੇ ਮੌਜੂਦਾ ਨਿਵੇਸ਼ ਨੂੰ ਦੂਜੇ ਦੇਸ਼ਾਂ ਵਿੱਚ ਤਬਦੀਲ ਕਰ ਰਿਹਾ ਹੈ। ਚੀਨ ਹਾਲਾਂਕਿ ਐਨੀ ਤਰੱਕੀ ਕਰ ਚੁੱਕਾ ਹੈ ਕਿ ਉਸ ਨੂੰ ਐੱਫਡੀਆਈ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ।

ਇਸ ਦੀ ਥਾਂ ਇਹ ਵੱਡਾ ਆਲਮੀ ਐੱਫਡੀਆਈ ਨਿਵੇਸ਼ਕ ਬਣ ਗਿਆ ਹੈ। ਸਾਲ 2024 ਵਿੱਚ, 1.61 ਖਰਬ ਡਾਲਰ ਦੀ ਕੁੱਲ ਆਲਮੀ ਬਾਹਰੀ ਐੱਫਡੀਆਈ ਵਿੱਚ ਚੀਨ ਦਾ ਹਿੱਸਾ 172.24 ਅਰਬ ਡਾਲਰ ਸੀ (ਕਰੀਬ 11 ਪ੍ਰਤੀਸ਼ਤ), ਜੋ ਅਮਰੀਕਾ ਤੋਂ ਬਾਅਦ ਦੂਜਾ ਸਭ ਤੋਂ ਵੱਡਾ (298.98 ਅਰਬ ਡਾਲਰ) ਵਿਦੇਸ਼ੀ ਨਿਵੇਸ਼ ਹੈ। ਸਾਲ 2023 ਵਿੱਚ ਚੀਨ ਨੇ ਬਾਹਰਲੇ ਦੇਸ਼ਾਂ ਵਿੱਚ 225.67 ਅਰਬ ਡਾਲਰ ਦਾ ਨਿਵੇਸ਼ ਕੀਤਾ (1.57 ਖਰਬ ਡਾਲਰ ਦੇ ਕੁੱਲ ਵਿਦੇਸ਼ੀ ਨਿਵੇਸ਼ ਦਾ 14 ਪ੍ਰਤੀਸ਼ਤ)

ਭਾਰਤ ਨੂੰ ਚੀਨ ਅੰਦਰ ਡਿੱਗ ਰਹੇ ਵਿਦੇਸ਼ੀ ਨਿਵੇਸ਼ 'ਤੇ ਖੁਸ਼ ਨਹੀਂ ਹੋਣਾ ਚਾਹੀਦਾ। ਇਸ ਦੀ ਬਜਾਏ ਇਸ ਨੂੰ ਦੇਖਣਾ ਚਾਹੀਦਾ ਹੈ ਕਿ ਕਿਵੇਂ ਹੋਰ ਮੁਲਕ-ਬ੍ਰਾਜ਼ੀਲ (59.18 ਅਰਬ ਡਾਲਰ), ਇੰਡੋਨੇਸ਼ੀਆ (24.21 ਅਰਬ ਡਾਲਰ), ਆਸਟਰੇਲੀਆ (64.067 ਅਰਬ ਡਾਲਰ) ਤੇ ਵੀਅਤਨਾਮ (25.35 ਅਰਬ ਡਾਲਰ) ਉੱਚਾ ਵਿਦੇਸ਼ ਨਿਵੇਸ਼ ਖਿੱਚਣ ਵਿੱਚ ਸਫਲ ਹੋ ਰਹੇ ਹਨ। ਸਾਡੇ ਉਦਯੋਗਿਕ ਨਿਵੇਸ਼ ਅਤੇ ਐੱਫਡੀਆਈ ਨੀਤੀਆਂ ਦੀ ਗੰਭੀਰ ਸਮੀਖਿਆ ਅਤੇ ਪੁਨਰਗਠਨ ਲੋੜੀਂਦਾ ਹੈ।

AMAR MUSIC ACADEMY
INDIAN CLASSICAL LIGHT MUSIC, GURMAT SANGEET & TABLA
ਭਾਰਤੀ ਸ਼ਾਸ਼ਤਰੀ ਸੰਗੀਤ, ਗੁਰਮਤਿ ਸੰਗੀਤ ਅਤੇ ਤਬਲਾ ਸਿੱਖਣ ਲਈ ਫੋਨ ਕਰੋ

Prof. Gurdev Singh Phull,
Prof. Amrik Singh Phull
To Learn Indian Classical, Light Music & Tabla
Free Lessons for Blind & Handicapped

604-599-4628, 778-898-5052 | 13376-80 Ave, Surrey




# ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ

**ਲੇਖਕ : ਅੱਬਾਸ ਧਾਲੀਵਾਲ**

ਦੇਸ਼ ਦੀ ਆਜ਼ਾਦੀ ਲਈ ਜਦੋਂ ਵੀ ਕੁਰਬਾਨੀਆਂ ਦੇਣ ਵਾਲੇ ਯੋਧਿਆਂ ਦੀ ਗੱਲ ਚੱਲਦੀ ਹੈ ਤਾਂ ਪੰਜਾਬੀਆਂ ਦਾ ਨਾਂ ਸਰੇ-ਫਿਹਰਿਸਤ ਆਉਂਦਾ ਹੈ। ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਊਧਮ ਸਿੰਘ ਆਦਿ ਅਜਿਹੇ ਹੀ ਜਾਂਬਾਜ਼ ਪੰਜਾਬੀ ਨੌਜਵਾਨ ਸਨ ਜਿਨ੍ਹਾਂ ਦਾ ਨਾਂ ਅੱਜ ਵੀ ਦੇਸ਼ ਅੰਦਰ ਬੜੇ ਫਖ਼ਰ ਅਤੇ ਗੌਰਵ ਨਾਲ ਲਿਆ ਜਾਂਦਾ ਹੈ।

16 ਨਵੰਬਰ ਨੂੰ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਵਸ ਵਜੋਂ ਜਾਣਿਆ ਜਾਂਦਾ ਹੈ। ਉਹੀਓ ਕਰਤਾਰ ਸਿੰਘ ਸਰਾਭਾ ਜਿਨ੍ਹਾਂ ਨੂੰ ਸ਼ਹੀਦ ਏ ਆਜ਼ਮ ਭਗਤ ਸਿੰਘ ਆਪਣਾ ਆਦਰਸ਼ ਮੰਨਦੇ ਸਨ। ਕਿਹਾ ਇਹ ਵੀ ਜਾਂਦਾ ਹੈ ਕਿ ਭਗਤ ਸਿੰਘ, ਕਰਤਾਰ ਸਿੰਘ ਸਰਾਭੇ ਦੀ ਫੋਟੋ ਹਮੇਸ਼ਾ ਆਪਣੀ ਜੇਬ ਵਿੱਚ ਰੱਖਦੇ ਸਨ।

ਕਰਤਾਰ ਸਿੰਘ ਸਰਾਭਾ ਜਿਨ੍ਹਾਂ ਦਾ ਜਨਮ 24 ਮਈ 1896 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਮੰਗਲ ਸਿੰਘ ਅਤੇ ਮਾਤਾ ਦਾ ਨਾਂ ਸਾਹਿਬ ਕੌਰ ਸੀ। ਕਰਤਾਰ ਸਿੰਘ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਹਾਲੇ ਕਰਤਾਰ ਸਿੰਘ ਛੋਟੇ ਹੀ ਸਨ ਕਿ ਉਨ੍ਹਾਂ ਦੇ ਪਿਤਾ ਅਕਾਲ ਚਲਾਣਾ ਕਰ ਗਏ। ਜਿਸ ਉਪਰੰਤ ਉਨ੍ਹਾਂ ਦੇ ਪਾਲਣ ਪੋਸ਼ਣ ਦੀ ਸਾਰੀ ਜ਼ਿੰਮੇਵਾਰੀ ਦਾਦਾ ਸ. ਬਚਨ ਸਿੰਘ ਦੇ ਮੋਢਿਆਂ 'ਤੇ ਆ ਪਈ। ਕਰਤਾਰ ਸਿੰਘ ਹੁਰਾਂ ਨੇ ਆਪਣੀ ਮੁੱਢਲੀ ਵਿੱਦਿਆ ਸਰਾਭਾ ਪਿੰਡ ਵਿੱਚੋਂ ਹਾਸਲ ਕੀਤੀ ਇਸ ਉਪਰੰਤ ਉਹ ਦਸਵੀਂ ਕਰਨ ਲਈ ਲੁਧਿਆਣਾ ਦੇ ਮਾਲਵਾ ਖਾਲਸਾ ਸਕੂਲ ਵਿਖੇ ਦਾਖਲ ਹੋ ਗਏ। ਇਸੇ ਦੌਰਾਨ ਉਹ ਆਪਣੇ ਚਾਚੇ ਕੋਲ ਉੜੀਸਾ ਰਹਿਣ ਚਲੇ ਗਏ। ਉੱਥੇ ਹੀ ਹਾਈ ਸਕੂਲ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਇੱਕ ਕਾਲਜ ਵਿੱਚ ਦਾਖ਼ਲਾ ਲੈ ਲਿਆ।

ਉਂਝ ਕਰਤਾਰ ਸਿੰਘ ਪੜ੍ਹਾਈ ਵਿੱਚ ਹੁਸ਼ਿਆਰ ਸੀ। ਉਨ੍ਹਾਂ ਦੇ ਦਾਦਾ ਉਨ੍ਹਾਂ ਨੂੰ ਕਿਸੇ ਉੱਚ ਅਹੁਦੇ 'ਤੇ ਵੇਖਣਾ ਚਾਹੁੰਦੇ ਸਨ। ਜਿਸਦੇ ਚੱਲਦਿਆਂ ਦਾਦੇ ਨੇ ਉਨ੍ਹਾਂ ਨੂੰ ਉਚੇਰੀ ਪੜ੍ਹਾਈ ਲਈ ਅਮਰੀਕਾ ਭੇਜ ਦਿੱਤਾ, ਜਿੱਥੇ ਉਨ੍ਹਾਂ ਨੇ ਬਰਕਲੇ ਯੂਨੀਵਰਸਿਟੀ, ਕੈਲੀਫ਼ੋਰਨੀਆ ਵਿੱਚ ਰਸਾਇਣ ਵਿਗਿਆਨ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ।

ਉਨ੍ਹੀਂ ਦਿਨੀਂ ਅਮਰੀਕਾ ਵਿੱਚ ਗ਼ਦਰ ਲਹਿਰ ਦਾ ਮੁੱਢ ਬੱਝ ਰਿਹਾ ਸੀ ਅਤੇ ਅਮਰੀਕਾ ਵਸਦੇ ਭਾਰਤੀਆਂ ਨੇ 1913 ਈ: ਵਿੱਚ ਗ਼ਦਰ ਨਾਂਅ ਦੀ ਪਾਰਟੀ ਬਣਾਈ, ਜਿਸਦੇ ਪ੍ਰਧਾਨ ਸੋਹਣ ਸਿੰਘ ਭਕਨਾ ਅਤੇ ਸਕੱਤਰ ਲਾਲਾ ਹਰਦਿਆਲ ਬਣਾਏ ਗਏ। ਕਰਤਾਰ ਸਿੰਘ ਸਰਾਭਾ ਵੀ ਇਸ ਦੌਰਾਨ ਸੋਹਣ ਸਿੰਘ ਭਕਨਾ ਨੂੰ ਮਿਲੇ ਅਤੇ ਉਕਤ ਪਾਰਟੀ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਕਰਤਾਰ ਸਿੰਘ ਪਾਰਟੀ ਵਿੱਚ ਬਹੁਤ ਜਲਦੀ ਹਰਮਨ-ਪਿਆਰਾ ਹੋ ਗਏ। ਪਾਰਟੀ ਦਾ ਕੇਂਦਰ ਸਾਨ ਫਰਾਂਸਿਸਕੋ ਬਣਾਇਆ ਗਿਆ ਤੇ ਇਸ ਨੇ ਦੇਸ਼ ਦੀ ਸੁਤੰਤਰਤਾ ਦੀ ਲੜਾਈ ਦੇ ਪ੍ਰਚਾਰ-ਹਿਤ (ਉਰਦੂ ਤੇ ਪੰਜਾਬੀ) ਗ਼ਦਰ ਨਾਂ ਦਾ ਹਫਤਾਵਾਰੀ ਅਖ਼ਬਾਰ ਕੱਢਿਆ। ਦਰਅਸਲ ਉਕਤ ਅਖ਼ਬਾਰ ਕਰਤਾਰ ਸਿੰਘ ਦੇ ਦਿਮਾਗ ਦੀ ਹੀ ਉਪਜ ਸੀ। ਇੱਥੇ ਜ਼ਿਕਰਯੋਗ ਹੈ ਕਿ 31 ਅਕਤੂਬਰ 1913 ਨੂੰ ਸੈਕਰਾਮੈਂਟੋ, ਕੈਲੀਫ਼ੋਰਨੀਆ ਵਿੱਚ ਇੱਕ ਮੀਟਿੰਗ ਵਿੱਚ ਉਹ ਕੁੱਦ ਕੇ ਸਟੇਜ ਤੇ ਜਾ ਚੜ੍ਹੇ ਅਤੇ ਇਨ੍ਹਾਂ ਸ਼ਬਦਾਂ ਨੂੰ ਗਾਉਣਾ ਸ਼ੁਰੂ ਕਰ ਦਿੱਤਾ: ਚੱਲੋ ਚੱਲੀਏ ਦੇਸ ਨੂੰ ਯੁੱਧ ਕਰਨ, ਇਹੋ ਆਖ਼ਰੀ ਵਚਨ ਤੇ ਫ਼ਰਮਾਨ ਹੋ ਗਏ।'

ਸਰਾਭਾ ਦੀਆਂ ਦੇਸ਼ ਪ੍ਰੇਮ ਦੀਆਂ ਉਚੇਰੀਆਂ ਭਾਵਨਾਵਾਂ ਨੂੰ ਦੇਖਦਿਆਂ ਗ਼ਦਰ ਪਾਰਟੀ ਨੇ ਕੈਲੀਫ਼ੋਰਨੀਆ ਵਿੱਚ ਇੱਕ ਮੀਟਿੰਗ ਕਰਕੇ ਉਸ ਨੂੰ ਪ੍ਰਬੰਧਕ ਕਮੇਟੀ ਦਾ ਮੈਂਬਰ ਚੁਣ ਲਿਆ। ਇਸਦੇ ਨਾਲ ਹੀ ਸਰਾਭਾ ਅਤੇ ਉਹਨਾਂ ਦੇ ਸਾਥੀਆਂ ਨੇ ਭਾਰਤ ਉੱਤੇ ਕਾਬਜ਼ ਬਰਤਾਨਵੀ ਹਕੂਮਤ ਨੂੰ ਉਖਾੜ ਸੁੱਟਣ ਲਈ ਅਮਰੀਕਾ ਅਤੇ ਕਨੇਡਾ ਵਿੱਚ ਵਸੇ ਭਾਰਤੀਆਂ ਨੂੰ ਇੱਕਜੁਟ ਕਰਨਾ ਸ਼ੁਰੂ ਕਰ ਦਿੱਤਾ।

ਪਹਿਲੀ ਸੰਸਾਰ ਜੰਗ ਸ਼ੁਰੂ ਹੋਈ ਤਾਂ ਗ਼ਦਰ ਪਾਰਟੀ ਦੇ ਮੈਂਬਰਾਂ ਨੂੰ ਭਾਰਤ ਪਰਤਣ ਅਤੇ ਅੰਗਰੇਜ਼ਾਂ ਖ਼ਿਲਾਫ਼ ਹਥਿਆਰਬੰਦ ਵਿਦਰੋਹ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ। ਕਰਤਾਰ ਸਿੰਘ ਭਾਰਤ ਆਉਣ ਵਾਲੇ ਸਿੱਖਾਂ ਦੇ ਮੁੱਖ ਜਥੇ ਤੋਂ ਲਗਭਗ ਇੱਕ ਮਹੀਨਾ ਪਹਿਲਾਂ ਹੀ ਭਾਵ 15 ਸਤੰਬਰ 1914 ਨੂੰ ਅਮਰੀਕਾ ਤੋਂ ਚੱਲ ਪਏ ਸਨ। ਉਹ ਕੋਲੰਬੋ ਦੇ ਰਸਤੇ ਭਾਰਤ ਪੁੱਜਾ ਅਤੇ ਗ਼ਦਰ ਪਾਰਟੀ ਦੇ ਸਾਨਫਰਾਂਸਿਸਕੋ ਵਿਚਲੇ ਯੁਗਾਂਤਰ ਆਸ਼ਰਮ ਦੇ ਮਾਡਲ ਵਰਗਾ ਇੱਕ ਕੇਂਦਰ ਆਪਣੇ ਪਿੰਡ ਵਿੱਚ ਸਥਾਪਿਤ ਕਰਨ ਵਿੱਚ ਕਾਮਯਾਬ ਹੋ ਗਏ। ਜਦੋਂ ਭਾਈ ਪਰਮਾਨੰਦ ਲਹਿਰ ਦੀ ਅਗਵਾਈ ਕਰਨ ਦਸੰਬਰ 1914 ਨੂੰ ਭਾਰਤ ਪਹੁੰਚੇ ਤਾਂ ਉਦੋਂ ਤਕ ਕਰਤਾਰ ਸਿੰਘ ਲੁਧਿਆਣਾ ਜ਼ਿਲ੍ਹੇ ਵਿੱਚ ਆਪਣਾ ਪੂਰਾ ਪ੍ਰਭਾਵ ਕਾਇਮ ਕਰ ਚੁੱਕੇ ਸਨ। ਇਸ ਸੰਬੰਧ ਵਿੱਚ ਉਹ ਹਥਿਆਰ ਲੈਣ ਬੰਗਾਲ ਗਏ ਅਤੇ ਵਿਸ਼ਣੂ ਗਨੇਸ਼ ਪਿੰਗਲੇ, ਸਚਿੰਦਰ ਨਾਥ ਸਾਨਯਾਲ ਅਤੇ ਰਾਸ਼ ਬਿਹਾਰੀ ਬੋਸ ਵਰਗੇ ਕ੍ਰਾਂਤੀਕਾਰੀਆਂ ਨਾਲ ਮੁਲਾਕਾਤ ਕਰਨ ਉਪਰੰਤ ਹੋਰ ਵਧੇਰੇ ਊਰਜਾ ਪ੍ਰਾਪਤ ਕੀਤੀ। ਇਸਦੇ ਨਾਲ ਹੀ ਕਰਤਾਰ ਸਿੰਘ ਨੇ ਮੇਰਠ, ਆਗਰਾ, ਬਨਾਰਸ, ਅਲਾਹਾਬਾਦ, ਅੰਬਾਲਾ, ਲਾਹੌਰ ਅਤੇ ਰਾਵਲਪਿੰਡੀ ਦੀਆਂ ਫ਼ੌਜੀ ਛਾਉਣੀਆਂ ਦਾ ਦੌਰਾ ਕੀਤਾ ਤਾਂ ਕਿ ਫ਼ੌਜੀਆਂ ਨੂੰ ਵਿਦਰੋਹ ਲਈ ਉਕਸਾਇਆ ਜਾ ਸਕੇ। ਜਿੱਥੋਂ ਤਕ ਹਥਿਆਰਾਂ ਦਾ ਸੰਬੰਧ ਹੈ, ਕਰਤਾਰ ਸਿੰਘ ਅਤੇ ਇਹਨਾਂ ਦੇ ਸਾਥੀ ਲੁਧਿਆਣਾ ਜ਼ਿਲ੍ਹੇ ਵਿੱਚ ਪਹਿਲਾਂ ਝਾਬੇਵਾਲ ਅਤੇ ਫਿਰ ਲੋਹਟਬੱਧੀ ਵਿਖੇ ਛੋਟੇ ਪੱਧਰ 'ਤੇ ਬੰਬ ਤਿਆਰ ਕਰਨ ਵਿੱਚ ਸਫ਼ਲ ਹੋ ਗਏ ਸਨ।

ਪਲਾਨਿੰਗ ਅਨੁਸਾਰ ਵਿਦਰੋਹ ਫਰਵਰੀ 1915 ਨੂੰ ਆਰੰਭ ਹੋਣਾ ਸੀ। ਪ੍ਰੰਤੂ ਇਸੇ ਦੌਰਾਨ ਕਿਰਪਾਲ ਸਿੰਘ ਨਾਂ ਦਾ ਇੱਕ ਸਰਕਾਰੀ ਮੁਖ਼ਬਰ ਗੁਪਤ ਤੌਰ 'ਤੇ ਪਾਰਟੀ ਵਿੱਚ ਸ਼ਾਮਿਲ ਹੋ ਗਿਆ ਸੀ। ਉਸ ਮੁਖਬਰ ਦੁਆਰਾ ਸਰਕਾਰ ਨੂੰ ਸਮਾਂ ਰਹਿੰਦੇ ਹੀ ਸਾਰੇ ਕਰਤਾਰ ਸਿੰਘ ਹੁਰਾਂ ਦੇ ਸਾਰੇ ਗੁਪਤ ਭੇਦ ਖੋਲ੍ਹਣ ਦੇ ਚੱਲਦਿਆਂ, ਵੱਡੇ ਪੱਧਰ 'ਤੇ ਗ਼ਦਰ ਪਾਰਟੀ ਦੇ ਉਕਤ ਬਹੁਤ ਸਾਰੇ ਨੇਤਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਪਰ ਕਰਤਾਰ ਸਿੰਘ, ਸੁਰਸਿੰਘ ਦਾ ਜਗਤ ਸਿੰਘ ਅਤੇ ਹਰਨਾਮ ਸਿੰਘ ਟੁੰਡੀਲਾਟ ਬਚ ਕੇ ਕਾਬੁਲ ਵੱਲ ਨਿਕਲ ਗਏ ਸਨ। ਪ੍ਰੰਤੂ ਉਕਤ ਤਿੰਨੋਂ ਜਦੋਂ ਆਪਣੀ ਮੁਹਿੰਮ ਨੂੰ ਜਾਰੀ ਰੱਖਣ ਲਈ ਪੰਜਾਬ ਪਰਤ ਰਹੇ ਸਨ ਤਾਂ ਪੁਲਿਸ ਨੇ 2 ਮਾਰਚ 1915 ਨੂੰ ਸ਼ਾਹਪੁਰ ਜ਼ਿਲ੍ਹੇ ਵਿੱਚ ਵਿਲਸਨਪੁਰ ਵਿਖੇ 22ਵੀਂ ਘੋੜ-ਸਵਾਰ ਫ਼ੌਜ ਦੇ ਜਵਾਨਾਂ ਨੂੰ ਵਰਗਲਾਉਣ ਦੇ ਉਦੇਸ਼ ਨਾਲ ਆਇਆਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

ਜਦੋਂ ਬਗ਼ਾਵਤ ਦੇ ਦੋਸ਼ ਅਧੀਨ ਕਰਤਾਰ ਸਿੰਘ ਸਰਾਭਾ 'ਤੇ ਮੁਕੱਦਮਾ ਚੱਲ ਰਿਹਾ ਸੀ ਤਾਂ ਉਸ ਨੇ ਤਮਾਮ ਦੋਸ਼ਾਂ ਦੀ ਸਮੁੱਚੀ ਜ਼ਿੰਮੇਵਾਰੀ ਆਪਣੇ ਖੁਦ ਉੱਪਰ ਲੈ ਲਈ ਸੀ ਤੇ ਇਹ ਸਭ ਸੁਣ ਕੇ ਜੱਜ ਹੱਕਾ-ਬੱਕਾ ਰਹਿ ਗਿਆ ਕਿ ਇੱਕ ਉੱਨੀ ਸਾਲਾਂ ਦੀ ਛੋਟੀ ਉਮਰ ਦਾ ਮੁੱਛ ਫੁੱਟ ਗਭਰੂ ਇਨੀ ਨਿਡਰਤਾ ਨਾਲ ਵਿਵਹਾਰ ਕਰ ਰਿਹਾ ਸੀ। ਕਰਤਾਰ ਸਿੰਘ ਦੀ ਨਿੱਕੀ ਉਮਰ ਨੂੰ ਧਿਆਨ ਵਿੱਚ ਰੱਖਦਿਆਂ ਜੱਜ ਨੇ ਨੌਜਵਾਨ ਨੂੰ ਆਪਣੇ ਬਿਆਨ ਵਿੱਚ ਸੋਧ ਕਰਨ ਦੀ ਸਲਾਹ ਦਿੱਤੀ, ਪਰ ਨਤੀਜਾ ਇਸਦੇ ਵਿਪਰੀਤ ਹੋਇਆ। ਕਰਤਾਰ ਸਿੰਘ ਨੇ ਇਸਦੇ ਉਲਟ ਹੋਰ ਵੀ ਦ੍ਰਿੜ੍ਹਤਾ ਨਾਲ ਬਿਆਨ ਦਿੱਤਾ ਅਤੇ ਪੂਰੀ ਸਾਜ਼ਿਸ਼ ਦਾ ਜ਼ਿੰਮੇਵਾਰ ਉਹ ਖੁਦ ਹੀ ਸੀ। ਇਸਦੇ ਆਧਾਰ 'ਤੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ।

ਗ਼ਦਰੀਆਂ ਵਲੋਂ ਕੇਸ ਦੀ ਪੈਰਵੀ ਕਰ ਰਹੇ ਵਕੀਲ ਰਘੁਵਰ ਸਹਾਇ ਨੇ 24 ਗ਼ਦਰੀਆਂ ਨੂੰ ਫਾਂਸੀ ਦੀ ਸਜ਼ਾ ਦਾ ਮੁੱਦਾ ਵਾਇਸਰਾਇ ਕੌਂਸਲ ਕੋਲ ਉਠਾਇਆ ਤੇ ਕੌਂਸਲ ਦੇ ਮੈਂਬਰ ਸਰ ਅਲੀ ਇਮਾਮ ਨੇ ਕਾਨੂੰਨੀ ਪੈਂਤਰਿਆਂ ਦੀ ਨਜ਼ਰਸਾਨੀ ਤੋਂ ਬਾਅਦ 24 ਗ਼ਦਰੀਆਂ ਵਿੱਚੋਂ 17 ਗਦਰੀਆਂ ਦੀ ਫਾਂਸੀ ਦੀ ਸਜ਼ਾ ਤੋੜ ਕੇ ਸਜ਼ਾ-ਏ-ਕਾਲੇਪਾਨੀ ਕਰ ਦਿੱਤੀ। ਸਰ ਅਲੀ ਇਮਾਮ ਨੇ ਸਰਾਭੇ ਦੀ ਫਾਂਸੀ ਵੀ ਉਮਰ ਕੈਦ ਵਿੱਚ ਤਬਦੀਲ ਕਰਵਾਉਣ ਦੀ ਕੋਸ਼ਿਸ਼ ਕੀਤੀ। ਕਿਉਂਕਿ ਉਸ ਸਮੇਂ ਸਰਾਭੇ ਦੀ ਉਮਰ ਸਭ ਤੋਂ ਘੱਟ ਸੀ। ਪਰ ਵਾਇਸਰਾਇ ਨੇ ਅਪੀਲ ਖਾਰਜ ਕਰ ਦਿੱਤੀ ਅਤੇ ਕੋਰਟ ਵਲੋਂ ਸਰਾਭੇ ਬਾਰੇ ਸਭ ਤੋਂ ਵੱਧ ਸੱਤ ਪੰਨਿਆਂ ਦਾ ਫ਼ੈਸਲਾ ਲਿਖਿਆ ਗਿਆ ਸੀ ਜਿਸ ਵਿੱਚ ਉਸ ਨੂੰ ਸਭ ਤੋਂ 'ਖ਼ਤਰਨਾਕ' ਦੱਸਿਆ ਗਿਆ ਸੀ। ਫ਼ੈਸਲੇ ਵਿੱਚ ਅਹਿਮ ਗੱਲ ਇਹ ਲਿਖੀ ਗਈ ਸੀ ਕਿ ਗ਼ਦਰ ਦੀ ਅਜਿਹੀ ਕੋਈ ਵੀ ਘਟਨਾ ਨਹੀਂ ਹੈ ਜਿਸ ਵਿੱਚ ਸਰਾਭਾ ਸ਼ਾਮਿਲ ਨਾ ਹੋਵੇ।

ਅਖੀਰ 16 ਨਵੰਬਰ 1915 ਨੂੰ ਸਾਢੇ ਉੱਨੀ ਸਾਲ ਦੇ ਜਵਾਨ ਕਰਤਾਰ ਸਿੰਘ ਸਰਾਭਾ ਨੂੰ ਉਹਨਾਂ ਦੇ ਛੇ ਹੋਰ ਸਾਥੀਆਂ - ਬਖ਼ਸ਼ੀਸ਼ ਸਿੰਘ, ਜ਼ਿਲ੍ਹਾ ਅੰਮ੍ਰਿਤਸਰ; ਹਰਨਾਮ ਸਿੰਘ, ਜ਼ਿਲ੍ਹਾ ਸਿਆਲਕੋਟ; ਜਗਤ ਸਿੰਘ, ਜ਼ਿਲ੍ਹਾ ਲਾਹੌਰ; ਸੁਰੈਣ ਸਿੰਘ-1 ਅਤੇ ਸੁਰੈਣ-2 ਦੋਨੋਂ ਜ਼ਿਲ੍ਹਾ ਅੰਮ੍ਰਿਤਸਰ ਅਤੇ ਵਿਸ਼ਨੂੰ ਗਣੇਸ਼ ਪਿੰਗਲੇ, ਜ਼ਿਲ੍ਹਾ ਪੂਨਾ (ਮਹਾਰਾਸ਼ਟਰ)- ਦੇ ਨਾਲ ਲਾਹੌਰ ਦੀ ਸੈਂਟਰਲ ਜੇਲ ਵਿੱਚ ਫ਼ਾਂਸੀ ਦੇ ਦਿੱਤੀ ਗਈ। ਕਹਿੰਦੇ ਹਨ ਕਿ ਮੌਤ ਸਮੇਂ ਕਰਤਾਰ ਸਿੰਘ 20 ਸਾਲਾਂ ਦਾ ਵੀ ਨਹੀਂ ਸੀ। ਪਰ ਉਸ ਵਿੱਚ ਇੰਨਾ ਹੌਸਲਾ ਤੇ ਕੁਰਬਾਨੀ ਦਾ ਜਜ਼ਬਾ ਸੀ ਕਿ ਨਜ਼ਰਬੰਦੀ ਦੌਰਾਨ ਉਸਦਾ ਭਾਰ 14 ਪੌਂਡ ਵਧ ਗਿਆ ਸੀ। ਅਦਾਲਤ ਵਿੱਚ ਕਹੇ ਕਰਤਾਰ ਸਿੰਘ ਸਰਾਭਾ ਦੇ ਇਹ ਸ਼ਬਦ ਭਗਤ ਸਿੰਘ ਅਤੇ ਊਧਮ ਸਿੰਘ ਜਿਹੇ ਯੋਧਿਆਂ ਨੂੰ ਹਮੇਸ਼ਾ ਪ੍ਰੇਰਨਾ ਦਿੰਦੇ ਰਹੇ ਕਿ: ਮੈਨੂੰ ਉਮਰ-ਕੈਦ ਜਾਂ ਮੌਤ ਦੀ ਸਜ਼ਾ ਮਿਲ ਸਕਦੀ ਹੈ ਪਰ ਮੈਂ ਮੌਤ ਦੀ ਸਜ਼ਾ ਨੂੰ ਤਰਜੀਹ ਦੇਵਾਂਗਾ, ਤਾਂ ਜੋ ਦੁਬਾਰਾ ਜਨਮ ਲੈ ਕੇ ਮੈਂ ਫਿਰ ਭਾਰਤ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਸ਼ਾਮਲ ਹੋ ਸਕਾਂ। ਮੈਂ ਵਾਰ ਵਾਰ ਉਦੋਂ ਤਕ ਮਰਨਾ ਚਾਹਾਂਗਾ ਜਦੋਂ ਤਕ ਕਿ ਭਾਰਤ ਅਜ਼ਾਦ ਨਹੀਂ ਹੋ ਜਾਂਦਾ। ਇਹੀ ਮੇਰੀ ਆਖ਼ਰੀ ਇੱਛਾ ਹੈ। ਅੱਜ ਦੇਸ਼ ਨੂੰ ਆਜ਼ਾਦ ਹੋਇਆਂ ਸੱਤ ਦਹਾਕਿਆਂ ਤੋਂ ਵੀ ਉੱਪਰ ਸਮਾਂ ਲੰਘ ਚੁੱਕਾ ਹੈ। ਬੇਸ਼ਕ ਅੱਜ ਕਰਤਾਰ ਸਿੰਘ ਸਰਾਭਾ ਸਾਡੇ ਦਰਮਿਆਨ ਨਹੀਂ ਹਨ ਪਰ ਮੈਂ ਸਮਝਦਾ ਹਾਂ ਕਿ ਇਸ ਸਮੇਂ ਦੇਸ਼ ਵਿੱਚ ਵਿਸ਼ੇਸ਼ ਕਰ ਪੰਜਾਬ ਨੂੰ ਜੋ ਹਾਲਾਤ ਦਰਪੇਸ਼ ਹਨ ਅਤੇ ਜਿਸ ਤਰ੍ਹਾਂ ਇਸ ਵਕਤ ਦੇਸ਼ ਦਾ ਅੰਨਦਾਤਾ ਕਿਸਾਨ ਅਤੇ ਮਜ਼ਦੂਰ ਆਪਣੇ ਹੱਕਾਂ ਦੀ ਰਾਖੀ ਲਈ ਸੜਕਾਂ 'ਤੇ ਸੰਘਰਸ਼ ਕਰਨ ਲਈ ਮਜਬੂਰ ਹਨ, ਉਸ ਨੂੰ ਵੇਖਦਿਆਂ ਪਤਾ ਨਹੀਂ ਕਰਤਾਰ ਸਿੰਘ ਸਰਾਭਾ ਹੁਰਾਂ ਦੀ ਆਤਮਾ ਕਿੰਨੀ ਕੁ ਦੁਖੀ ਹੋਵੇਗੀ ...! ਯਕੀਨਨ ਅੱਜ ਦੇਸ਼ ਦੇ ਲੋਕਾਂ ਅਤੇ ਹਾਕਮਾਂ ਨੂੰ ਇਸ ਦਰਦ ਨੂੰ ਮਹਿਸੂਸ ਕਰਨ ਦੀ ਲੋੜ ਹੈ।

# ਨਾ ਰਿਹਾ ਹੁਣ ਪੀਣਯੋਗ ਪਾਣੀ

**ਲੇਖਕ : ਸੰਜੀਵ ਸਿੰਘ ਸੈਣੀ, ਮੋਹਾਲੀ**

ਦਿੱਲੀ ਸਮੇਤ ਅਨੇਕਾਂ ਸ਼ਹਿਰਾਂ ਦਾ ਪਾਣੀ ਪੀਣ ਯੋਗ ਨਹੀਂ ਰਿਹਾ।ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵੀ ਅੱਠਵੇਂ ਨੰਬਰ ਤੇ ਆ ਗਿਆ । ਮੁੰਬਈ ਦੇ ਪਾਣੀ ਦੀ ਗੁਣਵੱਤਾ ਸਭ ਤੋਂ ਵਧੀਆ ਰਹੀ ।ਹਵਾ ਤਾਂ ਪਲੀਤ ਹੋਈ ਹੀ ਸੀ, ਹੁਣ ਪੀਣ ਜੋਗਾ ਪਾਣੀ ਵੀ ਨਹੀਂ ਰਿਹਾ ।ਪਾਣੀ ਬਿਨਾਂ ਤਾਂ ਸਾਡਾ ਗੁਜ਼ਾਰਾ ਨਹੀਂ ਹੋ ਸਕਦਾ ।ਹਰ ਇੱਕ ਕੰਮ ਵਿੱਚ ਪਾਣੀ ਦੀ ਵਰਤੋਂ ਹੁੰਦੀ ਹੈ ।ਜੇ ਗੰਦਾ ਪਾਣੀ ਪੀਵਾਂਗੇ, ਤਾਂ ਅਨੇਕ ਤਰ੍ਹਾਂ ਦੀ ਬਿਮਾਰੀਆਂ ਦੇ ਸ਼ਿਕਾਰ ਹੋਵਾਂਗੇ । ਅਕਸਰ ਜਿਵੇਂ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਜੇ ਅਸੀਂ ਗੰਦਾ ਪਾਣੀ ਪੀਂਦੇ ਹਾਂ, ਤਾਂ ਸਾਡਾ ਲੀਵਰ ਖਰਾਬ ਹੋ ਜਾਂਦਾ ਹੈ। ਜੇ ਲੀਵਰ ਖਰਾਬ ਹੋ ਜਾਂਦਾ ਹੈ, ਤਾਂ ਹੌਲੀ-ਹੌਲੀ ਸ਼ਰੀਰ ਦੇ ਹੋਰ ਅੰਗਾਂ ਤੇ ਵੀ ਅਸਰ ਪੈਣਾ ਸ਼ੁਰੂ ਹੋ ਜਾਂਦਾ ਹੈ। ਹੋਰ ਵੀ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ।

ਹਾਲ ਹੀ ਵਿੱਚ ਨਸ਼ਰ ਹੋਈ ਇੱਕ ਰਿਪੋਰਟ ਮੁਤਾਬਿਕ ਪੰਜਾਬ ਦਾ ਪਾਣੀ ਪੀਣਯੋਗ ਯੋਗ ਨਹੀਂ ਰਿਹਾ ਹੈ। ਚਾਲੀ ਫੀਸਦੀ ਪਾਣੀ ਖ਼ਰਾਬ ਹੋ ਚੁੱਕਾ ਹੈ। ਕਈ ਧਾਤਾਂ ਜਿਵੇਂ ਲੈਂਡ, ਕੈਡਮੀਅਮ, ਕ੍ਰੋਮੀਅਮ ਅਤੇ ਹੋਰ ਜਲਨਸ਼ੀਲ ਪਦਾਰਥ ਪਾਣੀ ਵਿੱਚ ਮਿਲ ਚੁੱਕੇ ਹਨ । ਜੋ ਮਾਲਵੇ ਦਾ ਇਲਾਕਾ ਹੈ, ਉਸ ਵਿਚ ਕੈਂਸਰ ਦੇ ਬਹੁਤ ਮਰੀਜ਼ ਹੋ ਗਏ ਹਨ। ਮਾਨਸਾ, ਬਠਿੰਡਾ , ਤੇ ਹੋਰ ਬਾਕੀ ਜ਼ਿਲ੍ਹਿਆਂ ਵਿੱਚ ਤਾਂ ਪਾਣੀ ਪੀਣਯੋਗ ਬਿਲਕੁਲ ਵੀ ਨਹੀਂ ਰਿਹਾ ਹੈ। ਸਾਫ਼ ਪਾਣੀ ਨਾ ਮਿਲਣ ਕਰਕੇ ਹਰ ਰੋਜ਼ ਕੋਈ ਨਾ ਕੋਈ ਪਿੰਡਾਂ ਵਿੱਚ ਮੌਤ ਹੋ ਜਾਂਦੀ ਹੈ। ਹਾਲਾਂਕਿ ਕਈ ਪਿੰਡਾਂ ਵਿੱਚ ਆਰ ਓ ਸਿਸਟਮ ਵੀ ਲੱਗੇ ਹੋਏ ਹਨ। ਫ਼ਿਰ ਵੀ ਕਈ ਅਜਿਹੇ ਪਿੰਡ ਹਨ, ਜਿੱਥੇ ਇਹ ਪ੍ਰਣਾਲੀ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੈ। ਮਾਲਵਾ ਇਲਾਕੇ ਦੇ ਲੋਕ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਹਾਲਾਂਕਿ ਉਹਨਾਂ ਨੂੰ ਸਾਫ਼ ਸੁਥਰਾ ਪੀਣਯੋਗ ਪਾਣੀ ਵੀ ਨਹੀਂ ਮਿਲ ਰਿਹਾ ਹੈ। ਮੋਹਾਲੀ ਜ਼ਿਲ੍ਹੇ ਦੇ ਤਹਿਸੀਲ ਡੇਰਾਬੱਸੀ ਖੇਤਰ ਵਿੱਚ ਵੀ ਕੈਂਸਰ ਨਾਲ ਕਾਫ਼ੀ ਪੀੜਤ ਵਿਅਕਤੀਆਂ ਦੀ ਰਿਪੋਰਟ ਸਾਹਮਣੇ ਆ ਰਹੀ ਹੈ। ਇੱਥੇ ਕੈਮੀਕਲ ਫੈਕਟਰੀਆਂ ਨੇ ਬਹੁਤ ਗਲਤ ਕੰਮ ਕੀਤੇ ਹੋਏ ਹਨ ਜੋ ਕਿ ਅਧਿਕਾਰੀਆਂ ਦੀ ਜਾਂਚ ਪੜਤਾਲ ਤੋਂ ਬਾਅਦ ਸਾਹਮਣੇ ਆ ਰਹੇ ਹਨ। ਹਾਲ ਹੀ ਵਿਚ ਇੱਥੇ ਹਲਕਾ ਵਿਧਾਇਕ ਨੇ ਜ਼ਹਿਰੀਲੇ ਪਾਣੀ ਦਾ ਟੈਂਕਰ ਫੜਿਆ। ਤੇ ਜੋ ਵੀ ਕੈਮੀਕਲ ਫੈਕਟਰੀਆਂ ਹਨ, ਇਨ੍ਹਾਂ ਦੀ ਜਾਂਚ ਪੜਤਾਲ ਕੀਤੀ। ਜੋ ਕਿ ਬਹੁਤ ਸ਼ਲਾਘਾਯੋਗ ਕਦਮ ਹੈ। ਹੋਰ ਤਾਂ ਹੋਰ ਅਖ਼ਬਾਰ ਵਿੱਚ ਖ਼ਬਰ ਵੀ ਪੜ੍ਹਨ ਨੂੰ ਮਿਲੀ ਕਿ ਕਿਸੇ ਫੈਕਟਰੀ ਦੇ ਦੂਸ਼ਿਤ ਪਾਣੀ ਦੇ ਨਿਕਾਸ ਲਈ ਧਰਤੀ ਹੇਠ ਡੂੰਘਾ ਬੋਰ ਕੀਤਾ ਹੋਇਆ ਹੈ। ਜਿਸ ਕਰਕੇ ਦੂਸ਼ਿਤ ਪਾਣੀ ਧਰਤੀ ਦੇ ਥੱਲੇ ਜਾ ਰਿਹਾ ਹੈ।

ਇਨ੍ਹਾਂ ਦਰਿੰਦਿਆਂ ਨੇ ਤਾਂ ਦਰਿਆਈ ਜੀਵਾਂ ਨੂੰ ਵੀ ਨਹੀਂ ਬਖਸ਼ਿਆ।ਹਾਲ ਹੀ ਵਿੱਚ ਖ਼ਬਰਾਂ ਵੀ ਆਈਆਂ ਕਿ ਫੈਕਟਰੀਆਂ ਦਾ ਗੰਦਾ ਪਾਣੀ ਟੋਭਿਆਂ ਵਿੱਚ ਗਿਆ ,ਜਿਸ ਕਾਰਨ ਪਸ਼ੂਆਂ ਦੀ ਵੀ ਮੌਤ ਹੋਈ । ਪੰਜਾਬ ਦੇ ਕਈ ਜ਼ਿਲ੍ਹੇ ਕੈਂਸਰ ਦੀ ਮਾਰ ਹੇਠ ਹਨ । ਕੈਮੀਕਲ ਦਰਿਆਵਾਂ, ਨਹਿਰਾਂ ਵਿੱਚ ਸੁੱਟਣ ਨਾਲ ਜੀਵ-ਜੰਤੂ ਵੀ ਮਰ ਜਾਂਦੇ ਹਨ। ਹਰ ਤਬਕਾ ਪ੍ਰਭਾਵਿਤ ਹੁੰਦਾ ਹੈ । ਅਸੀਂ ਬੇਜ਼ੁਬਾਨੇ ਜੀਵ-ਜੰਤੂਆਂ ਲਈ ਵੀ ਕਹਿਰ ਢਾਹ ਰਹੇ ਹਨ।

ਜਦੋਂ 2020 ਮਾਰਚ ਤਾਲਾਬੰਦੀ ਕਰ ਦਿੱਤੀ ਗਈ, ਤਾਂ ਸਾਰਾ ਵਾਤਾਵਰਣ ਸਾਫ਼-ਸੁਥਰਾ ਹੋ ਚੁੱਕਿਆ ਸੀ। ਨਿਜੀ ਸੁਆਰਥ ਖਾਤਰ ਮਨੁੱਖ ਕੁਦਰਤ ਨਾਲ ਲਗਾਤਾਰ ਖਿਲਵਾੜ ਕਰ ਰਿਹਾ ਹੈ। ਵੇਖਿਆ ਇਹ ਹੈ ਅਸੀਂ ਕਿ ਜਦੋਂ ਤਾਲਾਬੰਦੀ ਸੀ ਤਾਂ ਸਾਰੀ ਗਤੀਵਿਧੀਆਂ ਰੁਕ ਗਈਆਂ ਸਨ। ਫੈਕਟਰੀਆਂ ਵੀ ਬੰਦ ਹੋ ਗਈਆਂ ਸਨ। ਦਰਿਆ ਤੱਕ ਸਾਫ਼ ਹੋ ਚੁੱਕੇ ਸਨ। ਦਰਿਆਈ ਜੀਵ ਜੰਤੂਆਂ ਨੇ ਸੁੱਖ ਦਾ ਸਾਹ ਲਿਆ ਸੀ। ਕਿਉਂਕਿ ਕੈਮੀਕਲ ਬਿਲਕੁਲ ਵੀ ਦਰਿਆਵਾਂ ਵਿੱਚ ਨਹੀਂ ਜਾ ਰਿਹਾ ਸੀ। ਜਦੋਂ ਹੌਲੀ ਹੌਲੀ ਤਾਲਾਬੰਦੀ ਵਿੱਚ ਖੁੱਲ੍ਹ ਦਿੱਤੀ ਗਈ ਤਾਂ ਮਨੁੱਖ ਫਿਰ ਆਪਣੀਆਂ ਆਦਤਾਂ ਤੋਂ ਬਾਜ ਨਹੀਂ ਆਇਆ। ਉਸ ਨੇ ਫਿਰ ਆਪਣੇ ਨਿੱਜੀ ਸਵਾਰਥਾਂ ਖਾਤਰ ਕੁਦਰਤ ਨਾਲ ਜੀਵ ਜੰਤੂਆ ਨਾਲ ਛੇੜ-ਛਾੜ ਸ਼ੁਰੂ ਕਰ ਦਿੱਤੀ। ਪਿੱਛੇ ਜਿਹੇ ਖ਼ਬਰ ਵੀ ਪੜ੍ਹਨ ਨੂੰ ਮਿਲੀ ਸੀ ਕਿ ਬਿਆਸ ਦਰਿਆਵਾਂ ਵਿੱਚ ਡਾਲਫਿਨਾਂ ਮੱਛੀਆਂ ਦੀ ਮੌਤ ਹੋ ਗਈ। ਹੋਰ ਵੀ ਕਈ ਦਰਿਆਈ ਜੀਵ ਜੰਤੂ ਪ੍ਰਭਾਵਿਤ ਹੋਏ। ਵਿਚਾਰਨ ਵਾਲੀ ਗੱਲ ਹੈ ਕਿ ਇਸ ਧਰਤੀ ਤੇ ਸਿਰਫ਼ ਮਨੁੱਖ ਨੂੰ ਹੀ ਰਹਿਣ ਦਾ ਹੀ ਹੱਕ ਹੈ? ਕੀ ਗੱਲ ਮਨੁੱਖ ਆਪਣੀ ਪੱਕੀ ਵਸੀਅਤ ਕਰਵਾ ਕੇ ਆਇਆ ਹੈ। ਕੀ ਸਿਰਫ਼ ਧਰਤੀ ਤੇ ਮੈਂ ਹੀ ਰਹਿਣਾ ਹੈ? ਕਿਸੇ ਹੋਰ ਜੀਵ ਜੰਤੂ ਨੇ ਨਹੀਂ ਰਹਿਣਾ ਹੈ? ਇਸ ਧਰਤੀ ਤੇ ਜਿੰਨਾ ਮਨੁੱਖ ਦਾ ਹੱਕ ਹੈ, ਉਨ੍ਹਾਂ ਸਾਰੇ ਜੀਵ-ਜੰਤੂਆਂ ਦਾ ਹੱਕ ਹੈ। ਜੇ ਸਮਾਂ ਰਹਿੰਦੇ ਕੋਈ ਠੋਸ ਨੀਤੀ ਨਾ ਬਣਾਈ ਗਈ ਤਾਂ ਜਲਦ ਹੀ ਪੂਰਾ ਪੰਜਾਬ ਕੈਂਸਰ ਨਾਲ ਪ੍ਰਭਾਵਿਤ ਹੋ ਜਾਏਗਾ ।ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਕੋਲ ਇਹ ਮੁੱਦਾ ਉਠਾਉਣਾ ਚਾਹੀਦਾ ਹੈ, ਤਾਂ ਕਿ ਸਮਾਂ ਰਹਿੰਦਿਆਂ ਕੋਈ ਠੋਸ ਨੀਤੀ ਬਣਾ ਕੇ ਉਸ ਤੇ ਅਮਲ ਦਰਾਮਦ ਹੋ ਸਕੇ। ਅਤੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਰੁਕ ਸਕੇ ।ਸਭ ਨੂੰ ਸਮਝਣਾ ਚਾਹੀਦਾ ਹੈ ਕਿ ਸਿਹਤ ਹੀ ਅਸਲੀ ਧਨ ਦੌਲਤ ਹੈ ।

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ




# ਸਿੱਖ ਰਾਜ
## ਕਿਵੇਂ ਬਣਿਆ?

ਲੇਖਕ : ਗਿ: ਸੋਹਨ ਸਿੰਘ 'ਸੀਤਲ'

ਕਿਸ਼ਤ - 60

### ਕਸੂਰ ਉੱਤੇ ਚੜਾਈ

ਉਸ ਦੇ ਮਗਰ ਸ: ਚੜ੍ਹਤ ਸਿੰਘ ਸ਼ੁਕਰਚੱਕੀਆ ਆਪਣੀ ਮਿਸਲ ਸਣੇ ਲਗ ਤੁਰਿਆ। ਫੇਰ ਬਾਕੀ ਤਿੰਨੇ ਮਿਸਲਾਂ (ਰਾਮਗੜੀਏ, ਕਨ੍ਹਈਏ ਤੇ ਨਕਈ) ਵੀ ਸਾਥ ਹੋ ਪਈਆਂ। ਪੰਜ ਹਜ਼ਾਰ ਸਿਪਾਹੀ ਭੰਗੀ ਮਿਸਲ ਦੇ ਸਨ ਤੇ ਦਸ ਹਜ਼ਾਰ ਬਾਕੀ ਚੌਹਾਂ ਮਿਸਲਾਂ ਦੇ। ਇਹ ਪੰਦਰਾਂ ਹਜ਼ਾਰ ਸਿੰਘ ਅੰਮ੍ਰਿਤਸਰੋਂ ਤੁਰੇ, ਜੋ ਕਸੂਰ ਜਾਂਦਿਆਂ ਤਕ 24 ਹਜ਼ਾਰ ਹੋ ਗਏ। ਓਦੋਂ ਰੋਜ਼ਿਆਂ ਦੇ ਦਿਨ (ਜੇਠ੍ਹਮਈ, 1736 ਈ।) ਸਨ। ਸੋ ਸਿੰਘ ਦੁਪਹਿਰੇ ਖੁੱਲੇ ਬੂਹੀਂ ਕਸੂਰ ਵਿਚ ਜਾ ਵੜੇ। ਗਰਮੀ ਦੇ ਮਾਰੇ ਪਠਾਣ ਉਸ ਵੇਲੇ ਭੋਰਿਆਂ (ਸਰਦ- ਖ਼ਾਨਿਆਂ) ਵਿਚ ਸੁੱਤੇ ਪਏ ਸਨ।

### ਸਿੰਘਾਂ ਨੇ ਦੁਆਬਾ ਲੁੱਟਿਆ

ਪੰਥ ਵਿਰੋਧੀਆਂ ਦੇ ਘਰ ਸਾੜੇ, ਲੁੱਟੇ ਤੇ ਸਾਰਾ ਇਲਾਕਾ ਲੁੱਟ ਕੇ ਸਿੰਘ ਮਾਲਵੇ ਜਾ ਪੁੱਜੇ। 25 ਅਗਸਤ ਤੋਂ 24 ਸਤੰਬਰ ਤੱਕ੍ਇਕ ਮਹੀਨਾ-ਸਿੰਘ ਪਾਨੀਪਤ ਤੇ ਕਰਨਾਲ ਦੇ ਵਿਚਕਾਰ ਡੇਰੇ ਲਾਈ ਬੈਠੇ ਰਹੇ ਤੇ ਦੂਰੋਂ ਨੇੜਿਓਂ ਹਥਿਆਰ ਤੇ ਹੋਰ ਲੋੜੀਂਦਾ ਸਾਮਾਨ ਖ਼ਰੀਦ ਕੇ ਸਿੰਘਅੰਮਿਬਸਰ ਨੂੰ ਤੁਰ ਪਏ। ਅਕਤੂਬਰ ਚੜਦਿਆਂ ਹੀ ਸਿੰਘ ਮਾਝੇ ਵਿਚ ਆ ਪੁੱਜੇ। ਅਬਦਾਲੀ ਲਾਹੌਰ ਬੈਠਾ ਸੀ ਤੇ ਉਸ ਦੇ ਡੇਰੇ ਤੋਂ ਚਾਰ-ਪੰਜ ਮੀਲ ਦੀ ਵਿੱਥ ਤਕ ਸਿੰਘ ਧਾੜੇ ਮਾਰਦੇ ਫਿਰਦੇ ਸਨ।

### ਉਸਮਾਨ ਖਾਂ ਕਤਲ

ਦਰਵਾਜ਼ਿਆਂ ਉੱਤੇ ਆਪਣੀ ਫ਼ੌਜ ਖਲਾਰ ਸਿੰਘਾਂ ਸ਼ਹਿਰ ਵਿਚ ਕਤਲਾਮ ਸ਼ੁਰੂ ਕਰਦਿੱਤੀ। ਉਸਮਾਨਖ਼ਾਂ ਪੰਜ ਸੌ ਸਿਪਾਹੀਆਂ ਸਣੇ ਕਤਲ ਕਰ ਦਿੱਤਾ ਗਿਆ। ਫ਼ਰਯਾਦੀ ਪੰਡਤ ਦੀ ਪੰਡਤਾਣੀ ਉਸ ਦੇ ਹਵਾਲੇ ਕੀਤੀ ਗਈ। ਗ਼ੁਲਾਮ ਮਹੀਯੁੱਦੀਨਖ਼ਾਂ ਲੜ ਕੇ ਕਤਲ ਹੋਇਆ। ਉਸ ਦਾ ਭਤੀਜਾ ਹਮੀਦਖ਼ਾਂ ਸ: ਝੰਡਾ ਸਿੰਘ ਦੇ ਪੈਰੀਂ ਢਹਿ ਪਿਆ ਤੇ ਚਾਰ ਲੱਖ ਨਜ਼ਰਾਨਾ ਦੇ ਕੇ ਜਾਨ ਬਚਾ ਲਈ। ਪਠਾਣਾਂ ਦੇ ਹਾਰ ਜਾਣ 'ਤੇ ਸਿੰਘਾਂ ਨੇ ਸ਼ਹਿਰ ਵਿਚ ਲੁੱਟ ਮਚਾ ਦਿੱਤੀ।

### ਕਸੂਰ ਲੁੱਟਿਆ

ਤਿੰਨ ਦਿਨ ਸ਼ਹਿਰਲੁੱਟੀਂਦਾ ਰਿਹਾ। ਕਰੋੜਾਂ ਰੁਪੈ ਦਾਸੋਨਾ, ਚਾਂਦੀ, ਗਹਿਣੇ, ਹੀਰੇ, ਮੋਤੀ, ਸਿੰਘਾਂ ਦੇ ਹੱਥ ਲੱਗਾ। ਕਸੂਰ ਦੀ ਲੁੱਟ ਨਾਲ ਸਿੰਘ ਮਾਲਾ ਮਾਲ ਹੋ ਗਏ। ਕਸੂਰ ਦਾ ਦਿਲੇ ਰਾਮ ਸ਼ਾਹਜਹਾਨ ਦੀ ਬੇਗਮ ਦਾ ਦੀਵਾਨ ਰਿਹਾ ਸੀ।ਉਸ ਨੇ ਕਰੋੜਾਂ ਰੁਪੈ ਤੇ ਬੇਗਮ ਦਾ ਗਹਿਣਾ ਕਸੂਰ ਵਿਚ ਦੱਬਿਆ ਹੋਇਆ ਸੀ। ਉਸ ਵੇਲੇ ਉਸ ਦਾ ਪੋਤਰਾ ਹਿਰਦੇ ਰਾਮ ਓਥੇ ਮਾਲਕ ਸੀ।

### ਹਿਰਦੇ ਰਾਮ ਤੇ ਮਾਲੀ ਸਿੰਘ

ਉਸ ਦੀ ਹਵੇਲੀ ਨੂੰ ਮਾਲੀ ਸਿੰਘ (ਸ: ਜੱਸਾ ਸਿੰਘ ਰਾਮਗੜੀਏ ਦਾ ਭਰਾ) ਨੇ ਘੇਰ ਲਿਆ ਤੇ ਹਿਰਦੇ ਰਾਮ ਨੂੰ ਫੜ ਲਿਆ। ਉਸ ਨੇ ਇਹ ਬਚਨ ਲੈ ਕੇ, ਕਿ ਮਾਲੀ ਸਿੰਘ ਉਸ ਨੂੰ ਕਤਲ ਨਹੀਂ ਕਰੇਗਾ, ਪੌੜੀਆਂ ਹੇਠੋਂ ਇਕ ਸੰਦੂਕੜੀ ਕੱਢ ਕੇ ਦਿੱਤੀ, ਜਿਸ ਵਿਚ ਹੀਰੇ ਜਵਾਹਰ ਤੇ ਬੇਗਮ ਦੇ ਗਹਿਣੇ ਸਨ, ਜਿੰਨਾਂ ਦੀ ਕੀਮਤ ਪੰਜਾਹ ਲੱਖ ਤੋਂ ਉਪਰ ਦੱਸਦੇ ਹਨ। ਰਾਮਗੜੀਏ ਤੇ ਕਨ੍ਹਈਏ ਕੱਠੇ ਰਹਿੰਦੇ ਸਨ ਤੇ ਲੁੱਟ ਦਾ ਮਾਲ ਅੱਧੋ ਅੱਧ ਕਰ ਲਿਆ ਕਰਦੇ ਸਨ।

### ਰਾਮਗੜ੍ਹੀਆਂ ਤੇ ਕਨ੍ਹਈਆਂ ਵਿਚ ਵਿਗਾੜ

ਮਾਲੀ ਸਿੰਘ ਧਨ ਵੇਖ ਕੇ ਡੋਲ ਗਿਆ। ਉਹ ਇਕੱਲਾ ਹੀ ਸੰਦੂਕੜੀ ਆਪਣੇ ਡੇਰੇ ਲੈ ਗਿਆ।ਕਨ੍ਹਈਆਂ ਨੂੰ ਪਤਾ ਲਗਾ, ਤਾਂ ਉਹਨਾਂ ਉਸ ਧਨ ਵਿਚੋਂ ਹਿੱਸਾ ਮੰਗਿਆ। ਮਾਲੀ ਸਿੰਘ ਹਿੱਸਾ ਦੇਣ ਵਾਸਤੇ ਤਿਆਰ ਨਾ ਹੋਇਆ, ਤਾਂ ਕਨ੍ਹਈਏ ਲੜਨ ਵਾਸਤੇ ਤਿਆਰ ਹੋ ਗਏ। ਮਾਲੀ ਸਿੰਘ ਨੇ ਹਿਰਦੇ ਰਾਮ ਨਾਲ ਵੀ ਧਰੋਹ ਕੀਤਾ ਤੇ ਉਸ ਨੂੰ ਏਸ ਡਰ ਵਜੋਂ ਮਾਰ ਦਿੱਤਾ, ਕਿ ਉਹ ਸੰਦੂਕੜੀ ਬਾਰੇ ਕਿਸੇ ਨੂੰ ਦੱਸ ਨਾ ਦੇਵੇ। ਬਾਕੀ ਸਰਦਾਰਾਂ (ਖ਼ਾਸ ਕਰ ਚੜ੍ਹਤ ਸਿੰਘ) ਨੇ ਵਿਚ ਪੈ ਕੇ ਸੁਲਾ ਕਰਾ ਦਿੱਤੀ ਤੇ ਕੁਛ ਹਿੱਸਾ ਕਨ੍ਹਈਆਂ ਨੂੰ ਦੁਆ ਦਿੱਤਾ। ਮਾਲੀ ਸਿੰਘ ਦੇ ਮਰਨ ਪਿਛੋਂ ਉਹ ਧਨ ਕਿਸੇ ਢੰਗ ਨਾਲ ਸ: ਚੜ੍ਹਤ ਸਿੰਘ ਦੇ ਕਾਬੂ ਆ ਗਿਆ'1 ਕਸੂਰ ਲੁੱਟ ਕੇ, ਸਿੰਘ ਫ਼ਤਹਿ ਦੇ ਵਾਜੇ ਵਜਾਉਂਦੇ ਅੰਮ੍ਰਿਤਸਰ ਆ ਪੁੱਜੇ ਬੁੱਢੇ ਦਲ ਦੀਆਂ ਛੀਏ ਮਿਸਲਾਂ ਦੁਆਬਾ ਜਲੰਧਰ ਉੱਤੇ ਜਾ ਪਈਆਂ।

### ਬੁੱਢਾ ਦਲ ਦੁਆਬੇ ਵਿਚ

ਜਲੰਧਰ ਦਾ ਫ਼ੌਜਦਾਰ ਸਆਦਤਯਾਰਖ਼ਾਂ ਸਿੰਘਾਂ ਤੋਂ ਡਰਦਾਸ਼ਹਿਰੋਂ ਬਾਹਰ ਨਹੀਂ ਸੀ ਨਿਕਲਦਾ। ਸਾਰਾ ਇਲਾਕਾ ਸਿੱਖ ਸਰਦਾਰਾਂ ਨੇ ਮੱਲ ਲਿਆ। ਆਕੀਆਂ ਨੂੰ ਚੰਗੀ ਤਰਾਂ ਨੁਆਇਆ ਤੇ ਵਿਰੋਧੀਆਂ ਤੋਂ ਬਦਲੇ ਲਏ। ਜੂਨ ਤੋਂ ਸਤੰਬਰ ਤਕ ਬੁੱਢਾ ਦਲ ਏਥੇ ਹੀ ਰਿਹਾ।

### ਜਾਅਫਰਬੇਗ

ਦੀਨਾ ਨਗਰ ਦਾ ਮਾਲਕ ਓਦੋਂ ਅਦੀਨਾਬੇਗ ਦਾ ਪੁੱਤਰ ਜਾਅਫਰਬੇਗ ਸੀ। ਸਿੰਘਾਂ ਦੀ ਚੜ੍ਹਦੀ ਕਲਾ ਵੇਖ ਕੇ ਉਸਨੂੰ ਫ਼ਿਕਰ ਪੈ ਗਿਆ ਤੇ ਉਹ ਲੜਾਈ ਦੀ ਤਿਆਰੀ ਕਰਨ ਲੱਗਾ। ਉਸ ਨੇ ਆਪਣੀ ਮਦਦ ਵਾਸਤੇ ਪਸਰੂਰ ਦੇ ਖ਼ਾਨ ਮੁਹੰਮਦ ਤੇ ਕਲਾਨੌਰ ਦੇ ਨੂਰਦੀਨ ਨੂੰ ਬੁਲਾ ਲਿਆ।ਉਸਦਾ ਵੱਡਾ ਸਲਾਹਕਾਰ ਉਸਦਾ ਦੀਵਾਨ ਸ਼ਿਵ ਦਿਆਲ (ਪੁਰਾਣੇ ਦੀਵਾਨ ਬਿਸ਼ੰਭਰ ਦਾਸ ਦਾ ਪੁੱਤਰ) ਸੀ। ਉਹਨਾਂ ਦੀ ਖ਼ਬਰ ਅੰਮ੍ਰਿਤਸਰ ਪੁੱਜੀ, ਤਾਂ ਤਰਨਾ ਦਲ ਤਿਆਰ ਹੋ ਪਿਆ। ਸਾਵਣ ਦੇ ਮਹੀਨੇ ਦੋਹਾਂ ਦਲਾਂ ਦਾ ਬਟਾਲੇ ਕੋਲ ਟਾਕਰਾ ਹੋ ਗਿਆ।

### ਬਟਾਲੇ ਦੀ ਲੜਾਈ

ਬੜੀ ਲਹੂ ਡੋਲਵੀਂ ਲੜਾਈ ਹੋਈ। ਸ: ਚੜ੍ਹਤ ਸਿੰਘ ਹੱਥੋਂ ਨੂਰਦੀਨ ਤੇ ਸ: ਪਹਾੜਾ ਸਿੰਘ ਦੇ ਹੱਥੋਂ ਦੀਵਾਨ ਸ਼ਿਵ ਦਿਆਲ ਕਤਲ ਹੋ ਗਏ। ਖ਼ਾਨ ਮੁਹੰਮਦ ਵੀ ਏਸੇ ਲੜਾਈ ਵਿਚ ਮਰਿਆ ਗਿਆ। ਜਾਅਫ਼ਰਬੇਗ ਲੜਾਈ ਵਿਚ ਹਾਰ ਕੇ ਤੇ ਜਾਨ ਬਚਾ ਕੇ ਨੱਸ ਗਿਆ। ਸਿੰਘਾਂ ਨੇ ਸਾਰੇ ਇਲਾਕੇ ਉੱਤੇ ਕਬਜ਼ਾ ਕਰ ਲਿਆ। ਚਾਰ ਨਵੰਬਰ, 1763 ਈ। ਨੂੰ ਦੀਵਾਲੀ ਸੀ। ਦੋਵੇਂ ਦਲ ਅੰਮ੍ਰਿਤਸਰ ਕੱਠੇ ਆ ਹੋਏ। ਸਰੋਵਰ ਸਾਫ਼ ਹੋ ਚੁੱਕਾ ਸੀ, ਤੇ ਹਰਿਮੰਦਰ ਸਾਹਿਬ ਦੀਆਂ ਨੀਂਹਾਂ ਰੱਖਣ ਦੀਆਂ ਸਲਾਹੀ ਹੋ ਰਹੀਆਂ ਸਨ। ਕਈਆਂ ਸਰਦਾਰਾਂ ਦੀ ਸਲਾਹ ਸੀ, ਕਿ ਅਬਦਾਲੀ ਦਾ ਇਕ ਹਮਲਾ ਹੋਰ ਵੇਖ ਕੇ ਹੀ ਹਰਿਮੰਦਰ ਸਾਹਿਬ ਬਣਾਇਆ ਜਾਵੇ, ਪਰ ਬਾਕੀ ਸਰਦਾਰਾਂ ਨੇ ਸਲਾਹ ਦਿੱਤੀ, ਕਿ ਕੰਮ ਆਰੰਭ ਦੇਣਾ ਚਾਹੀਦਾ ਹੈ।

- ਚਲਦਾ

# ਹੁਕਮਨਾਮੇ : ਸਿੱਖ ਇਤਿਹਾਸ ਦੇ ਸਮਕਾਲੀ ਦਸਤਾਵੇਜ਼

ਹੁਕਮਨਾਮੇ ਸਿੱਖ ਇਤਿਹਾਸ ਦੀਆਂ ਸਮੱਸਿਆਵਾਂ ਅਤੇ ਘਟਨਾਵਾਂ ਨੂੰ ਸਮਝਣ ਦਾ ਮਹੱਤਵਪੂਰਨ ਸਰੋਤ ਹਨ ਜਿਹੜੇ ਕਿ ਪੁਰਾਤਨ ਸਿੱਖਾਂ ਦੇ ਹਾਲਾਤ, ਗੁਰੂ ਸਾਹਿਬਾਨ ਪ੍ਰਤੀ ਵਿਸ਼ਵਾਸ ਅਤੇ ਉਹਨਾਂ ਦੁਆਰਾ ਦ੍ਰਿੜ ਕਰਾਏ ਗਏ ਸਿਧਾਂਤਾਂ ਦਾ ਭਾਵਪੂਰਤ ਪ੍ਰਗਟਾਵਾ ਕਰਦੇ ਹਨ। ਇਹਨਾਂ ਤੋਂ ਇਲਾਵਾ ਉਹ ਹੁਕਮਨਾਮੇ ਵੀ ਸਿੱਖ ਇਤਿਹਾਸ ਦਾ ਅੰਗ ਹਨ ਜਿਹੜੇ ਕਿ ਗੁਰੂ ਸਾਹਿਬਾਨ, ਗੁਰੂ ਮਹਿਲਾਂ ਅਤੇ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਜਾਰੀ ਕੀਤੇ ਜਾਂਦੇ ਰਹੇ ਹਨ। ਮੌਜੂਦਾ ਸਮੇਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮੇ ਜਾਰੀ ਕਰਨ ਦੀ ਪਰੰਪਰਾ ਨਿਰੰਤਰ ਜਾਰੀ ਹੈ।

ਭਾਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਰੋਜ਼ਾਨਾਂ ਹੁਕਮਨਾਮਾ ਲੈਣ ਦੀ ਪਰੰਪਰਾ ਸਿੱਖ ਧਰਮ ਵਿਚ ਪ੍ਰਚੱਲਿਤ ਹੈ ਪਰ ਜਿਹੜੇ ਹੁਕਮਨਾਮਿਆਂ ਸੰਬੰਧੀ ਵਿਚਾਰ ਕੀਤੀ ਜਾ ਰਹੀ ਹੈ ਉਹ ਸਿੱਖਾਂ ਨੂੰ ਧਾਰਮਿਕ ਇਕਸੁਰਤਾ ਅਤੇ ਸਮਾਜਿਕ ਇਕਜੁੱਟਤਾ ਵਿਚ ਪਰੋ ਕੇ ਰੱਖਣ ਦਾ ਕਾਰਜ ਕਰਦੇ ਹਨ। ਇਹਨਾਂ ਹੁਕਮਨਾਮਿਆਂ ਦਾ ਆਧਾਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਮੰਨਿਆ ਜਾਂਦਾ ਹੈ ਜਿਹੜੀ ਕਿ ਇਕ ਸਿੱਖ ਨੂੰ ਅਧਿਆਤਮਿਕ ਮਾਰਗ 'ਤੇ ਲਿਜਾਣ ਅਤੇ ਦੁਨਿਆਵੀ ਸਰੋਕਾਰਾਂ ਪ੍ਰਤੀ ਸੁਚੇਤ ਕਰਦੀ ਹੈ। ਪਿਛਲੇ ਸਮੇਂ ਵਿਚ ਹੁਕਮਨਾਮਿਆਂ ਸੰਬੰਧੀ ਜਿਹੜੇ ਕਾਰਜ ਸਾਹਮਣੇ ਆਏ ਹਨ ਉਹਨਾਂ ਵਿਚੋਂ ਡਾ. ਗੰਡਾ ਸਿੰਘ ਅਤੇ ਸ. ਸਮਸ਼ੇਰ ਸਿੰਘ ਅਸ਼ੋਕ ਦੁਆਰਾ ਸੰਪਾਦਿਤ ਕੀਤੇ ਗਏ ਹੁਕਮਨਾਮਿਆਂ ਨੂੰ ਪ੍ਰਮੁੱਖ ਸਥਾਨ ਪ੍ਰਦਾਨ ਕੀਤਾ ਜਾਂਦਾ ਹੈ। ਇਹ ਸਮਝਿਆ ਜਾਂਦਾ ਰਿਹਾ ਹੈ ਕਿ ਲਗਪਗ ਸਮੂਹ ਹੁਕਮਨਾਮੇ ਇਹਨਾਂ ਪੁਸਤਕਾਂ ਰਾਹੀਂ ਸਾਹਮਣੇ ਆ ਗਏ ਹਨ ਪਰ ਸਿੱਖ ਵਿਦਵਾਨ ਨਿਰੰਤਰ ਯਤਨ ਕਰਦੇ ਰਹੇ ਕਿ ਨਵੇਂ ਹੁਕਮਨਾਮੇ ਵੀ ਲੱਭੇ ਜਾ ਸਕਦੇ ਹਨ ਅਤੇ ਕੁੱਝ ਇਕ ਵਿਦਵਾਨਾਂ ਨੇ ਇਸ ਦਿਸ਼ਾ ਵਿਚ ਯਤਨ ਵੀ ਕੀਤਾ ਹੈ।

ਮੌਜੂਦਾ ਸਮੇਂ ਵਿਚ ਹੁਕਮਨਾਮੇ : ਸਿੱਖ ਇਤਿਹਾਸ ਦੇ ਸਮਕਾਲੀ ਦਸਤਾਵੇਜ਼ ਸਿਰਲੇਖ ਅਧੀਨ ਇਕ ਨਵੀਂ ਪੁਸਤਕ ਸਾਹਮਣੇ ਆਏ ਹੈ ਜਿਹੜੀ ਕਿ ਡਾ. ਬਲਵੰਤ ਸਿੰਘ ਢਿੱਲੋਂ ਦੀ ਰਚਨਾ ਹੈ। ਇਹ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਕਾਰਜਸ਼ੀਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਦੇ ਡਾਇਰੈਕਟਰ ਦੀ ਪਦਵੀ ਤੋਂ ਸੇਵਾ ਮੁਕਤ ਹੋਏ ਹਨ। ਇਹਨਾਂ ਨੇ ਆਪਣਾ ਸਾਰਾ ਜੀਵਨ ਗੁਰੂ ਸਾਹਿਬਾਨ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਸੰਬੰਧੀ ਤੱਥਾਂ ਨੂੰ ਸਮਝਣ ਅਤੇ ਉਹਨਾਂ ਨੂੰ ਵਿਗਿਆਨਕ ਢੰਗ ਨਾਲ ਪੇਸ਼ ਕਰਨ ਵਿਚ ਲਗਾਇਆ ਹੈ। ਗੁਰਮੁਖੀ, ਅੰਗਰੇਜ਼ੀ, ਦੇਵਨਾਗਰੀ ਅਤੇ ਉਰਦੂ ਭਾਸ਼ਾ ਦੇ ਨਾਲ-ਨਾਲ ਫ਼ਾਰਸੀ ਅਤੇ ਰਾਜਸਥਾਨੀ ਭਾਸ਼ਾ ਦੇ ਗਿਆਨ ਨੇ ਇਹਨਾਂ ਦੇ ਅਧਿਐਨ ਨੂੰ ਹੋਰ ਵਧੇਰੇ ਪ੍ਰਚੰਡ ਕੀਤਾ ਹੈ। ਸਿੱਖ ਇਤਿਹਾਸ ਦੇ ਮਹੱਤਵਪੂਰਨ ਅਤੇ ਅਣਗੌਲੇ ਸਰੋਤਾਂ ਸੰਬੰਧੀ ਇਹਨਾਂ ਦੀਆਂ ਇਕ ਦਰਜਨ ਤੋਂ ਵਧੇਰੇ ਪੁਸਤਕਾਂ ਸਿੱਖ ਅਧਿਐਨ ਦਾ ਸ਼ਿੰਗਾਰ ਹਨ।



ਹੁਕਮਨਾਮਿਆਂ ਸੰਬੰਧੀ ਹਥਲੀ ਪੁਸਤਕ ਵਿਚ ਗੁਰੂ ਹਰਿਗੋਬਿੰਦ ਸਾਹਿਬ, ਬਾਬਾ ਗੁਰਦਿੱਤਾ ਜੀ, ਗੁਰੂ ਹਰਿਕ੍ਰਿਸ਼ਨ ਜੀ, ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ, ਬਾਬਾ ਬੰਦਾ ਸਿੰਘ ਬਹਾਦਰ, ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਦੇਵੀ ਜੀ, ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਪਟਨਾ ਸਾਹਿਬ, ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ ਨਾਂਦੇੜ ਤੋਂ ਸਮੇਂ-ਸਮੇਂ 'ਤੇ ਜਾਰੀ ਕੀਤੇ ਗਏ 144 ਹੁਕਮਨਾਮੇ ਸ਼ਾਮਲ ਹਨ। ਇਸ ਪੁਸਤਕ ਵਿਚ ਜਿਹੜੇ ਹੁਕਮਨਾਮੇ ਸ਼ਾਮਲ ਕੀਤੇ ਗਏ ਹਨ ਉਹਨਾਂ ਵਿਚ ਆਖਰੀ ਹੁਕਮਨਾਮਾ 4 ਫ਼ਰਵਰੀ 1862 ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਜਾਰੀ ਕੀਤਾ ਗਿਆ ਸੀ। ਇਸ ਤਰ੍ਹਾਂ ਇਸ ਪੁਸਤਕ ਵਿਚ ਲਗਪਗ 250 ਸਾਲ ਵਿਚ ਜਾਰੀ ਕੀਤੇ ਗਏ ਹੁਕਮਨਾਮੇ ਸ਼ਾਮਲ ਹਨ ਜਿਹੜੇ ਕਿ ਸਿੱਖ ਧਰਮ ਅਤੇ ਇਤਿਹਾਸ ਦੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੇ ਹਨ।

ਲੇਖਕ ਨੇ ਪ੍ਰਾਪਤ ਹੋਏ ਹੁਕਮਨਾਮਿਆਂ ਨੂੰ ਅਸਲ ਰੂਪ ਵਿਚ ਪੇਸ਼ ਕਰਦੇ ਹੋਏ ਇਹਨਾਂ ਦਾ ਵਿਸਤ੍ਰਿਤ ਵਿਸ਼ਲੇਸ਼ਣ ਵੀ ਕੀਤਾ ਹੈ ਤਾਂ ਕਿ ਇਹਨਾਂ ਨੂੰ ਸੁਖੈਨ ਢੰਗ ਨਾਲ ਸਮਝਿਆ ਜਾ ਸਕੇ। ਖੁੱਲ੍ਹੇ ਮਨ ਨਾਲ ਉਹਨਾਂ ਸਮੂਹ ਸਰੋਤਾਂ ਦਾ ਜ਼ਿਕਰ ਕੀਤਾ ਹੈ ਜਿੱਥੋਂ ਇਹ ਹੁਕਮਨਾਮੇ ਪ੍ਰਾਪਤ ਹੋਏ ਹਨ ਜਾਂ ਜਿਹੜੇ ਪਰਿਵਾਰਾਂ ਕੋਲ ਇਹ ਸੰਭਾਲ ਕੇ ਰੱਖੇ ਹੋਏ ਸਨ। ਇਹਨਾਂ ਵਿਚ ਕੁੱਝ ਇਕ ਹੁਕਮਨਾਮੇ ਐਸੇ ਹਨ ਜਿਹੜੇ ਇਤਿਹਾਸ ਦੀਆਂ ਗੁੰਝਲਾਂ ਖੋਲਣ ਦਾ ਕਾਰਜ ਕਰਦੇ ਹਨ ਜਿਵੇਂ ਬਾਬਾ ਬੁੱਢਾ ਜੀ ਦੇ ਪਰਿਵਾਰ ਨੂੰ ਲਿਖੇ ਹੋਏ 7 ਨੰ. ਹੁਕਮਨਾਮੇ ਦਾ ਵਿਸ਼ਲੇਸ਼ਣ ਕਰਦੇ ਹੋਏ ਲੇਖਕ ਦੱਸਦਾ ਹੈ ਕਿ ਇਹ ਹੁਕਮਨਾਮਾ ਬਾਬਾ ਬਕਾਲਾ ਵਿਖੇ ਪੈਦਾ ਹੋਈ ਸੰਕਟਮਈ ਸਥਿਤੀ ਨੂੰ ਬਿਆਨ ਕਰਦਾ ਹੈ। 45 ਨੰ. ਹੁਕਮਨਾਮੇ ਵਿਚ ਸਾਹਜਾਦਪੁਰ ਵਿਖੇ ਗੁਰੂ ਤੇਗ ਬਹਾਦਰ ਜੀ ਦੇ ਡੇਰਾ ਕਰਨ ਦੀ ਜਾਣਕਾਰੀ ਮਿਲਦੀ ਹੈ ਜਿਸ ਤੋਂ ਉਹਨਾਂ ਦੀ ਪਟਨਾ ਤੋਂ ਢਾਕਾ ਦੀ ਯਾਤਰਾ ਦਾ ਮਾਰਗ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਜੀ ਮੁੰਗੇਰ, ਸਾਹਜਾਦਪੁਰ ਦੇ ਰਸਤਿਓਂ ਢਾਕਾ ਗਏ ਸਨ। ਕਈ ਗੁਰਮੁਖੀ ਸਰੋਤਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 1661 ਦਾ ਦੱਸਿਆ ਗਿਆ ਹੈ ਪਰ ਸਿੱਖ ਪੰਥ ਵਿਚ ਇਹ ਮਿਤੀ 1666 ਦੱਸੀ ਗਈ ਹੈ। ਹੁਕਮਨਾਮਾ ਨੰ. 46 ਅਤੇ 47 ਵਿਚੋਂ ਦਸਮੇਸ਼ ਪਿਤਾ ਜੀ ਦੇ ਪ੍ਰਕਾਸ਼ ਦੀ ਜਾਣਕਾਰੀ ਉਹਨਾਂ ਦਾ ਪ੍ਰਕਾਸ਼ 1666 ਵਿਚ ਹੋਇਆ ਸਿੱਧ ਕਰਦੀ ਹੈ।

ਹੁਕਮਨਾਮਿਆਂ ਦਾ ਵਿਸ਼ਲੇਸ਼ਣ ਕਰਦਿਆਂ ਇਤਿਹਾਸ ਦਾ ਇਕ ਹੋਰ ਅਜਿਹਾ ਅੰਸ਼ ਪ੍ਰਗਟ ਕੀਤਾ ਗਿਆ ਹੈ ਜਿਹੜਾ ਕਿ ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਬਖ਼ਸ਼ਣ ਦੀ ਪ੍ਰੋੜਤਾ ਕਰਦਾ ਹੈ। ਗੁਰੂ ਹਰਿਕ੍ਰਿਸ਼ਨ ਜੀ ਦੇ ਹੁਕਮਨਾਮੇ ਵਿਚ ਪਾਕਪਟਨ ਦੇ ਭਾਈ ਬੱਠਾ ਦਾ ਜ਼ਿਕਰ ਆਇਆ ਹੈ ਜਿਹੜਾ ਕਿ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਵੀ ਉਸ ਇਲਾਕੇ ਦਾ ਮੁਖੀ ਸਿੱਖ ਸੀ। ਲੇਖਕ ਦੱਸਦਾ ਹੈ ਕਿ ਦੋਵੇਂ ਗੁਰੂ ਸਾਹਿਬਾਨ ਦੇ ਸਮੇਂ ਇਕੋ ਲਿਖਾਰੀ ਹੀ ਹੁਕਮਨਾਮੇ ਲਿਖਣ ਦੀ ਸੇਵਾ ਕਰ ਰਿਹਾ ਸੀ ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਅੱਠਵੇਂ ਪਾਤਸ਼ਾਹ ਦੇ ਦੀਵਾਨ, ਮੁਸੱਦੀਆਂ ਤੇ ਅਮਲੇ ਦੀਆਂ ਨਜ਼ਰਾਂ ਵਿਚ ਗੁਰੂ ਤੇਗ ਬਹਾਦਰ ਜੀ ਗੁਰਿਆਈ ਦੇ ਸਹੀ ਤੇ ਜਾਇਜ਼ ਵਾਰਸ ਸਨ, ਜਦੋਂ ਕਿ ਉਤਰਾਧਿਕਾਰ ਬਾਰੇ ਧੀਰ ਮੱਲ ਦੀ ਦਾਅਵੇਦਾਰੀ ਖ਼ੁਦਗਰਜ਼ੀ ਤੋਂ ਪ੍ਰੇਰਿਤ ਸੀ।

ਇਸੇ ਤਰ੍ਹਾਂ ਲਖਨਊ ਦੇ ਅਹੀਆ ਗੰਜ ਗੁਰਦੁਆਰੇ ਵਿਚ ਸੰਭਾਲ ਕੇ ਰੱਖੇ ਹੋਏ ਹੁਕਮਨਾਮੇ (ਨੰ. 93) 'ਤੇ ਲੱਗੀ ਹੋਈ ਮੋਹਰ ਦਾ ਜ਼ਿਕਰ ਕੀਤਾ ਗਿਆ ਹੈ ਜਿਸ 'ਤੇ ਇਹ ਇਬਾਰਤ ਲਿਖੀ ਹੋਈ ਹੈ '੧ਓ ਸਤਿਗੁਰ ਪ੍ਰਸਾਦਿ (ਦੇਗ ਤੇਗ ਫਤਿਹ) ਨੁਸਰਤ ਬੇਦਰੰਗ ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ਸ੍ਰੀ ਅਕਾਲ ਪੁਰਖ ਸਹਾਇ।' ਹੁਣ ਤੱਕ ਇਤਿਹਾਸਕਾਰਾਂ ਵੱਲੋਂ ਇਹ ਮੰਨਿਆ ਜਾਂਦਾ ਰਿਹਾ ਹੈ ਕਿ ਇਹ ਇਬਾਰਤ ਬਾਬਾ ਬੰਦਾ ਸਿੰਘ ਬਹਾਦਰ ਦੀ ਮੋਹਰ 'ਤੇ ਲੱਗੀ ਹੋਈ ਸੀ। ਇਸ ਤੋਂ ਇਲਾਵਾ ਹੋਰਨਾਂ ਸ਼ਸਤਰਾਂ ਅਤੇ ਸਾਹਤਿਕ ਕ੍ਰਿਤਾਂ ਦੇ ਹਵਾਲਿਆਂ ਨਾਲ ਇਹ ਸਿੱਧ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਸਭ ਤੋਂ ਪਹਿਲਾਂ ਇਹ ਇਬਾਰਤ ਦਸਮ ਪਾਤਸ਼ਾਹ ਵੱਲੋਂ ਲਿਖੀ ਗਈ ਸੀ।

ਹੁਕਮਨਾਮਿਆਂ ਵਿਚੋਂ ਸਿੱਖਾਂ ਦੇ ਆਚਾਰ, ਵਿਹਾਰ, ਪਾਸਾਰ ਅਤੇ ਮਨਾਏ ਜਾਂਦੇ ਤਿਉਹਾਰਾਂ ਦਾ ਜ਼ਿਕਰ ਮਿਲਦਾ ਹੈ। ਕੁੱਝ ਹੁਕਮਨਾਮੇ ਅਜਿਹੇ ਵੀ ਹਨ ਜਿਨ੍ਹਾਂ ਵਿਚ ਗੁਰੂ ਸਾਹਿਬ ਵੱਲੋਂ 100 ਤੋਲੇ ਸੋਨਾ, 700 ਰੁਪਏ, 900 ਰੁਪਏ ਆਦਿ ਭਾਰੀ ਮਾਇਆ ਦੀ ਮੰਗ ਕੀਤੀ ਗਈ ਹੈ। ਇਸ ਦੇ ਦੋ ਕਾਰਨ ਹੋ ਸਕਦੇ







**ਲੇਖਕ : ਹਰੀ ਕ੍ਰਿਸ਼ਨ ਮਾਇਰ**

ਪਿੰਡ ਦੇ ਬਾਹਰਵਾਰ ਨਹਿਰ ਵਗਦੀ ਸੀ।ਨਹਿਰ ਦੇ ਪੁਲ ਲਾਗੇ ਝੁੱਗੀਆਂ ਸਨ।ਝੁੱਗੀਆਂ ਮੂਹਰੇ ਇੱਟਾਂ ਦੇ ਬਣੇ ਚੁੱਲ੍ਹਿਆਂ ਵਿੱਚੋਂ ਰੋਜ ਧੂੰਆਂ ਹਵਾ ਵਿੱਚ ਉੱਡਦਾ।ਕਾਲੇ ਕਲੂਟੇ ਜੁਆਕ ਨਹਿਰ ਦੇ ਪੁਲ ਤੇ ਚੜ੍ਹੇ ਹੁੰਦੇ।ਮੋਤੀ ਉਨ੍ਹਾਂ ਵਿੱਚ ਸਭ ਨਾਲ਼ੋਂ ਛੋਟਾ ਸੀ।

ਸਕੂਲ ਨੂੰ ਜਾਣ ਵਾਲੀ ਬੱਘੀ ਜਦੋਂ ਨਹਿਰ ਦੇ ਪੁਲ ਉੱਪਰੋਂ ਲੰਘਦੀ, ਮੋਤੀ ਝੁੱਗੀ 'ਚੋ ਬਾਹਰ ਨਿਕਲ ਆਉਂਦਾ । ਬੱਘੀ ਵਿੱਚ ਬੈਠੇ ਬੱਚਿਆਂ ਨੂੰ ਬੜੀ ਰੀਝ ਨਾਲ ਦੇਖਦਾ।ਉਸ ਨੂੰ ਵਰਦੀਆਂ ਵਿੱਚ ਸਜੇ ਸੰਵਰੇ ਬੱਚੇ ਬੜੇ ਸੁਹਣੇ ਲੱਗਦੇ ਸਨ।

ਫੁੱਲਾਂ ਵਾਂਗ ਹਸੂੰ ਹਸੂੰ ਕਰਦੇ।ਮੋਤੀ ਮਨੋਮਨ ਸਕੂਲ ਜਾਣ ਦਾ ਸੁਪਨਾ ਦੇਖਣ ਲੱਗਾ।ਇਕ ਦਿਨ ਮੋਤੀ ਬਾਪੂ ਨੂੰ ਕਹਿੰਦਾ," ਮੈਂ ਵੀ ਬੱਘੀ ਵਿੱਚ ਬੈਠ ਕੇ ਸਕੂਲ ਜਾਊਗਾ।"

ਬਾਪੂ ਮੋਤੀ ਨੂੰ ਘੂਰਦਾ ਹੋਇਆ ਬੋਲਿਆਂ," ਤੇਰਾ ਕੋਈ ਵਡੇਰਾ ਕਦੀ ਸਕੂਲ ਨਹੀਂ ਗਿਆ, ਤੂੰ ਕਿਵੇਂ ਸੋਚ ਲਿਆ ਐਸੀ ਬੇਕਾਰ ਜਗ੍ਹਾ ਤੇ ਜਾਣ ਬਾਰੇ।"

ਬਾਪੂ ਤੋਂ ਡਰਦਾ ਮੋਤੀ ਮਾਂ ਕੋਲ ਜਾ ਕੇ ਖਲੋ ਗਿਆ।ਮਾਂ ਦੇ ਕੰਨ ਕੋਲ ਹੌਲੀ ਦੇਣੀ ਬੋਲਿਆ," ਮੈਂ ਵੀ ਉਨ੍ਹਾਂ ਵਰਗੀ ਵਰਦੀ ਪਾਉਣੀ ਆ, ਬੂਟ ਪਾਉਣੇ ਨੇ।"

ਮਾਂ ਦੀਆਂ ਅੱਖਾਂ ਵਿੱਚ ਬੇਵਸੀ ਦਾ ਪਾਣੀ ਤੈਰ ਗਿਆ।ਉਸ ਨੂੰ ਪਤਾ ਸੀ ਕਿ ਮੋਤੀ ਦਾ ਬਾਪੂ ਅੜਬ ਸੁਭਾਅ ਦਾ ਸੀ।

ਸਕੂਲ ਬਾਰੇ ਬਾਪੂ ਦੀ ਕਹੀ ਗੱਲ ,ਅਜੇ ਵੀ ਮੋਤੀ ਦੇ ਮਨ ਵਿੱਚ ਧੁਖ ਰਹੀ ਸੀ।ਬਾਪੂ ਮੋਤੀ ਦੀ ਮਾਂ ਕੋਲ ਆ ਕੇ ਬੋਲਣ ਲੱਗਾ," ਐਥੇ ਢਿੱਡ ਭਰਨ ਦਾ ਜੁਗਾੜ ਨਹੀਂ ਜੁੜਦਾ, ਇਹ ਬੱਘੀ ਵਿੱਚ ਬੈਠਣ ਨੂੰ ਫਿਰਦਾ।" ਫਿਰ ਉਸ ਨੇ ਉੱਚੀ ਸੁਰ ਵਿੱਚ ਮੋਤੀ ਨੂੰ ਕਿਹਾ," ਚੱਲ ਓਏ ਆਪਣੇ ਭਾਈਆਂ ਨਾਲ ਨਹਿਰ ਤੋਂ ਮੱਛੀਆਂ ਪਕੜ ਕੇ ਲਿਆ।"

ਨਹਿਰ ਤੇ ਕਈ ਕਾਰਾਂ ਸਕੂਟਰਾਂ ਵਾਲੇ ਆਉਂਦੇ ।ਨਾਰੀਅਲ ਤਾਰ ਜਾਂਦੇ।ਹੋਰ ਨਿੱਤ ਸੁੱਕ ਜਲ ਪ੍ਰਵਾਹ ਕਰ ਜਾਂਦੇ।

ਝੁੱਗੀਆਂ ਵਾਲੇ ਮੁੰਡੇ ਝੱਟ ਛਾਲਾਂ ਮਾਰਦੇ ਅਤੇ ਨਾਰੀਅਲ ਬਾਹਰ ਕੱਢ ਲਿਆਉਂਦੇ।ਉਧੇੜ ਕੇ ਭੰਨ ਲੈਂਦੇ।ਗਿਰੀ ਵੰਡ ਲੈਂਦੇ।ਕੋਈ ਉਨ੍ਹਾਂ ਨੂੰ ਪੁੱਛਦਾ," ਲੋਕ ਤਾਂ ਦੁੱਖਾਂ ਤੋਂ ਛੁਟਕਾਰਾ ਪਾਣ ਲਈ ਨਾਰੀਅਲ ਤਾਰਦੇ ਨੇ, ਤੁਸੀਂ ਕੱਢ ਕੇ ਗਿਰੀ ਖਾ ਜਾਂਦੇ ਹੋ। ਤੁਹਾਨੂੰ ਪਾਪ ਨਹੀਂ ਲੱਗਦਾ?"

"ਭੁੱਖ ਮੂਹਰੇ ਪਾਪ ਤੇ ਪੁੰਨ ਦੇ ਕੋਈ ਮਾਇਨੇ ਨਹੀਂ ਹੁੰਦੇ।" ਉਨ੍ਹਾਂ 'ਚੋ ਵੱਡੀ ਉਮਰ ਦਾ ਇਕ ਮੁੰਡਾ ਬੋਲਿਆ।ਮੁੜ ਕੇ ਉਨ੍ਹਾਂ ਨੂੰ ਕੋਈ ਸਵਾਲ ਹੀ ਨਾਂ ਪੁੱਛਦਾ।

ਇਕ ਦਿਨ ਮੈਂ ਦੇਖਿਆ ਸ਼ਾਮੀਂ ਝੁੱਗੀਆਂ ਵਾਲੇ ਮੁੰਡੇ ਲੰਬੀ ਸੋਟੀ ਨਾਲ ਜਾਲੀਦਾਰ ਥੈਲਾ ਬੰਨ ਕੇ,ਨਹਿਰ ਵਿੱਚ ਲਟਕਾਈ ਬੈਠੇ ਸਨ।ਮੈਂ ਉਨ੍ਹਾਂ ਦੇ ਕੋਲ ਚਲਾ ਗਿਆ।ਮੈਂ ਉਨ੍ਹਾਂ ਨੂੰ ਪੁੱਛਿਆ," ਅੱਜ ਕਾਹਦੀ ਝਾਕ ਵਿੱਚ ਬੈਠੇ ਹੋ, ਅੱਜ ਤਾਂ ਨਾਰੀਅਲ ਵੀ ਕੋਈ ਨਹੀਂ ਤੈਰਦਾ ।"

" ਕੁੰਡੀ ਲਾਈ ਹੈ।" ਉਨ੍ਹਾਂ ਵਿੱਚੋਂ ਇਕ ਬੋਲਿਆ।ਮੇਰੇ ਮਨ ਵਿੱਚ ਕਿੰਨੇ ਹੀ ਸਵਾਲ ਉੱਭਰ ਆਏ – ਖਾਣ ਨੂੰ ਮੱਛੀ ਮੁਫ਼ਤ ਮਿਲ ਜਾਣ ਕਰਕੇ ਹੀ ਸ਼ਾਇਦ ਇਹ ਨਹਿਰਾਂ ਕੰਢੇ ਝੁੱਗੀਆਂ ਪਾਉਂਦੇ ਹੋਣ।ਇਨ੍ਹਾਂ ਦੇ ਜੁਆਕ ਪੂਰੀ ਠੰਢ ਵਿੱਚ ਵੀ ਨੰਗੇ ਘੁੰਮਦੇ ਰਹਿੰਦੇ ਹਨ?

ਮੈਂ ਤਾਂ ਘਰ ਮੁੜ ਆਇਆ ਸਾਂ। ਰਾਤੀਂ ਜ਼ੋਰ ਦੀ ਨ੍ਹੇਰੀ ਚੱਲੀ

ਸੀ।ਝੁੱਗੀਆਂ ਦਾ ਉਪਰਲਾ ਕੱਪੜਾ ਹਵਾ ਵਿੱਚ ਉੱਡ ਗਿਆ

ਸੀ। ਸਵੇਰੇ ਦੇਖਿਆ ਬਾਂਸ ਦੀਆਂ ਕਮਾਨ ਬਣੀਆਂ ਸੋਟੀਆਂ

ਹੀ ਦਿਖਾਈ ਦੇ ਰਹੀਆਸਨ।ਰੁੱਖਾਂ ਦੇ ਟਾਹਣ ਵੀ ਟੁੱਟੇ ਸਨ।

ਨਹਿਰ ਦੇ ਪੁਲ ਤੇ ਲੋਕਾਂ ਦਾ ਇਕੱਠ ਸੀ।ਮੋਤੀ ਦਾ ਬਾਪੂ ਲੋਕਾਂ ਨੂੰ ਦੱਸ ਰਿਹਾ ਸੀ– ਰਾਤੀਂ ਨਹਿਰ ਵਿੱਚ ਪਾਣੀ ਪਤਾ ਨਹੀਂ ਕਿੱਥੋਂ ਆ ਗਿਆ? ਮੁੰਡਿਆਂ ਨੇ ਦੇਖਿਆ ਕਿ ਕੁੰਡੀ ਵਾਲੇ ਥੈਲੇ ਵਿਚ ਮੋਟੀ ਮੱਛੀ ਡਿੱਗੀ ਸੀ।ਪਲਾਂ ਵਿੱਚ ਥੈਲਾ ਸੋਟੀ ਨਾਲ਼ੋਂ ਅਲੱਗ ਹੋਕੇ ਪਾਣੀ ਵਿੱਚ ਰੁੜ੍ਹਣ ਲੱਗਾ।ਬੇਸਮਝ ਮੁੰਡੇ ਨਹਿਰ ਵਿੱਚ ਛਾਲਾਂ ਮਾਰ ਗਏ।ਡੁੱਬਕੀਆਂ ਖਾਦਾ ਥੈਲਾ ਅੱਗੇ ਅਤੇ ਸਾਡੇ ਜੁਆਕ ਉਸਦੇ ਪਿੱਛੇ।ਅਗਲੇ ਪੁਲ ਤੀਕ ਚਲੇ ਗਏ। ਨਾਂ ਥੈਲਾ ਮਿਲਿਆ ਨਾਂ ਮੱਛੀ।ਮੋਤੀ ਨੇ ਵੀ ਮੁੰਡਿਆਂ ਦੇ ਨਾਲ ਹੀ ਛਲਾਂਗ ਲਗਾ ਦਿੱਤੀ ਸੀ।ਨਹਿਰ ਦਾ ਪਾਣੀ ਮੋਤੀ ਨੂੰ ਰੋੜ੍ਹ ਕੇ ਲੈ ਗਿਆ ਸੀ।ਬਥੇਰਾ ਭਾਲਿਆ ਕਿਤੋਂ ਨਹੀਂ ਲੱਭਿਆ। ਫੇਰ ਮੋਤੀ ਦਾ ਬਾਪੂ ਉੱਚੀ ਉੱਚੀ ਰੋਣ ਲੱਗਾ। ਲੋਕ ਉਸ ਨਾਲ ਹਮਦਰਦੀ ਜਤਾ ਰਹੇ ਸਨ।

ਦਿਨ ਚੜ੍ਹਿਆ ਸਕੂਲ ਨੂੰ ਜਾਣ ਵਾਲੀ ਬੱਘੀ ਨਹਿਰ ਦੇ ਪੁਲ ਉੱਪਰੋਂ ਲੰਘੀ।ਲੋਕੀਂ ਮੋਤੀ ਦੀਆਂ ਗੱਲਾਂ ਕਰ ਰਹੇ ਸਨ।

ਬੱਚਿਆਂ ਨੂੰ ਮੋਤੀ ਦੇ ਨਹਿਰ ਵਿੱਚ ਰੁੜ੍ਹ ਜਾਣ ਬਾਰੇ ਪਤਾ ਲੱਗ ਗਿਆ ਸੀ। ਬੱਚਿਆਂ ਵਿੱਚ ਘੁਸਰ-ਮੁਸਰ ਹੋਣ ਲੱਗੀ।

" ਓਹੀ ਮੁੰਡਾ ਮੋਤੀ ਹੋਣਾ, ਜੋ ਹਰ ਰੋਜ ਸਾਡੀ ਬੱਘੀ ਵੱਲ ਦੇਖਦਾ ਹੁੰਦਾ ਸੀ।" ਇਕ ਬੱਚਾ ਬੋਲਿਆ।

" ਦੂਰ ਤੀਕ ਸਾਨੂੰ ਬਾਏ ਬਾਏ ਕਰਦਾ ਹੁੰਦਾ ਸੀ।" ਦੂਜੇ ਬੱਚੇ ਨੇ ਕਿਹਾ।

" ਇਹ ਝੁੱਗੀਆਂ ਵਾਲੇ ਬੱਚਿਆਂ ਨੂੰ ਸਕੂਲ ਕਿਉਂ ਨਹੀਂ ਭੇਜਦੇ?" ਤੀਜੇ ਬੱਚੇ ਨੇ ਸਵਾਲ ਕੀਤਾ।

" ਜੇ ਇਨ੍ਹਾਂ ਦੇ ਬੱਚੇ ਸਕੂਲ ਪੜ੍ਹਨ ਲੱਗ ਪੈਣ ਤਾਂ ਇਨ੍ਹਾਂ ਦੀ ਜੂਨ ਨਾਂ ਸੁਧਰ ਜਾਵੇ।" ਬੱਚਿਆਂ ਦੀਆਂ ਗੱਲਾਂ ਵਿੱਚ ਬੱਘੀ ਵਾਲਾ ਵੀ ਸ਼ਾਮਲ ਹੋ ਗਿਆ ਸੀ।

ਮੋਤੀ ਉਨ੍ਹਾਂ ਦੀਆਂ ਅੱਖਾਂ ਤੋਂ ਪਰੇ ਨਹੀਂ ਹੋ ਰਿਹਾ ਸੀ।ਹਵਾ ਵਿੱਚ ਹੱਥ ਹਿਲਾਉਂਦਾ ਮੋਤੀ। ਬੱਘੀ ਵਿੱਚ ਬੈਠਣ ਦੇ ਸੁਪਨੇ ਬੁਣਦਾ ਮੋਤੀ ।

ਬੱਚਿਆਂ ਦੀਆਂ ਅੱਖਾਂ ਡੁੱਲ ਪਈਆਂ ਸਨ। ਬੱਘੀ ਵਿੱਚ ਇਕ ਚੁੱਪ ਵਰਤ ਗਈ ਸੀ। ਪਤਾ ਹੀ ਲੱਗਾ ਕਦੋਂ ਬੱਘੀ ਸਕੂਲ ਦੇ ਗੇਟ ਮੂਹਰੇ ਆ ਕੇ ਰੁਕ ਗਈ ਸੀ।

## ਰਸਤਾ ਲੱਭੋ



## ਬਿੰਦੂ ਮਿਲਾਓ





## ਆਪਣੇ ਬੱਚਿਆਂ ਨੂੰ ਪੰਜਾਬੀ ਜ਼ਰੂਰ ਪੜ੍ਹਾਓ

**ਸਰ੍ਹੀ ਦੇ ਸਕੂਲਾਂ ਦੇ ਕੁੱਲ ਵਿਦਿਆਰਥੀਆਂ ਵਿੱਚੋਂ ਪੰਜਾਬੀ ਪਰਿਵਾਰਾਂ ਦੇ 20% ਤੋਂ ਵੱਧ ਬੱਚੇ ਹਨ।**



- ਬੀ.ਸੀ ਸਰਕਾਰ ਵਲੋਂ 1994 ਤੋਂ ਬੀ.ਸੀ ਦੇ ਸਕੂਲਾਂ ਵਿੱਚ,ਦੂਜੀ ਭਾਸ਼ਾ ਦੇ ਤੌਰ ਤੇ ਪੰਜਾਬੀ ਦੀ ਪੜ੍ਹਾਈ ਚਾਲੂ ਹੈ।
- ਸੋ ਆਪਦੀ ਮਾਂ-ਬੋਲੀ ਬੱਚਿਆਂ ਨੂੰ ਬੋਲਣੀ,ਪੜ੍ਹਨੀ ਤੇ ਲਿਖਣੀ ਜ਼ਰੂਰ ਸਿਖਾਓ।ਤੁਸੀਂ ਆਪਦੇ ਨੇੜੇ ਦੇ ਸਕੂਲਾਂ ਵਿੱਚ 5ਵੀਂ ਗਰੇਡ ਤੋਂ 8ਵੀਂ ਗਰੇਡ ਤੱਕ ਪੰਜਾਬੀ ਪੜ੍ਹਾ ਸਕਦੇ ਹੋ।ਇਸ ਵਾਸਤੇ ਹੇਠ ਲਿਖੀਆਂ ਗੱਲਾਂ ਤੇ ਅਮਲ ਕਰੋ:
- ਜੇ ਤੁਹਾਡਾ ਬੱਚਾ ਚੌਥੀ ਗਰੇਡ ਵਿਚ ਹੈ ਤਾਂ ਤੁਸੀਂ ਇਸ ਸਾਲ ਪੰਜਾਬੀ ਪੜ੍ਹਨ ਦਾ ਫਾਰਮ ਭਰਕੇ ਆਪਦੇ ਸਕੂਲ ਦੇ ਪ੍ਰਿੰਸੀਪਲ ਨੂੰ ਦੇ ਦਿਓ।
- ਪੰਜਾਬੀ ਪੜ੍ਹਨ ਦੇ,ਫਰੈਂਚ ਪੜ੍ਹਨ ਨਾਲੋਂ ਜਿਆਦਾ ਲਾਭ ਹਨ ਅਤੇ ਭਵਿੱਖ ਵਿੱਚ ਤਰੱਕੀਆਂ(ਨੌਕਰੀਆਂ) ਲੱਭਣ ਵਿੱਚ ਸੌਖ ਹੋਵੇਗੀ।
- ਸਕੂਲਾਂ ਵਿੱਚ ਪੰਜਾਬੀ ਤਾਂ ਹੀ ਚਾਲੂ ਹੋਵੇਗੀ ਘੱਟੋ-ਘੱਟ 25 ਬੱਚੇ 5ਵੀਂ ਕਲਾਸ ਵਿੱਚ ਪੰਜਾਬੀ ਪੜ੍ਹਨ ਵਾਸਤੇ ਫਾਰਮ ਭਰਕੇ ਦੇਣਗੇ।

**ਮਾਪਿਆਂ ਵਾਸਤੇ ਫਾਇਦੇ:**

- ਸਮੇਂ ਦੀ ਬੱਚਤ : ਤੁਹਾਡੇ ਬੱਚੇ ਸਕੂਲ ਵਿੱਚ ਹੀ ਆਪਣੇ ਹਮ-ਉਮਰ ਬੱਚਿਆਂ ਨਾਲ ਪੰਜਾਬੀ ਪੜ੍ਹਨਗੇ,ਜਿਸ ਨਾਲ ਮਾਪਿਆਂ ਨੂੰ ਬਹੁਤ ਸੌਖ ਰਹੇਗੀ।
- ਪਰਿਵਾਰ ਵਿੱਚ ਦਾਦਾ-ਦਾਦੀ, ਨਾਨਾ-ਨਾਨੀ, ਅਤੇ ਰਿਸ਼ਤੇਦਾਰਾਂ ਨਾਲ ਹੋਰ ਨੇੜਤਾ ਵਧੇਗੀ।
- ਜਿਸ ਨਾਲ ਬੱਚੇ ਆਪਦੇ ਸੱਭਿਆਚਾਰ ਨਾਲ ਜੁੜੇ ਰਹਿਣਗੇ ਅਤੇ ਉਹ ਬਾਹਰਲੇ ਭੈੜੇ ਅਨਸਰਾਂ ਤੋਂ ਵੀ ਬੱਚੇ ਰਹਿਣਗੇ।
- ਮਾਂ ਬੋਲੀ ਪੰਜਾਬੀ ਪੜ੍ਹਨ ਨਾਲ ਬੱਚੇ ਦਾ ਮਨੋ-ਬਲ ਵੀ ਉੱਚਾ ਹੋ ਜਾਂਦਾ ਹੈ।
- ਅੱਜ ਕੱਲ ਅੰਗਰੇਜ਼ੀ ਦੇ ਨਾਲ, ਜੇ ਤੁਹਾਡੇ ਬੱਚੇ ਨੂੰ ਪੰਜਾਬੀ ਬੋਲਣੀ, ਪੜ੍ਹਨੀ ਤੇ ਲਿਖਣੀ ਹੈ ਤਾਂ ਜੌਬ(ਕੰਮ) ਲੈਣ ਲਈ ਪਹਿਲ ਮਿਲਦੀ ਹੈ।

# ਸ਼ੁਕਰਾਨ ਦੁਬਈ

ਹਰਪ੍ਰੀਤ ਕੌਰ

ਘੁੰਮਣ-ਫਿਰਨ ਦੀ ਤਾਂਘ ਤਾਂ ਬਹੁਤ ਹੈ ਪਰ ਕੁਝ ਬੰਦਸ਼ਾਂ ਕਾਰਨ ਮੌਕਾ ਘੱਟ ਹੀ ਮਿਲਿਆ। ਫਿਰ ਇੱਕ ਦਿਨ ਸੰਯੁਕਤ ਅਰਬ ਅਮੀਰਾਤ ਦੇ ਸਭ ਤੋਂ ਵੱਡੇ ਸ਼ਹਿਰ ਦੁਬਈ ਜਾਣ ਦਾ ਅਚਾਨਕ ਸਬੱਬ ਬਣ ਗਿਆ। ਇਸ ਵਾਰ ਰਾਹ 'ਚ ਕੋਈ ਔਕੜ ਨਾ ਆਈ। ਇੰਸਟਾਗਰਾਮ 'ਤੇ ਇੱਕ ਟੂਰ ਤੇ ਟਰੈਵਲ ਕੰਪਨੀ ਦਾ ਇਸ਼ਤਿਹਾਰ ਦੇਖ ਕੇ ਫੋਨ ਮਿਲਾ ਬੈਠੀ। ਮੇਰੇ ਵੱਲੋਂ ਥੋੜ੍ਹੀ ਹਿਚਕਿਚਾਹਟ ਦਿਖਾਉਣ 'ਤੇ ਏਜੰਟ ਨੇ ਮੈਨੂੰ ਭਰੋਸੇ 'ਚ ਲੈਂਦਿਆਂ ਕਿਹਾ, ''ਤੁਸੀਂ ਫ਼ਿਕਰ ਨਾ ਕਰੋ, ਦੁਬਈ ਦੁਨੀਆ ਭਰ ਵਿੱਚੋਂ ਸਭ ਤੋਂ ਵੱਧ ਸੁਰੱਖਿਅਤ ਸ਼ਹਿਰ ਹੈ।'' ਇਸ ਦੇ ਨਾਲ ਹੀ ਉਸ ਨੇ ਪਹਿਲਾਂ ਹੀ ਪੈਕੇਜ ਬੁੱਕ ਕਰ ਚੁੱਕੀਆਂ ਦੋ ਮੁਟਿਆਰਾਂ ਦੇ ਨੰਬਰ ਮੇਰੇ ਨਾਲ ਸਾਂਝੇ ਕੀਤੇ। ਉਨ੍ਹਾਂ ਨਾਲ ਗੱਲ ਕਰ ਕੇ ਮੇਰਾ ਵੀ ਉਸ ਏਜੰਟ 'ਤੇ ਭਰੋਸਾ ਕਰਨ ਲਈ ਮਨ ਰਾਜ਼ੀ ਹੋ ਗਿਆ। ਇਸ ਮਗਰੋਂ ਮੈਂ ਘਰੋਂ ਪ੍ਰਵਾਨਗੀ ਲੈ ਕੇ ਅੱਧੇ ਪੈਸੇ ਜਮ੍ਹਾਂ ਕਰਵਾ ਦਿੱਤੇ ਅਤੇ ਕਾਗਜ਼ੀ ਕਾਰਵਾਈ ਮੁਕੰਮਲ ਹੋਣ ਮਗਰੋਂ ਬਾਕੀ ਦੇ ਪੈਸੇ ਵੀ ਦੇ ਦਿੱਤੇ। ਹੁਣ ਦੋ ਮਹੀਨੇ ਦਾ ਵੀਜ਼ਾ ਆ ਚੁੱਕਿਆ ਸੀ, ਉਡਾਣ ਦੀ ਆਉਣ-ਜਾਣ ਦੀ ਟਿਕਟ ਅਤੇ ਹੋਟਲ ਟਿਕਟਾਂ ਬੁੱਕ ਹੋ ਚੁੱਕੀਆਂ ਸਨ। ਬਸ ਬੈਗ ਪੈਕ ਕਰ ਕੇ ਰਵਾਨਾ ਹੋਣਾ ਹੀ ਬਾਕੀ ਸੀ। ਮਹਿਜ਼ ਪੰਜ ਦਿਨਾਂ ਦਾ ਟੂਰ ਸੀ। ਅਖ਼ੀਰ ਅਸੀਂ 13 ਜਣਿਆਂ ਦੇ ਗਰੁੱਪ ਨੇ ਦੁਬਈ ਦੀ ਧਰਤੀ 'ਤੇ ਪੈਰ ਧਰਿਆ। ਸਾਨੂੰ ਟੈਕਸੀ ਰਾਹੀਂ ਹੋਟਲ ਛੱਡ ਦਿੱਤਾ ਗਿਆ। ਉੱਥੇ ਥੋੜ੍ਹਾ ਆਰਾਮ ਕਰ ਕੇ ਅਸੀਂ ਸ਼ਾਮ ਨੂੰ ਕਰੂਜ਼ ਡਿਨਰ ਲਈ ਚਾਲੇ ਪਾਏ ਜੋ ਦੁਬਈ ਮਰੀਨਾ 'ਤੇ ਸੀ। ਇਹ ਇੱਕ ਰਿਹਾਇਸ਼ੀ ਇਲਾਕਾ ਹੈ। ਇਸ ਖੇਤਰ ਵਿਚਲੀਆਂ ਉੱਚੀਆਂ-ਉੱਚੀਆਂ ਇਮਾਰਤਾਂ ਅਤੇ ਮਰੀਨਾ ਦੇ ਕੰਢੇ ਖੜ੍ਹੇ ਬੇੜੇ ਹਰ ਵਿਅਕਤੀ ਦੇ ਮਨ ਨੂੰ ਟੁੰਬਦੇ ਹਨ। ਮਨੁੱਖ ਵੱਲੋਂ ਨਿਰਮਿਤ ਮਰੀਨਾ ਬੀਚ ਸਾਢੇ ਤਿੰਨ ਕਿਲੋਮੀਟਰ 'ਚ ਫੈਲੀ ਹੋਈ ਹੈ। ਬੀਚ ਨੇੜੇ ਆਧੁਨਿਕ ਸ਼ਹਿਰ ਵਸਾਇਆ ਹੋਇਆ ਹੈ। ਇਹ ਇਲਾਕਾ ਸੈਲਾਨੀਆਂ ਦੀ ਵਿਸ਼ੇਸ਼ ਖਿੱਚ ਦਾ ਕੇਂਦਰ ਹੈ। ਇੱਥੇ ਪਾਣੀ ਵਾਲੇ ਜਹਾਜ਼ ਦੀ ਉੱਪਰਲੀ ਡੈੱਕ 'ਤੇ ਸਾਡੇ ਸਣੇ ਹੋਰਨਾਂ ਸੈਲਾਨੀਆਂ ਨੇ ਰਾਤਰੀ ਭੋਜ ਦਾ ਆਨੰਦ ਮਾਣਿਆ ਅਤੇ ਆਲੇ-ਦੁਆਲੇ ਚਮਕਦੀਆਂ ਉੱਚੀਆਂ ਇਮਾਰਤਾਂ ਤੇ 'ਦੁਬਈ ਆਈ' ਨੂੰ ਮਨਾਂ ਦੇ ਨਾਲ-ਨਾਲ ਫੋਨਾਂ ਦੇ ਕੈਮਰਿਆਂ 'ਚ ਕੈਦ ਕੀਤਾ। ਹਵਾ ਦੇ ਠੰਢੇ ਠੰਢੇ ਬੁੱਲਿਆਂ ਦੇ ਨਾਲ-ਨਾਲ ਅਰਬੀ, ਹਿੰਦੀ ਤੇ ਪੰਜਾਬੀ ਸੰਗੀਤ ਦੀਆਂ ਧੁਨਾਂ 'ਤੇ ਨੱਚ-ਟੱਪ ਕੇ ਖ਼ੂਬਸੂਰਤ ਪਲਾਂ ਦਾ ਆਨੰਦ ਮਾਣਿਆ। ਇਸ ਦੇ ਨਾਲ ਹੀ ਇੰਜ ਹੀ ਸਾਡੇ ਨਾਲ ਵਾਲੇ ਮੇਜ਼ 'ਤੇ ਬੈਠੇ ਤਾਜਿਕਿਸਤਾਨ ਨਾਲ ਸਬੰਧਿਤ ਪਰਿਵਾਰ ਨੂੰ ਮਿਲਣ ਦਾ ਮੌਕਾ ਮਿਲਿਆ। ਬੇਸ਼ੱਕ, ਉਨ੍ਹਾਂ ਦੀ ਬੋਲੀ ਵੱਖਰੀ ਸੀ ਪਰ ਅੰਗਰੇਜ਼ੀ 'ਚ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਮੁਲਕ ਕੁਦਰਤੀ ਸੁਹੱਪਣ ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਦੀ ਸਾਦਗੀ ਨੇ ਡੂੰਘਾ ਅਸਰ ਛੱਡਿਆ। ਇਸ ਤੋਂ ਬਾਅਦ ਵਾਪਸ ਹੋਟਲ ਚਲੇ ਗਏ ਅਤੇ ਥੱਕੇ-ਟੁੱਟੇ ਹੋਣ ਕਾਰਨ ਘੂਕ ਸੌਂ ਗਏ।

ਅਗਲੇ ਦਿਨ ਅਸੀਂ ਸ਼ਹਿਰ ਦੇ ਦੌਰੇ 'ਤੇ ਗਏ। ਸਾਡੇ ਨਾਲ ਟੂਰ ਗਾਈਡ ਵੀ ਮੌਜੂਦ ਸੀ। ਸਭ ਤੋਂ ਪਹਿਲਾਂ ਅਸੀਂ ਪੁਰਾਣੀ ਦੁਬਈ ਗਏ ਜਿੱਥੇ ਪੁਰਾਣੀਆਂ ਦੁਕਾਨਾਂ ਮੌਜੂਦ ਹਨ। ਉਹ ਸਾਨੂੰ ਸਭ ਤੋਂ ਪਹਿਲਾਂ ਸਪਾਈਸ ਸੂਕ ਲੈ ਗਏ ਜੋ ਡੇਰਾ ਵਿੱਚ ਸਥਿਤ ਹੈ। ਇੱਥੇ ਵੱਖ-ਵੱਖ ਤਰ੍ਹਾਂ ਦੇ ਮਸਾਲੇ, ਜੜੀਆਂ-ਬੂਟੀਆਂ ਅਤੇ ਸੁੱਕੇ ਮੇਵੇ ਆਦਿ ਮਿਲਦੇ ਹਨ। ਇਸ ਦੇ ਨਾਲ ਹੀ ਗੋਲਡ ਸੂਕ ਪੈਂਦਾ ਹੈ ਜਿੱਥੇ ਪੀਲੀ ਧਾਤ ਤੇ ਗਹਿਣਿਆਂ ਦੀਆਂ ਬੇਸ਼ੁਮਾਰ ਦੁਕਾਨਾਂ ਹਨ। ਇੱਥੇ ਹੀ ਦੁਨੀਆ ਦੀ ਸਭ ਤੋਂ ਭਾਰੀ ਸੋਨੇ ਦੀ ਅੰਗੂਠੀ, ਜਿਸ ਦਾ ਨਾਮ ਨਜ਼ਮਤ ਤਇਬਾ ਹੈ, ਦੀ ਨੁਮਾਇਸ਼ ਕੀਤੀ ਹੋਈ ਹੈ। ਇਸ ਵਿੱਚ ਕੀਮਤੀ ਪੱਥਰ ਤੇ ਹੀਰੇ ਮੋਤੀ ਜੜੇ ਹੋਏ ਹਨ ਅਤੇ ਇਸ ਦਾ ਕੁੱਲ ਵਜ਼ਨ 64 ਕਿਲੋ ਹੈ। ਸਭ ਤੋਂ ਭਾਰੀ ਅੰਗੂਠੀ ਹੋਣ ਕਾਰਨ ਇਸ ਦਾ ਨਾਂ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਵਿੱਚ ਦਰਜ ਹੈ। ਇਸ ਨੂੰ 55 ਕਾਰੀਗਰਾਂ ਨੇ 45 ਦਿਨਾਂ ਵਿੱਚ ਤਿਆਰ ਕੀਤਾ ਸੀ। ਇਸ ਦੀ ਕੀਮਤ ਤੀਹ ਲੱਖ ਡਾਲਰ ਹੈ।

ਇਸ ਮਗਰੋਂ ਅਸੀਂ ਆਬਰਾ (ਬੇੜੀ) ਰਾਹੀਂ ਪੁਰਾਣੀ ਦੁਬਈ ਤੋਂ ਨਵੀਂ ਦੁਬਈ ਵੱਲ ਚਾਲੇ ਪਾਏ। ਗਾਈਡ ਨੇ ਦੱਸਿਆ ਕਿ ਲੋਕ ਪੁਰਾਣੀ ਦੁਬਈ ਤੋਂ ਨਵੀਂ ਦੁਬਈ 'ਚ ਆਬਰਾ ਰਾਹੀਂ ਹੀ ਆਉਂਦੇ-ਜਾਂਦੇ ਸਨ। ਹਰੇ ਪਾਣੀਆਂ 'ਚੋਂ ਹੁੰਦੇ ਹੋਏ ਕਿਸ਼ਤੀ ਰਾਹੀਂ ਅਸੀਂ ਨਵੀਂ ਦੁਬਈ ਵੱਲ ਨੂੰ ਚਾਲੇ ਪਾਏ। ਇਸ ਤੋਂ ਬਾਅਦ ਅਸੀਂ ਦੁਬਈ ਫਰੇਮ ਗਏ ਜੋ ਪੁਰਾਣੀ ਤੇ ਨਵੀਂ ਦੁਬਈ ਦੇ ਦੋਵੇਂ ਪਾਸਿਆਂ ਦੇ ਦੀਦਾਰ ਕਰਾਉਂਦਾ ਹੈ। ਇਹ 150 ਮੀਟਰ ਉੱਚਾ ਸੁਨਹਿਰੀ ਰੰਗ ਦਾ ਫਰੇਮ ਹੈ। ਦੁਬਈ ਫਰੇਮ ਨੂੰ ਸ਼ਹਿਰ ਦੇ ਮੱਛੀ ਫੜਨ ਵਾਲੇ ਪਿੰਡ ਤੋਂ ਲੈ ਕੇ ਵਿਕਾਸ ਦੀਆਂ ਲੀਹਾਂ ਤੱਕ ਪੁੱਜਣ ਦੀ ਕਹਾਣੀ ਪੇਸ਼ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ। ਇਹ ਦੁਨੀਆ ਦਾ ਸਭ ਤੋਂ ਵੱਡਾ ਫਰੇਮ ਹੈ। ਇੱਥੇ ਤਸਵੀਰਾਂ ਖਿਚਵਾਉਣ ਮਗਰੋਂ ਅਸੀਂ ਨੇੜੇ ਹੀ ਸਥਿਤ ਇੱਕ ਰੈਸਤਰਾਂ 'ਤੇ ਖਾਣਾ ਖਾਣ ਲਈ ਪੁੱਜੇ, ਉੱਥੇ ਮੈਨਿਊ ਦੇਖ ਕੇ ਹੋਸ਼ ਉੱਡ ਗਏ। ਪਾਣੀ ਦੀ ਬੋਤਲ ਮਹਿੰਗੀ ਤੇ ਠੰਢੇ ਦੀ ਬੋਤਲ ਸਸਤੀ ਸੀ। ਪਾਣੀ ਦੀ ਇੱਕ ਲਿਟਰ ਦੀ ਬੋਤਲ 70 ਰੁਪਏ ਦੀ ਸੀ। ਉੱਥੇ ਇਸ ਗੱਲ ਦਾ ਅਹਿਸਾਸ ਹੋਇਆ ਕਿ ਇਹ ਮੁਲਕ ਸਿਰਫ਼ ਘੁੰਮਣ-ਫਿਰਨ ਲਈ ਹੀ ਠੀਕ ਨੇ, ਰਹਿਣ ਸਹਿਣ ਲਈ ਤਾਂ ਆਪਣਾ ਦੇਸ਼ ਹੀ ਵਧੀਆ ਹੈ। ਸ਼ਾਮ ਨੂੰ ਅਸੀਂ ਹੋਟਲ ਦੇ ਨੇੜੇ ਹੀ ਬਾਜ਼ਾਰ ਦਾ ਗੇੜਾ ਕੱਢਿਆ ਅਤੇ ਰੰਗ-ਬਿਰੰਗੀਆਂ ਆਸਮਾਨ ਛੂੰਹਦੀਆਂ ਇਮਾਰਤਾਂ ਨੇੜੇ ਘੁੰਮਦੇ ਲੋਕਾਂ ਨੂੰ ਦੇਖਿਆ ਜਿਹੜੇ ਆਪੋ-ਆਪਣੀ ਧੁਨ ਵਿੱਚ ਮਸਤ ਸਨ।

ਅਗਲੇ ਦਿਨ ਅਸੀਂ ਮਰੀਨਾ ਬੀਚ 'ਤੇ ਗਏ ਜਿੱਥੇ ਸਫੈਦ ਰੇਤ ਦੇ ਨਾਲ ਹਰੇ ਪਾਣੀ ਦਾ ਸੁਮੇਲ ਮਨ ਨੂੰ ਮੋਹ ਰਿਹਾ ਸੀ ਪਰ ਤਿੱਖੀ ਧੁੱਪ ਵੀ ਪੂਰਾ ਕਹਿਰ ਵਰ੍ਹਾ ਰਹੀ ਸੀ। ਦਿਲਕਸ਼ ਨਜ਼ਾਰਾ ਦੇਖ ਕੇ ਧੁੱਪ ਤੇ ਗਰਮੀ ਤਾਂ ਚਿੱਤ ਚੇਤੇ ਹੀ ਨਹੀਂ ਰਹੀ। ਇਸ ਦੇ ਨੇੜੇ ਹੀ ਦੁਨੀਆ ਦੇ ਇਕਲੌਤੇ ਸੱਤ ਤਾਰਾ ਹੋਟਲ ਬੁਰਜ ਅਲ ਅਰਬ ਦੀ ਇਮਾਰਤ ਹੈ ਜਿਸ ਵਿੱਚ ਇੱਕ ਰਾਤ ਰਹਿਣ ਦਾ ਕਿਰਾਇਆ 35 ਲੱਖ ਰੁਪਏ ਦੇ ਨੇੜੇ ਹੈ। ਇਸ ਤੋਂ ਬਾਅਦ ਅਸੀਂ ਮਿਊਜ਼ੀਅਮ ਆਫ ਦਿ ਫਿਊਚਰ ਗਏ ਜਿਸ ਦੀਆਂ ਸੱਤ ਮੰਜ਼ਿਲਾਂ ਹਨ। ਇਹ ਵਿਗਿਆਨ, ਤਕਨਾਲੋਜੀ ਤੇ ਨਵੀਨਤਾ ਦਾ ਪ੍ਰਤੀਕ ਹੈ। ਇਸ ਦਾ ਉਦਘਾਟਨ 22 ਫਰਵਰੀ 2022 ਨੂੰ ਹੋਇਆ ਸੀ। ਇਸ ਮਗਰੋਂ ਅਸੀਂ ਦੁਬਈ ਮਾਲ ਗਏ ਜੋ ਸੰਸਾਰ ਦਾ ਸਭ ਤੋਂ ਵੱਡਾ ਮਾਲ ਹੈ। ਇੱਥੇ ਵੱਡੇ-ਵੱਡੇ ਬ੍ਰਾਂਡ ਮੌਜੂਦ ਹਨ ਜਿਨ੍ਹਾਂ ਨੂੰ ਆਮ ਬੰਦਾ ਸਿਰਫ਼ ਦੇਖ ਹੀ ਸਕਦਾ ਹੈ, ਖਰੀਦਣਾ ਉਸ ਦੇ ਵੱਸ ਤੋਂ ਬਾਹਰ ਹੈ। ਦੁਬਈ ਮਾਲ ਦੇ ਵਿੱਚ ਹੀ ਬੁਰਜ ਖਲੀਫ਼ਾ ਦੀ ਇਮਾਰਤ ਸਥਿਤ ਹੈ। ਇਸ ਮਗਰੋਂ ਅਸੀਂ ਟਿਕਟ ਲੈ ਕੇ ਬੁਰਜ ਖਲੀਫ਼ਾ ਪੁੱਜੇ ਜਿਹੜੀ ਵਿਸ਼ਵ ਭਰ ਦੀ ਸਭ ਤੋਂ ਉੱਚੀ ਇਮਾਰਤ ਹੈ। ਇਸ ਵਿੱਚ 163 ਮੰਜ਼ਿਲਾਂ ਹਨ ਪਰ ਅਸੀਂ ਟਿਕਟ ਲੈ ਕੇ 137ਵੀਂ ਮੰਜ਼ਲ 'ਤੇ ਗਏ ਜਿੱਥੋਂ ਅਸੀਂ ਇਸ ਸ਼ਹਿਰ ਦੇ ਵਿਕਾਸ ਦੀ ਮੂੰਹ ਬੋਲਦੀ ਤਸਵੀਰ ਦੇਖੀ। ਕੁਝ ਵਰ੍ਹਿਆਂ 'ਚ ਹੀ ਇਸ ਸ਼ਹਿਰ ਨੂੰ ਤਰੱਕੀ ਦੀਆਂ ਬੁਲੰਦੀਆਂ 'ਤੇ ਪਹੁੰਚਾ ਕੇ ਇੱਥੋਂ ਦੇ ਸ਼ਾਸਕਾਂ ਨੇ ਆਪਣੀ ਦੂਰ-ਅੰਦੇਸ਼ੀ ਦਾ ਪ੍ਰਗਟਾਵਾ ਕੀਤਾ ਹੈ।



ਅਗਲੇ ਦਿਨ ਸਾਡਾ ਡੈਜ਼ਰਟ ਸਫਾਰੀ ਦਾ ਪ੍ਰੋਗਰਾਮ ਸੀ। ਜਿਹੜੇ ਨੌਜਵਾਨ ਨੇ ਸਾਨੂੰ ਰੇਗਿਸਤਾਨ 'ਚ ਗੱਡੀ ਰਾਹੀਂ ਕਰਤੱਬ ਦਿਖਾਉਣੇ ਸਨ, ਉਸ ਦਾ ਨਾਂ ਰਾਜਾ ਬਿਲਾਲ ਸੀ। ਉਹ ਪਿੱਛੋਂ ਲਹਿੰਦੇ ਪੰਜਾਬ ਦੇ ਰਾਵਲਪਿੰਡੀ ਨਾਲ ਸਬੰਧਿਤ ਸੀ ਪਰ ਇੱਥੇ ਪਿਛਲੇ ਨੌਂ ਸਾਲਾਂ ਤੋਂ ਕੰਮ ਕਰ ਰਿਹਾ ਹੈ। ਉਸ ਦੀ ਭਾਰਤੀਆਂ ਲਈ ਅਪਣੱਤ ਦੇਖ ਕੇ ਰੂਹ ਖ਼ੁਸ਼ ਹੋ ਗਈ। ਉਸ ਦਾ ਕਹਿਣਾ ਸੀ, ''ਸਾਨੂੰ ਭਾਰਤੀਆਂ ਵਿੱਚੋਂ ਆਪਣੇਪਣ ਦੀ ਖੁਸ਼ਬੂ ਆਉਂਦੀ ਹੈ। ਜੇ ਤੁਸੀਂ ਪਾਕਿਸਤਾਨ ਆਓਗੇ ਤੇ ਕਹੋਗੇ ਕਿ ਅਸੀਂ ਇੰਡੀਆ ਤੋਂ ਆਏ ਹਾਂ ਤਾਂ ਤੁਹਾਡਾ ਸਭ ਕੁਝ ਖਾਣਾ-ਪੀਣਾ, ਰਹਿਣਾ-ਸਹਿਣਾ ਫਰੀ ਹੋ ਜਾਵੇਗਾ।'' ਫਿਰ ਉਸ ਨੇ ਭਾਰਤ ਆਉਣ ਦੀ ਇੱਛਾ ਜ਼ਾਹਿਰ ਕੀਤੀ ਅਤੇ ਪੰਜਾਬ ਦੇ ਗਰਾਂ ਦੇਖਣ ਦੀ ਗੱਲ ਆਖੀ। ਉਸ ਨਾਲ ਗੱਲ ਕਰ ਕੇ ਇਹ ਇੱਕ ਪਲ ਲਈ ਵੀ ਮਹਿਸੂਸ ਨਹੀਂ ਹੋਇਆ ਕਿ ਅਸੀਂ 'ਦੁਸ਼ਮਣ' ਮੁਲਕ ਦੇ ਬਾਸ਼ਿੰਦੇ ਨਾਲ ਗੱਲ ਕਰ ਰਹੇ ਹਾਂ। ਇੰਜ ਹੀ ਇੱਕ ਹੋਰ ਪਾਕਿਸਤਾਨੀ ਡਰਾਈਵਰ, ਜਿਸ ਦੀ ਗੱਡੀ 'ਚ ਅਸੀਂ ਬਾਜ਼ਾਰ ਗਏ ਸਾਂ, ਜਦੋਂ ਉਸ ਨੂੰ ਅਸੀਂ ਚੜ੍ਹਦੇ ਪੰਜਾਬ ਨਾਲ ਸਬੰਧਿਤ ਹੋਣ ਬਾਰੇ ਦੱਸਿਆ ਤਾਂ ਉਸ ਨੇ ਪੈਸੇ ਲੈਣ ਤੋਂ ਹੀ ਮਨ੍ਹਾਂ ਕਰ ਦਿੱਤਾ। ਉਸ ਆਖਿਆ, ''ਤੁਸੀਂ ਸਾਡੇ ਆਪਣੇ ਹੋ।'' ਸਿਆਸਤ ਨੂੰ ਦਰਕਿਨਾਰ ਕਰਕੇ ਦੇਖੀਏ ਤਾਂ ਦੇਸ਼ਵੰਡ ਨੂੰ ਪੌਣੀ ਸਦੀ ਬੀਤਣ ਦੇ ਬਾਵਜੂਦ ਲੋਕਾਂ ਦੇ ਮਨਾਂ 'ਚ ਸਰਹੱਦਾਂ ਨਹੀਂ ਉਸਰੀਆਂ।

ਰੇਗਿਸਤਾਨ ਵਿੱਚ ਏਟੀਵੀ ਦੀ ਸਵਾਰੀ ਕਰਨ ਤੋਂ ਬਾਅਦ ਸਾਡਾ ਰਾਤਰੀ ਭੋਜ ਸੀ ਜਿੱਥੇ ਵਿਭਿੰਨ ਪਕਵਾਨ ਪਰੋਸੇ ਹੋਏ ਸਨ। ਇਸ ਦੇ ਨਾਲ ਹੀ ਨਾਚ-ਗਾਣੇ ਦਾ ਵੀ ਪੂਰਾ ਪ੍ਰਬੰਧ ਸੀ। ਨਰਤਕੀਆਂ ਬੈਲੀ ਡਾਂਸ ਰਾਹੀਂ ਲੋਕਾਂ ਦਾ ਮਨੋਰੰਜਨ ਕਰ ਰਹੀਆਂ ਸਨ। ਇਸ ਦੇ ਨਾਲ ਹੀ ਅੱਗ ਨਾਲ ਖੇਡਦਿਆਂ ਕਲਾਕਾਰਾਂ ਨੇ ਵੱਖਰਾ ਹੀ ਨਜ਼ਾਰਾ ਪੇਸ਼ ਕੀਤਾ। ਇਸ ਤੋਂ ਬਾਅਦ ਸਫੈਦ ਕੱਪੜੇ ਪਹਿਨੇ ਨੌਜਵਾਨਾਂ ਨੇ ਯੂਏਈ ਦੇ ਪੁਰਾਤਨ ਨ੍ਰਿਤ ਆਈਆਲਾ ਦੀ ਪੇਸ਼ਕਾਰੀ ਕੀਤੀ। ਗੀਤ ਦੇ ਬੋਲ ਤਾਂ ਸਮਝ ਨਹੀਂ ਆਏ ਪਰ ਸੰਗੀਤ ਦੀਆਂ ਧੁਨਾਂ ਦਾ ਜ਼ਰੂਰ ਆਨੰਦ ਮਾਣਿਆ। ਅਗਲੇ ਦਿਨ ਅਸੀਂ ਸ਼ਾਮ ਨੂੰ ਭਾਰਤ ਪਰਤਣਾ ਸੀ। ਇਸ ਲਈ ਦਿਨ ਵੇਲੇ ਅਸੀਂ ਉੱਥੋਂ ਦੇ ਮਸ਼ਹੂਰ ਮੀਨਾ ਬਾਜ਼ਾਰ ਦਾ ਗੇੜਾ ਕੱਢਿਆ ਉੱਥੋਂ ਊਦ (ਇੱਤਰ) ਸਣੇ ਹੋਰ ਨਿੱਕਾ ਮੋਟਾ ਸਾਮਾਨ ਖਰੀਦਿਆ। ਬੇਸ਼ੱਕ, ਉਨ੍ਹਾਂ ਦੀ ਕਰੰਸੀ ਦਿਰਹਾਮ ਸਾਡੇ 24-25 ਰੁਪਏ ਦੇ ਬਰਾਬਰ ਹੈ ਪਰ ਉੱਥੇ ਟੈਕਸ ਮੁਕਤ ਹੋਣ ਕਾਰਨ ਕਈ ਵਸਤਾਂ ਜਿਵੇਂ ਇਲੈਕਟ੍ਰਾਨਿਕ ਦਾ ਸਾਮਾਨ ਵਾਜਬ ਮੁੱਲ 'ਤੇ ਮਿਲ ਜਾਂਦਾ ਹੈ। ਅਖ਼ੀਰ ਯਾਦਾਂ ਦਾ ਸਰਮਾਇਆ ਲੈ ਕੇ ਆਪਣੇ ਮੁਲਕ ਪਰਤ ਆਏ। ਇਸ ਸ਼ਾਨਦਾਰ ਤਜਰਬੇ ਲਈ ਸ਼ੁਕਰਾਨ ਦੁਬਈ।

---

# ਸਾਈਕਲ 'ਤੇ ਮੁੜ ਚੱਲੀਏ

ਲੇਖਕ : ਜੀਤ ਹਰਜੀਤ, ਸੰਪਰਕ: 97816-77772

ਪਿਛਲੇ ਸਮੇਂ 'ਤੇ ਜਦੋਂ ਝਾਤ ਮਾਰਦੇ ਹਾਂ ਤਾਂ ਬਹੁਤ ਕੁਝ ਵਿਸਰ ਗਿਆ ਨਜ਼ਰ ਆਉਂਦਾ ਹੈ। ਅੱਜ ਦੇ ਤੇਜ਼-ਤਰਾਰ ਜ਼ਮਾਨੇ ਨੇ ਜਿੱਥੇ ਉਨ੍ਹਾਂ ਵੇਲਿਆਂ ਦੀਆਂ ਕਈ ਅਹਿਮ ਵਸਤਾਂ ਦੇ ਰੰਗ ਫਿੱਕੇ ਪਾ ਦਿੱਤੇ ਹਨ ਓਥੇ ਹੀ ਕਈ ਚੀਜ਼ਾਂ ਤਾਂ ਅਜਿਹੀਆਂ ਵੀ ਹਨ ਜਿਨ੍ਹਾਂ ਦੀ ਹੋਂਦ ਹੀ ਖ਼ਤਮ ਹੋ ਗਈ ਹੈ। ਇਨਸਾਨੀ ਜ਼ਿੰਦਗੀ ਵਿੱਚ ਕਿਸੇ ਵੇਲੇ ਰਫ਼ਤਾਰ ਲਿਆਉਣ ਵਾਲਾ ਸਾਈਕਲ ਵੀ ਅਜੋਕੇ ਦੌਰ ਦੇ ਮਨੁੱਖ ਨੇ ਜੀਵਨ ਵਿੱਚੋਂ ਮਨਫ਼ੀ ਕਰ ਦਿੱਤਾ ਹੈ। ਅੱਜ ਸਾਈਕਲ ਨੂੰ ਸਰੀਰਿਕ ਕਸਰਤ ਦਾ ਵਧੀਆ ਵਸੀਲਾ ਸਮਝਦੇ ਹੋਏ ਸਿਰਫ਼ ਕੁਝ ਕੁ ਲੋਕ ਹੀ ਚਲਾਉਂਦੇ ਹਨ। ਇਹ ਉਹ ਹੀ ਸਾਈਕਲ ਹੈ ਜਿਸਨੇ ਕਿਸੇ ਵੇਲੇ ਬੰਦੇ ਦੀ ਟੌਹਰ ਨੂੰ ਚਾਰ ਚੰਨ ਲਾਏ ਸਨ। ਇੱਕ ਸਮਾਂ ਅਜਿਹਾ ਵੀ ਸੀ ਜਦੋਂ ਦਾਜ ਵਿੱਚ ਕੁੜੀਆਂ ਨੂੰ ਬਾਕੀ ਸਾਮਾਨ ਨਾਲ ਪ੍ਰਾਹੁਣੇ ਲਈ ਸਾਈਕਲ ਦਿੱਤਾ ਜਾਂਦਾ ਸੀ। ਜਿਸ ਖ਼ੁਸ਼ਕਿਸਮਤ ਵਿਆਂਦੜ ਨੂੰ ਦਾਜ ਵਿੱਚ ਸਾਈਕਲ ਮਿਲ ਜਾਂਦਾ ਸੀ ਉਸ ਦੀਆਂ ਗੱਲਾਂ ਨੇੜੇ ਦੇ ਕਈ ਪਿੰਡਾਂ ਵਿੱਚ ਤੁਰ ਜਾਂਦੀਆਂ ਸਨ। ਉਂਜ ਤਾਂ ਉਨ੍ਹਾਂ ਵੇਲਿਆਂ ਵਿੱਚ ਜ਼ਿਆਦਾਤਰ ਆਉਣਾ ਜਾਣਾ ਪੈਦਲ ਹੀ ਹੁੰਦਾ ਸੀ, ਪਰ ਜਦੋਂ ਕਿਤੇ ਤੇਜ਼ੀ ਨਾਲ ਜਾਂ ਦੂਰ-ਦੁਰਾਡੇ ਜਾਣਾ ਹੁੰਦਾ ਸੀ ਤਾਂ ਸਾਈਕਲ ਸਾਥ ਨਿਭਾਉਂਦਾ ਸੀ। ਉਸ ਵਕਤ ਆਵਾਜਾਈ ਦੇ ਬਹੁਤੇ ਸਾਧਨ ਵਿਕਸਤ ਨਹੀਂ ਸਨ, ਇਸ ਲਈ ਬਹੁਤ ਕੁਝ ਸਾਈਕਲ 'ਤੇ ਹੀ ਨਿਰਭਰ ਸੀ। ਨਵਾਂ ਵਿਆਹਿਆ ਜੋੜਾ ਜਦੋਂ ਪੰਜਾਬੀ ਪਹਿਰਾਵਾ ਪਹਿਨ ਕੇ ਸਾਈਕਲ 'ਤੇ ਆਪਣੀ ਕਿਸੇ ਰਿਸ਼ਤੇਦਾਰੀ ਵਿੱਚ ਜਾਂਦਾ ਸੀ ਤਾਂ ਆਪਸ ਵਿੱਚ ਹੁੰਦੀਆਂ ਉਨ੍ਹਾਂ ਦੀਆਂ ਗੱਲਾਂ ਦਾ ਕੱਚੇ ਰਾਹ ਵੀ ਹੁੰਗਾਰਾ ਭਰਦੇ ਸਨ। ਖੇਤਾਂ ਵਿੱਚੋਂ ਲੰਘਦੇ ਕੱਚੇ ਰਾਹਾਂ ਉੱਤੋਂ ਜਦੋਂ ਕਿਸੇ ਨਵੀਂ ਵਿਆਹੀ ਜੋੜੀ ਦਾ ਸਾਈਕਲ ਲੰਘਦਾ ਸੀ ਤਾਂ ਰਾਹ ਨਾਲ ਲੱਗਦੇ ਖੇਤ ਵਿੱਚ ਜ਼ੋਬਨ ਰੁੱਤ ਖੜ੍ਹੀ ਸਰ੍ਹੋਂ ਦੇ ਫੁੱਲ ਅਲੌਕਿਕ ਦ੍ਰਿਸ਼ ਬਣਾ ਦਿੰਦੇ ਸਨ। ਇਸ ਨਜ਼ਾਰੇ ਨੂੰ ਤੱਕ ਕੇ ਨੌਜਵਾਨ ਆਪਣੀ ਹੋਣ ਵਾਲੀ ਵਹੁਟੀ ਲਈ ਅਨੇਕਾਂ ਸੁਪਨੇ ਵੱਟ 'ਤੇ ਖੜ੍ਹਾ-ਖੜ੍ਹਾ ਹੀ ਬੁਣ ਲੈਂਦਾ ਸੀ। ਲੰਘੇ ਸਮੇਂ ਦਾ ਚਿੱਤਰ ਅੱਜ ਵੀ ਦਿਲ ਵਿੱਚ ਉਲੀਕਦੇ ਹਾਂ ਤਾਂ ਮਨ ਖੇਰੂੰ-ਖੇਰੂੰ ਹੋ ਉੱਠਦਾ ਹੈ। ਬੜਾ ਦਿਲ ਕਰਦਾ ਹੈ ਬੀਤ ਗਿਆ ਉਹ ਵਕਤ ਮੁੜ ਆ ਜਾਵੇ, ਪਰ ਸਿਆਣਿਆਂ ਦੇ ਕਹਿਣ ਵਾਂਗ ਪੁਲਾਂ ਥੱਲੋਂ ਲੰਘੇ ਪਾਣੀ ਅਤੇ ਲੰਘਿਆ ਵੇਲਾ ਕਦੇ ਨਹੀਂ ਮੁੜਦਾ। ਇਸ ਸੁਹਾਵਣੇ ਦੌਰ ਤੋਂ ਬਾਅਦ ਜਦੋਂ ਇਨਸਾਨੀ ਜ਼ਿੰਦਗੀ ਵਿੱਚ ਸਕੂਟਰ, ਮੋਟਰਸਾਈਕਲ ਨੇ ਦਸਤਕ ਦਿੱਤੀ ਤਾਂ ਖ਼ੁਦਗਰਜ਼ ਇਨਸਾਨ ਨੇ ਸਾਈਕਲ ਨੂੰ ਨੀਵੀਆਂ ਨਜ਼ਰਾਂ ਨਾਲ ਦੇਖਣਾ ਸ਼ੁਰੂ ਕਰ ਦਿੱਤਾ। ਜੋ ਸਾਈਕਲ ਕਦੇ ਬੰਦੇ ਦੀ ਚੜ੍ਹਤ ਨੂੰ ਦਰਸਾਉਂਦਾ ਸੀ, ਉਸਨੂੰ ਗ਼ਰੀਬਪੁਣੇ ਦੀ ਨਿਸ਼ਾਨੀ ਸਮਝਿਆ ਜਾਣ ਲੱਗਿਆ। ਲੋਕਾਂ ਦੀ ਸਾਈਕਲ ਪ੍ਰਤੀ ਬਦਲੀ ਸੋਚ ਨੇ ਸਾਈਕਲ ਚਲਾਉਣ ਵਾਲਿਆਂ ਨੂੰ ਵੀ ਹੀਣ ਭਾਵਨਾ ਦਾ ਸ਼ਿਕਾਰ ਬਣਾ ਦਿੱਤਾ। ਬਹੁਤੇ ਲੋਕ ਸਾਈਕਲ ਚਲਾਉਣ ਵੇਲੇ ਸ਼ਰਮ ਮਹਿਸੂਸ ਕਰਨ ਲੱਗੇ ਕਿਉਂਕਿ ਹੁਣ ਉਨ੍ਹਾਂ ਕੋਲ ਸਾਈਕਲ ਦੇ ਬਦਲ ਦੇ ਰੂਪ ਵਿੱਚ ਮਸ਼ੀਨੀ ਯੁੱਗ ਦੀ ਕਾਢ ਸਕੂਟਰ ਅਤੇ ਮੋਟਰਸਾਈਕਲ ਮੌਜੂਦ ਸੀ। ਦੇਖਦੇ ਹੀ ਦੇਖਦੇ ਸਾਈਕਲ ਦੀ ਥਾਂ ਸਕੂਟਰਾਂ ਅਤੇ ਮੋਟਰਸਾਈਕਲਾਂ ਨੇ ਲੈ ਲਈ। ਜਿਨ੍ਹਾਂ ਨੂੰ ਲੋੜ ਨਹੀਂ ਵੀ ਸੀ ਉਨ੍ਹਾਂ ਨੇ ਵੀ ਟੌਹਰ ਦਿਖਾਉਣ ਲਈ ਵੱਧ ਚੜ੍ਹ ਕੇ ਇਨ੍ਹਾਂ ਮਸ਼ੀਨੀ ਸਾਈਕਲਾਂ ਦੀਆਂ ਖਰੀਦਦਾਰੀਆਂ ਕੀਤੀਆਂ। ਇਨ੍ਹਾਂ ਦੇ ਆਉਣ ਨਾਲ ਦੂਰ ਦੇ ਪੰਧ ਪਲਾਂ ਵਿੱਚ ਮੁੱਕਣ ਲੱਗੇ। ਭੈੜੇ ਇਨਸਾਨ ਨੂੰ ਵਹਿਮ ਹੋ ਗਿਆ ਕਿ ਉਹ ਬਹੁਤ ਤੇਜ਼ ਹੋ ਗਿਆ ਹੈ, ਪਰ ਅਸਲ ਵਿੱਚ ਉਸਨੇ ਰਾਹਾਂ ਦੇ ਫਾਸਲੇ ਪਲਾਂ ਵਿੱਚ ਮੁਕਾਉਣ ਵਾਲੇ ਇਨ੍ਹਾਂ ਮਸ਼ੀਨੀ ਸਾਇਕੀਲਾਂ ਜ਼ਰੀਏ ਦਿਲਾਂ ਵਿੱਚ ਫਾਸਲੇ ਵਧਾ ਲਏ ਕਿਉਂਕਿ ਸਾਈਕਲ ਵੇਲੇ ਰਿਸ਼ਤੇਦਾਰੀਆਂ ਵਿੱਚ ਜਾਣ ਵਾਲੇ ਲੋਕਾਂ ਨੂੰ ਲੰਮਾ ਸਮਾਂ ਲੱਗਦਾ ਸੀ ਜਿਸ ਕਰਕੇ ਰਾਹਾਂ ਵਿੱਚ ਇੱਕ ਦੂਜੇ ਨਾਲ ਸਾਰੇ ਦੁਖ-ਸੁਖ ਵੰਡ ਲਏ ਜਾਂਦੇ ਸਨ। ਪਰ ਹੁਣ ਤਾਂ ਇਹ ਅੰਗਰੇਜ਼ੀ ਸਾਧਨ ਪਲਾਂ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਪਹੁੰਚਾ ਦਿੰਦੇ ਹਨ। ਦੁਖ-ਸੁਖ ਕਰਨ ਦਾ ਵਕਤ ਹੀ ਨਹੀਂ ਮਿਲਦਾ। ਬਾਕੀ ਆਲੇ ਦੁਆਲੇ ਚੱਲ ਰਹੀਆਂ ਮੋਟਰ-ਕਾਰਾਂ ਦੀ ਆਵਾਜ਼ ਕੁਝ ਸੁਣਨ ਵੀ ਨਹੀਂ ਦਿੰਦੀ। ਅਜੋਕੇ ਤੇਜ਼ੀ ਵਾਲੇ ਸਫ਼ਰ ਨਾਲੋਂ ਪਹਿਲੇ ਵੇਲੇ ਦਾ ਠਰ੍ਹੰਮੇ ਵਾਲਾ ਸਫ਼ਰ ਬਹੁਤ ਸਕੂਨ ਦਿੰਦਾ ਸੀ। ਇਨ੍ਹਾਂ ਤੇਜ਼ੀਕਰਨ ਵਾਲਿਆਂ ਨੇ ਜੇਬ ਨੂੰ ਵੀ ਚੂਨਾ ਲਾਇਆ ਹੈ। ਸਾਈਕਲ ਮੁਫ਼ਤ ਦੀ ਸਵਾਰੀ ਸੀ, ਉਸ ਵਿੱਚ ਕਿਸੇ ਈਂਧਨ ਦੀ ਲੋੜ ਨਹੀਂ ਸੀ ਪੈਂਦੀ। ਸਿਆਣਿਆਂ ਦੀ ਕਹੀ ਗੱਲ 'ਸਵੇਰ ਦਾ ਨਿਕਲਿਆ ਜੇ ਸ਼ਾਮ ਨੂੰ ਘਰ ਮੁੜ ਆਵੇ, ਉਸਨੂੰ ਭੁੱਲਿਆ ਨਹੀਂ ਕਿਹਾ ਜਾਂਦਾ।' ਮੈਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਇਸ ਲਈ ਮੈਂ ਕਹਾਂਗਾ ਆਓ, ਇਸ ਕਹਾਵਤ ਨੂੰ ਅਸਲ ਜ਼ਿੰਦਗੀ ਵਿੱਚ ਲਾਗੂ ਕਰੀਏ ਤੇ ਸਾਈਕਲਾਂ ਵੱਲ ਨੂੰ ਮੁੜ ਆਈਏ। ਬਹੁਤ ਕੁਝ ਬਚਾ ਲਵਾਂਗੇ, ਸਿਹਤ, ਪੈਸਾ, ਆਉਣ ਵਾਲਿਆਂ ਲਈ ਪੈਟਰੋਲ ਅਤੇ ਹੋਰ ਵੀ ਬਹੁਤ ਕੁਝ। ਸੋ, ਆਓ ਆਪਾਂ ਸਾਰੇ ਮਿਲ ਕੇ ਸਾਈਕਲ ਚਲਾਉਣ ਦੀ ਲਹਿਰ ਚਲਾਈਏ। ਉਂਜ ਵੀ ਉਸ ਵਕਤ ਦੀ ਜ਼ਿੰਦਗੀ ਅਤੇ ਅੱਜ ਵਾਲੇ ਸਮੇਂ ਦੇ ਜੀਵਨ ਵਿੱਚ ਕਈ ਵਖਰੇਵੇਂ ਹਨ। ਉਨ੍ਹਾਂ ਸਮਿਆਂ ਵਿੱਚੋਂ ਸਹਿਜਤਾ ਬੇਹੱਦ ਜ਼ਰੂਰੀ ਸਲੀਕਾ ਹੈ ਜੋ ਅਜੋਕੇ ਮਨੁੱਖ ਦੇ ਦਿਲੋਂ ਵਿਸਰ ਗਿਆ ਹੈ। ਅੱਜ ਦਾ ਮੁਨੱਖ ਬਹੁਤ ਕਾਹਲੀ ਵਿੱਚ ਹੈ। ਇਹ ਕਾਹਲੀ ਹੀ ਇਸਨੂੰ ਕੁਦਰਤੀ ਵਤੀਰਿਆਂ ਤੋਂ ਦੂਰ ਕਰ ਰਹੀ ਹੈ। ਫਿਰ ਭਲਾਂ ਤੁਸੀਂ ਆਪ ਸੋਚੋ ਕੁਦਰਤ ਨਾਲੋਂ ਟੁੱਟ ਕੇ ਕੋਈ ਆਰਾਮਦਾਇਕ ਜ਼ਿੰਦਗੀ ਕਿਵੇਂ ਬਸਰ ਕਰ ਸਕਦਾ ਹੈ? ਕਿਸੇ ਸ਼ਹਿਰ ਦੇ ਚੌਕ ਵਿੱਚ ਖੜ੍ਹ ਕੇ ਆਉਂਦੇ ਜਾਂਦੇ ਲੋਕਾਂ ਨੂੰ ਦੇਖੋ ਤਾਂ ਕੀੜਿਆਂ ਦੇ ਭੌਣ ਲਾਗੇ ਫਿਰਦੇ ਕੀੜਿਆਂ ਦਾ ਦ੍ਰਿਸ਼ ਖ਼ੁਦ ਹੀ ਜ਼ਿਹਨ ਵਿੱਚ ਆ ਜਾਂਦਾ ਹੈ।



# ਦੇਸੀ ਤੜਕਾ

## ਦਹੀਂ ਸੈਂਡਵਿਚ



| | | | | | |
|---|---|---|---|---|---|
| ਸਮੱਗਰੀ | | | ਸਵੀਟ ਕਾਰਨ | - | 40 ਗ੍ਰਾਮ |
| ਹੰਗ ਦਹੀਂ | - | 210 ਗ੍ਰਾਮ | ਅਦਰਕ | - | 1/2 ਚੱਮਚ |
| ਐੱਗਲੈਸ ਮੇਯੋਨੇਜ | - | 75 ਗ੍ਰਾਮ | ਕਾਲੀ ਮਿਰਚ | - | 1/2 ਚੱਮਚ |
| ਗਾਜਰ | - | 45 ਗ੍ਰਾਮ | ਨਮਕ | - | 1 ਚੱਮਚ |
| ਗੋਭੀ | - | 30 ਗ੍ਰਾਮ | ਮੱਖਣ | - | ਬ੍ਰਸ਼ਿੰਗ ਲਈ |
| ਸ਼ਿਮਲਾ ਮਿਰਚ | - | 40 ਗ੍ਰਾਮ | ਬਰੈੱਡ ਸਲਾਈਸ | | |

ਸੈਂਡਵਿਚ ਦੇਖਦੇ ਹੀ ਸਾਰਿਆਂ ਦੇ ਮੂੰਹ ’ਚ ਪਾਣੀ ਆਉਣ ਲੱਗਦਾ ਹੈ। ਇਸ ਨੂੰ ਤੁਸੀਂ ਗਰਿਲ ਕਰਕੇ ਜਾਂ ਫਿਰ ਬਿਨ੍ਹਾਂ ਗਰਿਲ ਕੀਤੇ ਸਿੰਪਲ ਤਰੀਕੇ ਨਾਲ ਬਣਾ ਸਕਦੇ ਹੋ। ਅੱਜ ਅਸੀਂ ਤੁਹਾਨੂੰ ਗਰਿਲ ਦਹੀਂ ਵਾਲੇ ਸੈਂਡਵਿਚ ਦੀ ਰੈਸਿਪੀ ਦੱਸਣ ਜਾ ਰਹੇ ਹਾਂ, ਜੋ ਸਾਰਿਆਂ ਨੂੰ ਪਸੰਦ ਆਵੇਗਾ। ਆਓ ਜਾਣਦੇ ਹਾਂ ਇਸ ਦੀ ਵਿਧੀ ਬਾਰੇ।

1. ਬਾਊਲ ਵਿਚ ਬਰੈੱਡ ਸਲਾਈਸ ਛੱਡ ਕੇ ਸਾਰੀ ਸਮੱਗਰੀ ਪਾ ਕੇ ਚੰਗੀ ਤਰ੍ਹਾਂ ਨਾਲ ਮਿਲਾ ਲਓ।
2. ਹੁਣ ਬਰੈੱਡ ਸਲਾਈਸ ਲੈ ਕੇ ਇਸ ਦੇ ਕੰਢੇ ਕੱਟ ਲਓ।
3. ਫਿਰ ਇਕ ਬਰੈੱਡ ਸਲਾਈਸ ਲੈ ਕੇ ਇਸ ਦੇ ‘ਤੇ ਤਿਆਰ ਕੀਤਾ ਹੋਇਆ ਮਿਸ਼ਰਣ ਫੈਲਾਓ।
4. ਇਸ ਨੂੰ ਦੂੱਜੇ ਬਰੈੱਡ ਸਲਾਈਸ ਨਾਲ ਕਵਰ ਕਰੋ।
5. ਹੁਣ ਇਸਨੂੰ ਗਰਿਲ ਪੈਨ ‘ਤੇ ਰੱਖੋ ਅਤੇ ਇਸ ਦੇ ‘ਤੇ ਮੱਖਣ ਫੈਲਾ ਕੇ ਘੱਟ ਗੈਸ ‘ਤੇ 2-3 ਮਿੰਟ ਤੱਕ ਸੇਕ ਲਓ।
6. ਫਿਰ ਇਸ ਨੂੰ ਪਲਟ ਦਿਓ ਅਤੇ ਇਸ ਦੇ ‘ਤੇ ਮੱਖਣ ਫੈਲਾਓ।
7. ਇਸ ਨੂੰ ਘੱਟ ਗੈਸ ‘ਤੇ 2-3 ਮਿੰਟ ਤੱਕ ਸੇਕ ਲਓ। ਜਦੋਂ ਤੱਕ ਇਹ ਸੁਨਹਰੀ ਬਰਾਊਨ ਅਤੇ ਕਰਿਸਪੀ ਨਾ ਹੋ ਜਾਵੇ।
8. ਇਸ ਤੋਂ ਬਾਅਦ ਪੈਨ ਤੋਂ ਹਟਾ ਕੇ ਇਸ ਨੂੰ ਅੱਧਾ ਕਰ ਲਓ।
9. ਸੈਂਡਵਿਚ ਬਣ ਕੇ ਤਿਆਰ ਹੈ। ਇਸ ਨੂੰ ਸਾਓਸ ਨਾਲ ਸਰਵ ਕਰੋ।

## ਸੂਜੀ ਦੇ ਰੱਸਗੁੱਲ



| | |
|---|---|
| ਸਮੱਗਰੀ | - 2 ਚਮਚ ਪਿਸਤਾ |
| - 1 ਗਿਲਾਸ ਦੁੱਧ | - 2 ਚਮਚ ਕਾਜੂ |
| - 40 ਗ੍ਰਾਮ ਚੀਨੀ | - 2 ਚਮਚ ਸੋਗੀ |
| - 360 ਗ੍ਰਾਮ ਸੂਜੀ | - ਪਾਣੀ |
| - ਘਿਓ | - 2/3 ਇਲਾਇਚੀ |
| - ਬਾਰੀਕ ਕੱਟੇ ਹੋਏ ਬਾਦਾਮ | - 450 ਗ੍ਰਾਮ ਚੀਨੀ |

1. ਇਕ ਪੈਨ ‘ਚ 1 ਗਿਲਾਸ ਦੁੱਧ ਪਾਓ ਥੋੜ੍ਹਾ ਗਰਮ ਹੋਣ ‘ਤੇ ਇਸ ‘ਚ 2 ਚਮਚ ਘਿਓ ਪਾ ਦਿਓ।
2. ਫਿਰ ਇਸ ‘ਚ 40 ਗ੍ਰਾਮ ਚੀਨੀ ਪਾ ਚੰਗੀ ਤਰ੍ਹਾਂ ਮਿਕਸ ਕਰ ਲਓ।
3. ਫਿਰ ਇਸ ‘ਚ 360 ਗ੍ਰਾਮ ਸੂਜੀ ਪਾਓ ਅਤੇ ਚੰਗੀ ਤਰ੍ਹਾਂ ਮਿਕਸ ਕਰੋ। ਜਦੋਂ ਤੱਕ ਇਹ ਸੰਘਣੀ ਨਾ ਹੋ ਜਾਵੇ।
4. ਫਿਰ ਇਸ ਨੂੰ ਗੈਸ ਤੋਂ ਉੱਤਾਰ ਲਓ। ਫਿਰ ਇਸ ‘ਚ 1 ਚਮਚ ਘਿਓ ਪਾਓ ਅਤੇ ਚੰਗੀ ਤਰ੍ਹਾਂ ਮਸਲ ਲਓ।
5. ਫਿਰ ਇਕ ਵੱਖਰੀ ਕਟੋਰੀ ‘ਚ 2 ਚਮਚ ਬਾਰੀਕ ਬਾਦਾਮ ਕੱਟੇ ਹੋਏ, 2 ਚਮਚ ਪਿਸਤਾ, 2 ਚਮਚ ਕਾਜੂ, 2 ਚਮਚ ਸੋਗੀ ਪਾਓ ਇਨ੍ਹਾਂ ਨੂੰ ਚੰਗੀ ਤਰ੍ਹਾਂ ਮਿਕਸ ਕਰ ਲਓ।
6. ਫਿਰ ਇਕ ਵੱਖਰੀ ਕਟੋਰੀ ‘ਚ ਘਿਓ ਲਓ।
7. ਘਿਓ ਨੂੰ ਆਪਣੇ ਹੱਥਾਂ ‘ਤੇ ਲਗਾਓ ਅਤੇ ਤਿਆਰ ਕੀਤੇ ਸੂਜੀ ਦੇ ਮਿਸ਼ਰਣ ਨੂੰ ਆਪਣੇ ਹੱਥਾ ‘ਚ ਲਓ। ਇਸ ਸੂਜੀ ‘ਚ ਥੋੜ੍ਹਾ ਜਿਹਾ ਕਾਜੂ,ਬਾਦਾਮ, ਸੌਗੀ ਲਓ ਅਤੇ ਸੂਜੀ ਨੂੰ ਗੋਲ ਸ਼ੇਪ ਦਿੰਦੇ ਹੋਏ ਇਸ ‘ਚ ਫਿਲ ਕਰ ਲਓ।
8. ਜਦੋਂ ਇਹ ਸਾਰੇ ਗੋਲ ਆਕਾਰ ਦੀ ਸ਼ੇਪ ‘ਚ ਕਰ ਲਓ ਤਾਂ ਇਸ ਨੂੰ ਇਕ ਪਲੇਟ ‘ਚ ਰੱਖ ਲਓ।
9. ਇਕ ਵੱਖਰੇ ਪੈਨ ‘ਚ 900 ਮਿ.ਲੀ. ਪਾਣੀ ਪਾਓ ਅਤੇ 450 ਗ੍ਰਾਮ ਚੀਨੀ ਅਤੇ ਇਲਾਇਚੀ ਪਾ ਕੇ ਮਿਕਸ ਕਰੋ ਅਤੇ ਚਾਸ਼ਨੀ ਬਣਾ ਲਓ।
10. ਫਿਰ ‘ਚ ਸਾਰੇ ਬਾਊਲ ਪਾ ਕੇ 7 ਤੋਂ 10 ਮਿੰਟ ਤੱਕ ਪਾ ਕੇ ਢੱਕ ਕੇ ਰੱਖ ਦਿਓ।
11. 10 ਮਿੰਟਾਂ ਬਾਅਦ ਇਸ ਨੂੰ ਕੱਢ ਕੇ ਗਰਮ-ਗਰਮ ਸਰਵ ਕਰੋ।

# ਤਕਨਾਲੋਜੀ ਟਾਈਮਜ਼

## ਗੂਗਲ ਦੀ ਸਭ ਤੋਂ ਵੱਡੀ ਡਿਵੈਲਪਰ ਕਾਨਫਰੰਸ Google I/O 2025 ਵਿੱਚ ਕੀਤੇ ਕਈ ਵੱਡੇ ਐਲਾਨ

ਗੂਗਲ ਦੀ ਸਭ ਤੋਂ ਵੱਡੀ ਡਿਵੈਲਪਰ ਕਾਨਫਰੰਸ Google I/O 2025 ਸ਼ੁਰੂ ਹੋ ਗਈ ਹੈ। ਸਭ ਤੋਂ ਪਹਿਲਾਂ ਗੂਗਲ ਦੇ ਸੀਈਓ ਸੁੰਦਰ ਪਿਚਾਈ ਦਾ ਮੁੱਖ ਭਾਸ਼ਣ ਸੀ। Google I/O 2025 ਵਿੱਚ ਕੰਪਨੀ ਨੇ ਕਈ ਵੱਡੇ ਐਲਾਨ ਕੀਤੇ ਹਨ। ਕੰਪਨੀ ਨੇ ਕਿਹਾ ਹੈ ਕਿ ਗੂਗਲ ਸਰਚ 'ਤੇ ਦਿਖਾਈ ਦੇਣ ਵਾਲੇ ਏਆਈ ਓਵਰਵਿਊ ਦੇ ਯੂਜ਼ਰਸ ਵੱਧ ਰਹੇ ਹਨ। ਹਰ ਮਹੀਨੇ 1 ਅਰਬ ਤੋਂ ਵੱਧ ਯੂਜ਼ਰਸ ਇਸ ਵਿਸ਼ੇਸ਼ਤਾ ਦੀ ਵਰਤੋਂ ਕਰ ਰਹੇ ਹਨ। ਕੰਪਨੀ ਨੇ ਆਪਣੇ ਗੂਗਲ ਆਈ/ਓ 2025 ਈਵੈਂਟ ਦੀ ਸ਼ੁਰੂਆਤ ਏਆਈ ਨਾਲ ਕੀਤੀ ਹੈ। ਇਹ ਦਰਸਾਉਂਦਾ ਹੈ ਕਿ ਬ੍ਰਾਂਡ ਅੀ 'ਤੇ ਵਧੇਰੇ ਕੇਂਦਰਿਤ ਹੈ। ਕੰਪਨੀ ਨੇ ਗੂਗਲ ਬੀਮ ਦਾ ਐਲਾਨ ਵੀ ਕੀਤਾ ਹੈ, ਜੋ ਕਿ ਇੱਕ ਵੀਡੀਓ ਪਲੇਟਫਾਰਮ ਹੈ। ਇਹ ਪਲੇਟਫਾਰਮ ਤੁਹਾਨੂੰ 6 ਕੋਣਾਂ ਤੋਂ ਕੈਪਚਰ ਕਰਦਾ ਹੈ। HP ਇਸ ਵਿਸ਼ੇਸ਼ਤਾ ਦੇ ਨਾਲ ਆਪਣਾ ਪਹਿਲਾ ਡਿਵਾਈਸ ਲਾਂਚ ਕਰੇਗਾ।

ਗੂਗਲ ਨੇ AI ਅਨੁਵਾਦ ਦਾ ਵੀ ਐਲਾਨ ਕੀਤਾ ਹੈ, ਜੋ ਕਿ ਅਸਲ ਸਮੇਂ ਵਿੱਚ ਕੰਮ ਕਰੇਗਾ। ਕੰਪਨੀ ਨੇ ਇਸ ਪ੍ਰੋਗਰਾਮ ਵਿੱਚ ਦਿਖਾਇਆ ਹੈ ਕਿ Gemini AI ਕਿਵੇਂ ਸੁਧਾਰ ਕਰ ਰਿਹਾ ਹੈ। ਜੈਮਿਨੀ ਲਾਈਵ ਨੂੰ ਰੋਲ ਆਊਟ ਕਰ ਦਿੱਤਾ ਗਿਆ ਹੈ।




### ਨੇਟਿਵ ਆਡੀਓ ਦਾ ਮਿਲੇਗਾ ਫੀਚਰ

Gmail ਵਿੱਚ ਨਿੱਜੀ ਜਵਾਬ ਦੇਣ ਦੀ ਵਿਸ਼ੇਸ਼ਤਾ ਉਪਲਬਧ ਹੋਵੇਗੀ। ਇਹ ਵਿਸ਼ੇਸ਼ਤਾ ਇਸ ਸਾਲ ਗਾਹਕਾਂ ਲਈ ਉਪਲਬਧ ਹੋਵੇਗੀ। ਗੂਗਲ ਜੈਮਿਨੀ ਅਫੀ ਵਿੱਚ ਨੇਟਿਵ ਆਡੀਓ ਵਿਸ਼ੇਸ਼ਤਾ ਸ਼ਾਮਲ ਕੀਤੀ ਗਈ ਹੈ। ਇਹ ਵਿਸ਼ੇਸ਼ਤਾ ਵੱਖ-ਵੱਖ ਭਾਸ਼ਾਵਾਂ ਦੇ ਸਮਰਥਨ ਦੇ ਨਾਲ ਆਉਂਦੀ ਹੈ। ਹੁਣ ਤੱਕ ਗੂਗਲ ਨੇ ਇਸ ਈਵੈਂਟ ਵਿੱਚ ਸਿਰਫ਼ ਜੈਮਿਨੀ ਅਤੇ ਏਆਈ ਵਿਸ਼ੇਸ਼ਤਾਵਾਂ 'ਤੇ ਧਿਆਨ ਕੇਂਦਰਿਤ ਕੀਤਾ ਹੈ।

### API ਲਈ ਕਈ ਫੀਚਰਸ ਦਾ ਹੋਇਆ ਐਲਾਨ

API ਵਰਜਨ ਲਈ ਜ਼ਿਆਦਾਤਰ ਫੀਚਰਸ ਦਾ ਐਲਾਨ ਕੀਤਾ ਗਿਆ ਹੈ। ਗੂਗਲ ਨੇ ਦਿਖਾਇਆ ਹੈ ਕਿ ਕਿਵੇਂ ਆਪਣੀਆਂ ਨਵੀਨਤਮ ਵਿਸ਼ੇਸ਼ਤਾਵਾਂ ਦੀ ਮਦਦ ਨਾਲ ਕੋਈ ਵਿਅਕਤੀ ਬਿਨਾਂ ਕਿਸੇ ਕੋਡਿੰਗ ਗਿਆਨ ਦੇ ਵੀ ਆਪਣੀ ਐਪ ਵਿਕਸਤ ਕਰ ਸਕਦਾ ਹੈ। ਨਾਲ ਹੀ ਇਹ ਇਸ ਵਿੱਚ ਨੇਟਿਵ ਆਡੀਓ ਵਰਗੀਆਂ ਕਈ ਨਵੀਨਤਮ ਵਿਸ਼ੇਸ਼ਤਾਵਾਂ ਸ਼ਾਮਲ ਕਰ ਸਕਦਾ ਹੈ।

### ਗੂਗਲ ਸਰਚ 'ਤੇ ਦਿਸੇਗਾ AI Mode

AI Mode ਦਾ ਐਲਾਨ ਵੀ ਕੀਤਾ ਗਿਆ ਹੈ। ਇਸਦੀ ਮਦਦ ਨਾਲ ਤੁਹਾਨੂੰ ਆਪਣੇ ਲੰਬੇ ਸਵਾਲਾਂ ਦੇ ਜਵਾਬ ਮਿਲਣਗੇ। ਇਹ ਵਿਸ਼ੇਸ਼ਤਾ ਗੂਗਲ ਸਰਚ ਪੇਜ 'ਤੇ ਇੱਕ ਵੱਖਰੇ ਟੈਬ ਦੇ ਰੂਪ ਵਿੱਚ ਉਪਲਬਧ ਹੋਵੇਗੀ। ਇਹ ਵਿਸ਼ੇਸ਼ਤਾ ਸਭ ਤੋਂ ਪਹਿਲਾਂ ਅਮਰੀਕੀ ਬਾਜ਼ਾਰ ਵਿੱਚ ਉਪਲਬਧ ਹੋਵੇਗੀ। ਅੀ ਮੋਡ ਵਿੱਚ ਤੁਹਾਨੂੰ ਘੋਗਲਏ ਦੀਆਂ ਕਈ ਵਿਸ਼ੇਸ਼ਤਾਵਾਂ ਦਾ ਸੁਮੇਲ ਦਿਖਾਈ ਦੇਵੇਗਾ। ਇਹ ਸਾਡੇ ਅਤੇ ਤੁਹਾਡੇ ਗੂਗਲ 'ਤੇ ਖੋਜ ਕਰਨ ਦੇ ਤਰੀਕੇ ਨੂੰ ਬਦਲ ਦੇਵੇਗਾ। ਇਸ ਵਿੱਚ ਤੁਹਾਨੂੰ ਟੈਕਸਟ ਦੇ ਨਾਲ ਫੋਟੋਆਂ ਅਤੇ ਲਿੰਕ ਵੀ ਮਿਲਣਗੇ। ਡੀਪ ਸਰਚ ਫੀਚਰ ਏਆਈ ਮੋਡ ਵਿੱਚ ਵੀ ਉਪਲਬਧ ਹੋਵੇਗਾ। ਗੂਗਲ ਜਲਦੀ ਹੀ ਇਸ ਵਿਸ਼ੇਸ਼ਤਾ ਨੂੰ ਜੋੜੇਗਾ। ਡਾਟਾ ਵਿਜ਼ੂਅਲਾਈਜ਼ੇਸ਼ਨ ਅਤੇ ਗੁੰਝਲਦਾਰ ਵਿਸ਼ਲੇਸ਼ਣ ਵਿਸ਼ੇਸ਼ਤਾਵਾਂ ਨੂੰ ਜਲਦੀ ਹੀ ਏਆਈ ਮੋਡ ਵਿੱਚ ਜੋੜਿਆ ਜਾਵੇਗਾ। ਗੂਗਲ ਲੈਂਸ ਦੀ ਵਰਤੋਂ ਹਰ ਮਹੀਨੇ 1.5 ਬਿਲੀਅਨ ਤੋਂ ਵੱਧ ਯੂਜ਼ਰਸ ਕਰਦੇ ਹਨ। ਇਸ ਮੋਡ ਵਿੱਚ ਸਰਚ ਲਾਈਵ ਫੀਚਰ ਵੀ ਉਪਲਬਧ ਹੋਵੇਗਾ।

### ਸ਼ਾਪਿੰਗ ਦਾ ਤਰੀਕਾ ਬਦਲਣਗੇ AI Agents

ਗੂਗਲ ਨੇ ਖਰੀਦਦਾਰੀ ਲਈ ਨਵੇਂ ਫੀਚਰਸ ਦਾ ਵੀ ਐਲਾਨ ਕੀਤਾ ਹੈ। ਏਆਈ ਦੀ ਮਦਦ ਨਾਲ ਤੁਸੀਂ ਆਪਣੀਆਂ ਕਿਸੇ ਵੀ ਫੋਟੋ ਦੀ ਵਰਤੋਂ ਕਰਕੇ ਦੇਖ ਸਕਦੇ ਹੋ ਕਿ ਕੋਈ ਪਹਿਰਾਵਾ ਤੁਹਾਡੇ 'ਤੇ ਕਿਵੇਂ ਦਿਖਾਈ ਦੇਵੇਗਾ। ਗੂਗਲ ਸਰਚ ਤੁਹਾਡੀ ਜ਼ਰੂਰਤ ਅਤੇ ਬਜਟ ਦੇ ਅਨੁਸਾਰ ਸਾਰੀਆਂ ਵੈੱਬਸਾਈਟਾਂ ਨੂੰ ਟਰੈਕ ਕਰੇਗਾ ਅਤੇ ਤੁਹਾਨੂੰ ਜਾਣਕਾਰੀ ਦੇਵੇਗਾ। ਏਆਈ ਏਜੰਟ ਤੁਹਾਡੇ ਲਈ ਇਹ ਸਭ ਕਰੇਗਾ। ਏਆਈ ਏਜੰਟ ਵੀ ਤੁਹਾਡੇ ਲਈ ਖਰੀਦਦਾਰੀ ਕਰ ਸਕਦਾ ਹੈ। ਗੂਗਲ ਵੀਓ ਵਿੱਚ ਤੁਹਾਨੂੰ ਬਹੁਤ ਸਾਰੀਆਂ ਨਵੀਆਂ ਵਿਸ਼ੇਸ਼ਤਾਵਾਂ ਮਿਲਣਗੀਆਂ। ਇਸਦੀ ਮਦਦ ਨਾਲ ਤੁਸੀਂ ਆਪਣੀਆਂ ਫੋਟੋਆਂ ਜੋੜ ਕੇ ਵੀਡੀਓ ਬਣਾ ਸਕੋਗੇ। ਤੁਸੀਂ ਫੋਟੋਆਂ ਅਤੇ ਪ੍ਰੋਂਪਟ ਦੀ ਵਰਤੋਂ ਕਰਕੇ ਵੀਡੀਓ ਬਣਾਉਣ ਦੇ ਯੋਗ ਹੋਵੋਗੇ। ਗੂਗਲ ਨੇ ਦੋ ਨਵੇਂ ਪਲਾਨਾਂ ਦਾ ਐਲਾਨ ਕੀਤਾ ਹੈ। ਕੰਪਨੀ ਨੇ ਗੂਗਲ ਏਆਈ ਪ੍ਰੋ ਅਤੇ ਗੂਗਲ ਏਆਈ ਅਲਟਰਾ ਦਾ ਐਲਾਨ ਕੀਤਾ ਹੈ। ਇਹਨਾਂ ਸਬਸਕ੍ਰਿਪਸ਼ਨਾਂ ਨਾਲ ਤੁਹਾਨੂੰ ਕਈ ਅੀ ਵਿਸ਼ੇਸ਼ਤਾਵਾਂ ਤੱਕ ਪਹੁੰਚ ਮਿਲੇਗੀ। ਇਸ ਤੋਂ ਇਲਾਵਾ ਤੁਹਾਨੂੰ YouTube ਪ੍ਰੀਮੀਅਮ ਅਤੇ ਮੁਫ਼ਤ ਕਲਾਉਡ ਸਟੋਰੇਜ ਮਿਲੇਗੀ।

### Android XR ਦਾ ਹੋਇਆ ਐਲਾਨ

ਗੂਗਲ ਜੈਮਿਨੀ ਦੇ ਜਆਿਦਾਤਰ ਨਵੀਨਤਮ ਫੀਚਰ ਜਲਦੀ ਹੀ ਐਂਡਰਾਇਡ ਫੋਨਾਂ 'ਤੇ ਉਪਲਬਧ ਹੋਣਗੇ। ਹੁਣ ਤੁਸੀਂ ਆਪਣੀ ਘੜੀ ਅਤੇ ਟੀਵੀ 'ਤੇ ਵੀ ਘੲਮਨਿੀ ਦੀ ਵਰਤੋਂ ਕਰ ਸਕੋਗੇ। ਗੂਗਲ ਅਨਦਰੋਦਿ XR 'ਤੇ ਕੰਮ ਕਰ ਰਿਹਾ ਹੈ। ਇਹ ਪਹਿਲਾ ਪਲੇਟਫਾਰਮ ਹੈ ਜਿਸ 'ਤੇ ਕੰਪਨੀ ਜੈਮਿਨੀ ਯੁੱਗ ਵਿੱਚ ਕੰਮ ਕਰ ਰਹੀ ਹੈ। ਇਹ ਐਪਲ ਵਿਜ਼ਨ ਪ੍ਰੋ ਲਈ ਕੰਪਨੀ ਦਾ ਜਵਾਬ ਹੋਵੇਗਾ। ਗੂਗਲ ਇਸ ਪਲੇਟਫਾਰਮ ਨੂੰ ਸੈਮਸੰਗ ਅਤੇ ਕੁਆਲਕਾਮ ਦੇ ਸਹਿਯੋਗ ਨਾਲ ਵਿਕਸਤ ਕਰ ਰਿਹਾ ਹੈ। ਤੁਸੀਂ ਇਸ ਪਲੇਟਫਾਰਮ 'ਤੇ ਸਾਰੀਆਂ ਗੂਗਲ ਐਪਸ ਤੱਕ ਪਹੁੰਚ ਕਰ ਸਕੋਗੇ।

ਤੁਸੀਂ Samsung Project Moohan ਤਹਿਤ ਇਹਨਾਂ ਵਿਸ਼ੇਸ਼ਤਾਵਾਂ ਨੂੰ ਐਕਸੈੱਸ ਕਰਨ ਦੇ ਯੋਗ ਹੋਵੋਗੇ। ਕੰਪਨੀ ਨੇ ਮੇਟਾ ਨਾਲ ਮੁਕਾਬਲਾ ਕਰਨ ਲਈ ਗੂਗਲ ਐਂਡਰਾਇਡ ਐਕਸਆਰ ਗਲਾਸ ਦਾ ਐਲਾਨ ਕੀਤਾ ਹੈ। ਤੁਸੀਂ ਇਨ੍ਹਾਂ ਐਨਕਾਂ 'ਤੇ ਜੇਮਿਨੀ ਏਆਈ ਦੀ ਵਰਤੋਂ ਵੀ ਕਰ ਸਕੋਗੇ। ਇਸ ਸਾਲ ਦੇ ਅੰਤ ਤੋਂ ਕੰਪਨੀਆਂ ਐਂਡਰਾਇਡ ਐਕਸਆਰ ਦੀ ਵਰਤੋਂ ਕਰਕੇ ਆਪਣੇ ਐਨਕਾਂ ਬਣਾ ਸਕਣਗੀਆਂ। ਫਾਇਰਸੈਟ ਦਾ ਐਲਾਨ ਕਰ ਦਿੱਤਾ ਗਿਆ ਹੈ, ਇਹ ਕੀ ਹੈ ਅਤੇ ਅੱਗ ਲੱਗਣ ਦੀ ਸਥਿਤੀ ਵਿੱਚ ਇਹ ਕਿਵੇਂ ਮਦਦ ਕਰੇਗਾ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਮੌਕੇ ਦੀਆਂ ਗੱਪਾਂ



ਜਿਸ ਦਿਨ ਸੌਦਾ ਸਾਧ ਨੂੰ ਬਲਾਤਕਾਰ ਦੇ ਦੋਸ਼ ਤਾਹਿਤ ਅਦਾਲਤ ਨੇ ਦੋਸ਼ੀ ਮੰਨ ਕੇ ਜੇਲ੍ਹ ਭੇਜ ਦਿੱਤਾ, ਉਸ ਦਿਨ ਤੋਂ ਹੀ ਮੌਕੇ ਦੀਆਂ ਗੱਪ ਖ਼ਬਰਾਂ ਦਾ ਬਜ਼ਾਰ ਧੁੱਖਦਾ ਧੁੱਖਦਾ ਭਾਂਬੜ ਦੇ ਰੂਪ ਵਿੱਚ ਬਦਲ ਗਿਆ। ਰਾਮ ਰਹੀਮ ਸੌਦੇ ਸਾਧ ਦੇ ਜੇਲ੍ਹ ਪਹੁੰਚਦਿਆਂ ਹੀ ਮੌਕੇ ਦੀਆਂ ਗੱਪਾਂ ਪਿੰਡ 'ਚ ਲੱਗੇ ਲਾਊਡ ਸਪੀਕਰ ਵਾਂਗ ਸੁਣਾਈ ਦੇਣ ਲੱਗ ਪਈਆਂ। ਜਿੰਨੇ ਮੂੰਹ ਓਨੀਆਂ ਹੀ ਗੱਲਾਂ। ਕੋਈ ਕਹਿੰਦਾ 'ਸਾਧ ਦੇ ਘੋਚਰੇ ਕੱਢ 'ਤੇ। ਕੋਈ ਕਹਿੰਦਾ ਮੱਕੂ ਬੰਨ੍ਹ 'ਤਾ। ਕੋਈ ਕਹੀ ਜਾਂਦੈ ਪੂਜ 'ਤਾ ਹਰਦੁਆਰੀ ਸੰਖ ਆਂਗੂੰ। ਕੋਈ ਕੁਸ ਤੇ ਕੋਈ ਕੁਸ। ਜਿਵੇਂ ਕਹਿੰਦੇ ਹੁੰਦੇ ਹਨ ਕਿ 'ਫ਼ਲਾਨੇ ਨੂੰ ਕੁੱਟਿਆ ਘੱਟ ਤੇ ਘੜੀਸਿਆ ਬਾਹਲਾ'। ਉਸ ਗੱਲ ਵਾਂਗ ਸੌਦੇ ਸਾਧ ਪ੍ਰਤੀ ਗੱਲਾਂ ਘੱਟ ਤੇ ਅੰਧ ਵਿਸ਼ਵਾਸ਼ ਦੇ ਗੱਪ ਬਹੁਤੇ। ਗੱਪਾਂ ਦੇ ਚੁੱਟਲਕਿਆਂ ਦਾ ਨਾ ਤਾਂ ਅਜੇ ਤੱਕ ਕੁਝ ਬਣਿਐਂ ਤੇ ਨਾ ਹੀ ਕਦੇ ਕੁਝ ਨਿੱਬੜਿਆ। ਵੱਸ! ਐਵੇਂ ਜਾਭਾਂ ਦੇ ਭੇੜ। ਕੋਈ ਤਾਂ ਕਿਸੇ ਗੱਲ ਦੀ ਬਾਂਹ ਫੜ੍ਹ ਕੇ ਖਿੱਚੀ ਫਿਰਦੈ, ਕੋਈ ਲੱਤ ਫੜ੍ਹ ਕੇ ਘਟੀਸ ਰਿਹੈ। ਕਿਸੇ ਨੇ ਗੱਲ ਦਾ ਮੂੰਹ ਸਿਰ ਹੀ ਵਿਗਾੜ ਦਿੱਤਾ। ਜਿਵੇਂ ਕਿਸੇ ਨੂੰ ਕੁਝ ਸੁੱਝਦਾ ਅਗਲਾ ਓਵੇਂ ਕਹੀ ਜਾਂਦੈ।

ਸਕੂਲੋਂ ਛੁੱਟੀ ਕਰਕੇ ਸੱਥ ਕੋਲ ਦੀ ਲੰਘੇ ਜਾਂਦੇ ਨਵੇਂ ਮਾਸਟਰ ਬਣੇ ਗਿਆਨੀ ਜੱਸਾ ਸਿਉਂ ਦੇ ਮੁੰਡੇ ਜਗਪਾਲ ਨੂੰ ਪਿੰਡ ਦੀ ਸੱਥ 'ਚ ਬੈਠੇ ਬਾਬੇ ਪਾਖਰ ਸਿਉਂ ਨੇ ਬਜ਼ੁਰਗ ਅਵਸਥਾ 'ਚੋਂ ਆਵਾਜ਼ ਮਾਰੀ, ''ਪਾਲ! ਪੁੱਤ ਗੱਲ ਸੁਣ ਕੇ ਜਾਈਂ ਓਏ।''

ਬਾਬੇ ਪਾਖਰ ਸਿਉਂ ਦੀ ਆਵਾਜ਼ ਸੁਣਦੇ ਸਾਰ ਹੀ ਜਗਪਾਲ ਮਾਸਟਰ ਇੱਕ ਦਮ ਕੂਹਣੀ ਮੋੜ ਮੁੜ ਕੇ ਬਾਬੇ ਦੇ ਕੋਲ ਇਉਂ ਆ ਬੈਠਾ ਜਿਮੇਂ ਵੜੇਵਿਆਂ ਵਾਲੀ ਬੋਰੀ ਖੂੰਜੇ ਲਾ ਦਿੱਤੀ ਹੋਵੇ। ਸੱਥ ਵਾਲੇ ਥੜ੍ਹੇ 'ਤੇ ਬੈਠਦਿਆਂ ਹੀ ਜਗਪਾਲ ਬੋਲਿਆ, ''ਹਾਂ ਬਾਬਾ ਜੀ।''

ਬਾਬਾ ਕਹਿੰਦਾ, ''ਯਾਰ ਤੂੰ ਤਾਂ ਮਾਹਟਰ ਲੱਗਿਆਂ ਵਿਐਂ, ਤੈਨੂੰ ਤਾਂ ਖਬਰਾਂ ਖੁਬਰਾਂ ਮਿਲਦੀਆਂ ਹੋਣਗੀਆਂ, ਆਹ ਸੌਦੇ ਸਾਧ ਆਲੀ ਗੱਲ ਹੁਣ ਕਿੱਥੋਂ ਕੁ ਤੱਕ ਅੱਪੜੀ ਐ। ਸੁਣਿਐਂ ਉਹ ਜੇਲ੍ਹ 'ਚੋਂ ਕਹਿੰਦੇ ਚਿੜੀ ਬਣ ਕੇ ਨਿੱਕਲ ਗਿਆ, ਸੱਚੀ ਗੱਲ ਐ?''

ਬਾਬੇ ਦੀ ਗੱਲ ਸੁਣ ਕੇ ਮਾਸਟਰ ਮੁਸ਼ਕਣੀਆਂ ਹੱਸ ਕੇ ਕਹਿੰਦਾ, ''ਜਦੋਂ ਬਾਬਾ ਜੀ ਮੈਂ ਛੁੱਟੀ ਕਰਕੇ ਸਕੂਲੋਂ ਨਿੱਕਲਿਆ ਤਾਂ ਗਾਮੇ ਪ੍ਰੇਮੀ ਕਾ ਸੁੱਖਾ ਆਵਦੇ ਦਰਾਂ ਮੂਹਰੇ ਖੜ੍ਹਾ ਮੈਨੂੰ ਦੱਸਣ ਲੱਗ ਪਿਆ ਅਕੇ ਕੱਲ੍ਹ ਪਿਤਾ ਜੀ ਚਾਰ ਪੰਜ ਘੰਟੇ ਕਬੂਤਰ ਬਣ ਕੇ ਜੇਲ੍ਹ 'ਤੇ ਉੱਡਿਆ ਫਿਰਦਾ ਰਿਹੈ। ਜੇਲ੍ਹ ਵਾਲਿਆਂ ਦੇ ਭਾਅ ਦੀ ਬਣ ਗੀ ਬਈ ਬਾਬਾ ਗਿਆ ਕਿੱਥੇ। ਜੇਲ੍ਹ ਦੇ ਵੱਡੇ ਅਫ਼ਸਰਾਂ ਨੇ ਵੀ ਸਾਰੀ ਜੇਲ੍ਹ ਪੱਤ ਪੱਤ ਕਰਕੇ ਫਰੋਲ 'ਤੀ। ਅਕੇ ਜਦੋਂ ਬਾਬਾ ਥਿਆਇਆ ਨਾ, ਫੇਰ ਮੋਦੀ ਨੂੰ ਫੋਨ ਕੀਤਾ ਬਈ ਬਾਬਾ ਜੀ ਤਾਂ ਜੇਲ੍ਹ 'ਚੋਂ ਰੂਹ ਪੋਸ਼ ਹੋ ਗੇ, ਥਿਆਹ ਨ੍ਹੀ ਰਹੇ ਹੁਣ ਕੀ ਕਰੀਏ। ਅਕੇ ਮੋਦੀ ਕਹਿੰਦਾ 'ਉਹ ਤਾਂ ਮੇਰੇ ਕੋਲ ਬੈਠੇ ਐ। ਤੁਸੀਂ ਫਿਕਰ ਨਾ ਕਰੋ, ਦੋ ਕੁ ਘੰਟਿਆਂ ਤੱਕ ਆ ਜਾਂਦੇ ਐ। ਰੋਟੀ ਖੁਆ ਕੇ ਭੇਜੂੰਗਾ। ਲੈ ਦੱਸੋ, ਕੀ ਕਰੀਏ ਲੋਕਾਂ ਦਾ। ਅੰਧ ਵਿਸ਼ਵਾਸ਼ ਨ੍ਹੀ ਤਾਂ ਹੋਰ ਕੀਐ ਇਹੇ। ਇਹਨੂੰ ਮੌਕੇ ਦੀਆਂ ਗੱਪ ਖ਼ਬਰਾਂ ਕਹਿੰਦੇ ਐ ਬਾਬਾ ਜੀ।''

ਬੁੱਘਰ ਦਖਾਣ ਕਹਿੰਦਾ, ''ਸੁਰਜਨ ਬੁੜ੍ਹੇ ਦੀ ਨੂੰਹ ਵੀ ਬਾਹ਼ਲੀ ਵੱਡੀ ਪ੍ਰੇਮਣ ਐ। ਉਹ ਪਤਾ ਕੀ ਬੋਲਦੀ ਐ, ਅਕੇ 'ਪਿਤਾ ਜੀ ਸੁਬ੍ਹਾ ਤਿੰਨ ਵਜੇ ਸਰਸੇ ਆ ਕੇ ਨਹਾ ਕੇ ਦਿਨ ਚੜ੍ਹਦੇ ਨੂੰ ਫੇਰ ਪਹੁੰਚ ਜਾਂਦੇ ਐ ਰੋਹਤਕ ਜੇਲ੍ਹ 'ਚ। ਜਦੋਂ ਨੂੰ ਦੂਜੇ ਕੈਦੀ ਜਾਗਦੇ ਐ, ਉਨ੍ਹਾਂ ਦੇ ਉੱਠਣ ਤੋਂ ਪਹਿਲਾਂ ਪਿਤਾ ਜੀ ਆਵਦੇ ਕਮਰੇ 'ਚ ਭਜਨ ਬੰਦਗੀ ਕਰੀ ਜਾਂਦੇ ਹੁੰਦੇ ਐ। ਲੈ! ਕਮਰਾ ਦੇ 'ਤਾ ਉਹਨੂੰ ਪੰਜ ਤਾਰਾ ਹੋਟਲ ਦਾ।''

ਰਤਨ ਸਿਉਂ ਸੂਬੇਦਾਰ ਟਿੱਚਰ 'ਚ ਕਹਿੰਦਾ, ''ਪੰਜ ਤਾਰਾ ਨ੍ਹੀ ਤਾਂ ਵੀਹ ਤਾਰਾ ਤਾਂ ਦੇ ਈ ਦਿੱਤਾ।''

ਪ੍ਰਤਾਪਾ ਭਾਊ ਕਹਿੰਦਾ, ''ਚੜ੍ਹਤੇ ਫੌਜੀ ਕਾ ਮੰਗੂ ਕਹੀ ਜਾਂਦਾ ਬਈ ਅਸਲੀ ਬਾਬਾ ਤਾਂ ਬਾਹਰਲੇ ਮੁਲਖ 'ਗਲੈਂਡ ਉਠ ਗਿਆ, ਜੇਲ੍ਹ 'ਚ ਤਾਂ ਨਕਲੀ ਬਾਬੇ ਨੂੰ ਤਾੜੀ ਬੈਠੇ ਐ। ਅਸਲੀ ਬਾਬਾ ਤਾਂ ਥਿਆਇਆ ਨ੍ਹੀ ਕਿਸੇ ਨੂੰ। ਲੈ ਦੱਸੋ ਹੁਣ ਕੀ ਬੁੱਝੀਏ?''

ਭਾਨੇ ਕਾ ਗੋਗੜ੍ਹੀ ਕਹਿੰਦਾ, ''ਨਾਲੇ ਕਹਿੰਦੇ ਬਾਬਾ ਕਦੇ ਸੱਪ ਬਣ ਜਾਂਦੈ, ਜਦੋਂ ਜੇਲ੍ਹ ਆਲੇ ਉਹਨੂੰ ਮਾਰਨ ਉਹਦੇ ਮਗਰ ਭੱਜਦੇ ਐ ਤਾਂ ਬਾਬਾ ਘੁੱਗੀ ਬਣ ਕੇ ਉੱਡ ਜਾਂਦੈ।'' ਗੱਲਾਂ ਸੁਣੀ ਜਾਂਦਾ ਬਜ਼ੁਰਗ ਆਤਮਾ ਸਿਉਂ ਹੱਸ ਕੇ ਕਹਿੰਦਾ, ''ਇਨ੍ਹਾਂ ਨੂੰ ਕਹੋ ਦੱਬੀ ਚੱਲੋ ਜਿਮੇਂ ਗੱਡੀ ਚੱਲਦੀ ਐ ਚਲਾਈ ਚੱਲੋ। ਪ੍ਰੇਮੀਆਂ ਦੀ ਤਾਂ ਘੀਰੂ ਅਮਲੀ ਆਲੀ ਗੱਲ ਐ। ਜਿਮੇਂ ਕਿਸੇ ਦੇ ਮੂੰਹ 'ਤੇ ਕੋਈ ਗੱਲ ਆਉਂਦੀ ਐ ਓਮੇਂ ਈ ਅਗਲਾ ਛੱਡੀ ਜਾਂਦੈ।''




ਪ੍ਰਤਾਪੇ ਭਾਊ ਨੇ ਆਤਮਾ ਸਿਉਂ ਨੂੰ ਪੁੱਛਿਆ, ''ਘੀਰੂ ਅਮਲੀ ਆਲੀ ਤਾਊ ਕਿਮੇਂ ਐਂ ਗੱਲ?''

ਆਤਮਾ ਸਿਉਂ ਕਹਿੰਦਾ, ''ਖਾਸੇ ਚਿਰ ਦੀ ਗੱਲ ਐ। ਸੋਹਲ ਪੱਤੀ ਆਲਾ ਘੀਰੂ ਅਮਲੀ ਕੇਰਾਂ ਬੰਬਾਰ ਹੋ ਗਿਆ। ਚੰਦ ਬਿੰਬਰ ਦਾ ਮੁੰਡਾ ਰੇਸ਼ਮ ਕਿਤੇ ਘੀਰੂ ਨੂੰ ਸ਼ੈਂਕਲ ਦੀ ਪਿਛਲੀ ਕਾਠੀ 'ਤੇ ਬਹਾ ਕੇ ਸ਼ਹਿਰ ਨੂੰ ਡਾਕਦਾਰ ਦੇ ਲੈ ਤੁਰਿਆ। ਘੀਰੂ ਨੇ ਅਮਲ ਭੋਰਾ ਵੱਧ ਖਾ ਲਿਆ। ਸ਼ਹਿਰ ਨੂੰ ਜਾਂਦਿਆਂ ਕਿਤੇ ਘੀਰੂ ਸ਼ੈਂਕਲ ਤੋਂ ਡਿੱਗ ਪਿਆ। ਰੇਸ਼ਮ ਨੂੰ ਪਤਾ ਨਾ ਲੱਗਿਆ ਬਈ ਘੀਰੂ ਰਾਹ ਚੀ ਡਿੱਗ ਪਿਆ ਕਿਤੇ। ਜਦੋਂ ਰੇਸ਼ਮ ਨੇ ਖਾਸੀ ਦੂਰ ਜਾ ਕੇ ਵੇਖਿਆ ਬਈ ਘੀਰੂ ਤਾਂ ਸ਼ੈਂਕਲ 'ਤੇ ਈ ਹੈ ਨ੍ਹੀ। ਉਹ ਪਿੱਛੇ ਮੁੜ ਪਿਆ ਘੀਰੂ ਨੂੰ ਭਾਲਣ। ਜਦੋਂ ਮੁੜੇ ਆਉਂਦੇ ਰੇਸ਼ਮ ਨੇ ਦੇਖਿਆ ਬਈ ਘੀਰੂ ਤਾਂ ਆਹ ਬੈਠੈ ਖਤਾਨਾਂ 'ਚ ਕਾਂਹੀ ਦੇ ਬੂਝੇ ਨੂੰ ਹੱਥ ਪਾਈ। ਰੇਸ਼ਮ ਸ਼ੈਂਕਲ ਖੜ੍ਹਾ ਕਰਕੇ ਘੀਰੂ ਅਮਲੀ ਨੂੰ ਕਹਿੰਦਾ 'ਐਥੇ ਕਿਮੇਂ ਬੈਠੈਂ ਓਏ। ਮੈਨੂੰ ਦੱਸਿਆ ਨ੍ਹੀ ਤੂੰ ਬਈ ਮੈਂ ਡਿੱਗ ਪਿਆਂ', ਅਕੇ ਘੀਰੂ ਨਸ਼ੇ ਦੀ ਲੋਰ 'ਚ ਰੇਸ਼ਮ ਨੂੰ ਕਹਿੰਦਾ 'ਦੱਬੀ ਚੱਲ ਤੂੰ, ਮੈਂ ਤਾਂ ਲੋਟ ਬੈਠੈਂ'। ਨਸ਼ੇ ਦੀ ਪੀਨਕ ਲੱਗੀ ਕਰਕੇ ਘੀਰੂ ਨੂੰ ਇਉਂ ਲੱਗਿਆ ਜਿਮੇਂ ਉਹ ਸ਼ੈਂਕਲ ਦੀ ਕਾਠੀ 'ਤੇ ਈ ਬੈਠਾ ਹੁੰਦੈ। ਬਿੰਬਰ ਦਾ ਮੁੰਡਾ ਘੀਰੂ ਨੂੰ ਕਹਿੰਦਾ 'ਸ਼ੈਂਕਲ 'ਤੇ ਕਿੱਥੇ ਬੈਠੈਂ, ਤੂੰ ਤਾਂ ਸਰ ਦੇ ਬੂਝੇ ਨੂੰ ਜੱਫਾ ਮਾਰੀ ਬੈਠੈਂ। ਉੱਠ ਸ਼ੈਂਕਲ 'ਤੇ ਬੈਠ'। ਰੇਸ਼ਮ ਕਹੀ ਜਾਵੇ 'ਤੂੰ ਬੈਠਾ ਕਿਮੇਂ ਐਂ', ਘੀਰੂ ਕਹੇ 'ਮੈਂ ਤਾਂ ਲੋਟ ਬੈਠਾਂ ਤੂੰ ਦੱਬੀ ਚੱਲ'। ਉਹ ਗੱਲ ਪ੍ਰੇਮੀਆਂ ਦੀ ਐ। ਜਿਮੇਂ ਕਿਸੇ ਨੂੰ ਕੋਈ ਗੱਪ ਸੁਝਦੀ ਐ, ਦੱਬੀ ਜਾਂਦੇ ਐ। ਕਿਹੜਾ ਕੋਈ ਪੁੱਛ ਦੱਸ ਐ ਜਾਂ ਕੋਈ ਟੈਕਸ ਲੱਗਦੈ।''

ਜੰਗੇ ਰਾਹੀ ਕਾ ਤੋਤੀ ਕਹਿੰਦਾ, ''ਮਕੰਦੇ ਬਾਵੇ ਕੀ ਬੁੜ੍ਹੀ ਕਹਿੰਦੀ 'ਜਦੋਂ ਜੇਲ੍ਹ ਦਾ ਲਾਂਗਰੀ ਪਿਤਾ ਜੀ ਵਾਸਤੇ ਰੋਟੀ ਤੇ ਦਾਲ ਭਾਜੀ ਲੈ ਕੇ ਜਾਂਦੇ ਐ ਤਾਂ ਪਿਤਾ ਜੀ ਰੋਟੀਆਂ ਦੇ ਕਦੇ ਤਾਂ ਮਸੋਸੇ ਬਣਾ ਕੇ ਖਾ ਲੈਂਦੇ ਐ। ਕਦੇ ਰੋਟੀਆਂ ਦੀ ਬਰਫੀ ਬਣਾ ਲੈਂਦੇ ਐ। ਜੇਲ੍ਹ ਆਲੇ ਜੋ ਮਰਜੀ ਦੇਈ ਜਾਣ, ਪਰ ਪਿਤਾ ਜੀ ਰੋਟੀਆਂ ਤੇ ਦਾਲ ਭਾਜੀ ਤੋਂ ਆਵਦੇ ਪਸੰਦ ਦਾ ਖਾਣਾ ਬਣਾ ਕੇ ਖਾ ਲੈਂਦੇ ਐ। ਅੰਬ ਦੇ 'ਚਾਰ ਦੀ ਇੱਕ ਫਾੜੀ ਤੋਂ ਪੂਰਾ ਸਾਬਤ ਅੰਬ ਬਣਾ ਲੈਂਦੇ ਐ। 'ਚਾਰ ਆਲੀਆਂ ਮਿਰਚਾਂ ਤੋਂ ਅਕੇ ਕੇਲੇ ਦੀਆਂ ਛੱਲੀਆਂ ਬਣਾ ਕੇ ਖਾ ਲੈਂਦੇ ਐ।''

ਮਦਨ ਪੰਡਤ ਕਹਿੰਦਾ, ''ਮੈਂ ਤਾਂ ਇਉਂ ਵੀ ਸੁਣਿਆਂ ਅਕੇ ਬਾਬਾ ਰਾਤ ਨੂੰ ਸੌਣ ਵੇਲੇ ਇੱਟਾਂ ਆਲੇ ਥੜ੍ਹੇ ਦਾ ਪਲੰਘ ਬਣਾ ਕੇ ਭੂਤਾਂ ਤੋਂ ਪੋਲੇ ਪੋਲੇ ਗੱਦੇ ਮੰਗਵਾ ਕੇ ਸੌਂਦੈ। ਜਦੋਂ ਨੂੰ ਦੂਜੇ ਕੈਦੀ ਉੱਠਦੇ ਐ, ਉਦੋਂ ਨੂੰ ਭੂਤਾਂ ਗੱਦੇ ਤੇ ਪਲੰਘ ਲੈ ਜਾਂਦੀਐ, ਰਾਤ ਨੂੰ ਸਾਉਣ ਵੇਲੇ ਫੇਰ ਮੰਗਵਾ ਲੈਂਦਾ। ਕੋਈ ਸਮਝ ਨ੍ਹੀ ਆਉਂਦੀ ਯਾਰ।''

ਜਾਗਰ ਸਿਉਂ ਠੇਕੇਦਾਰ ਕਹਿੰਦਾ, ''ਮੈਂ ਇਉਂ ਸੁਣਿਐਂ ਬਈ ਬਾਬੇ ਨੇ ਇੱਕ ਦਿਨ ਆਵਦੀ ਬੈਰਕ ਦਾ ਦਰਵਾਜਾ ਈ ਦੂਜੇ ਪਾਸੇ ਕਰ 'ਤਾ। ਜਦੋਂ ਜੇਲ੍ਹ ਆਲੇ ਓਧਰਲੇ ਪਾਸੇ ਦਰਵਾਜੇ ਵੱਲ ਗਏ ਤਾਂ ਫੇਰ ਤੀਜੇ ਪਾਸੇ ਕਰ 'ਤਾ। ਅਕੇ ਜਦੋਂ ਉਹ ਚਾਰੇ ਪਾਸੀਂ ਖੜ੍ਹ ਗੇ ਤਾਂ ਬਾਬੇ ਨੇ ਬੈਰਕ ਦਾ ਦਰਵਾਜਾ ਛੱਤ 'ਤੇ ਜਾ ਕੱਢਿਆ। ਕਹਿੰਦੇ ਬੈਰਕ ਨੂੰ ਇਉਂ ਘਮਾਈਂ ਫਿਰਦਾ ਜਿਮੇਂ ਜਰਗਾਮਾਂ ਦੀ ਰੋਸ਼ਨੀ 'ਤੇ ਚੰਡੋਲ ਘੁੰਮਦੀ ਹੁੰਦੀ ਐ।''

ਏਨੇ ਚਿਰ ਨੂੰ ਨਾਥਾ ਅਮਲੀ ਵੀ ਸੱਥ 'ਚ ਆ ਦੜਕਿਆ। ਬਾਬਾ ਪਾਖਰ ਸਿਉਂ ਨਾਥੇ ਅਮਲੀ ਨੂੰ ਕਹਿੰਦਾ, ''ਓਏ ਸਣਾ ਬਈ ਨਾਥਾ ਸਿਆਂ! ਕੀ ਸੁਣ ਸਣਾ ਕੇ ਆਇਐਂ ਸਰਸੇ ਆਲੇ ਬਾਬੇ ਬਾਰੇ?''

ਨਾਥਾ ਅਮਲੀ ਬਾਬੇ ਪਾਖਰ ਸਿਉਂ ਨੂੰ ਕੁਝ ਤੜ੍ਹ 'ਚ ਬੋਲਿਆ, ''ਬਾਬਾ ਤਾਂ ਬਾਬਾ ਨਾਨਕ ਈ ਸੀ ਬਾਬਾ ਪਾਖਰ ਸਿਆਂ। ਬਾਕੀ ਦੇ ਤਾਂ ਪਖੰਡੀ ਸਾਧ ਈ ਐ।''

ਮਾਹਲਾ ਨੰਬਰਦਾਰ ਕਹਿੰਦਾ, ''ਚੱਲ! ਸਰਸੇ ਆਲੇ ਬਾਰੇ ਦੱਸਦੇ ਕੀ ਹਾਲ ਐ ਉਹਦਾ ਜੇਲ੍ਹ 'ਚ। ਕਹਿੰਦੇ ਜੇਲ੍ਹ 'ਚੋਂ ਮੱਖੀ ਬਣ ਕੇ ਨਿੱਕਲ ਜਾਂਦਾ ਤੇ ਨਿੱਤ ਮੋਦੀ ਨਾਲ ਦਿੱਲੀਉਂ ਰੋਟੀ ਖਾ ਕੇ ਮੁੜਦੈ?''

ਨਾਥਾ ਅਮਲੀ ਟਿੱਚਰ 'ਚ ਕਹਿੰਦਾ, ''ਭਜਨੇ ਰਾਠ ਕੀ ਬੁੜ੍ਹੀ ਕਹੀ ਜਾਂਦੀ ਐ 'ਪਿਤਾ ਜੀ ਜੇਲ੍ਹ ਦੇ ਸਾਰੇ ਕੈਦੀਆਂ ਨੂੰ ਵਾਰੀ ਵਾਰੀ ਚਿੜੀਆਂ ਕਬੂਤਰ ਬਣਾ ਕੇ ਰਾਤ ਨੂੰ ਉਨ੍ਹਾਂ ਨੂੰ ਆਪੋ ਆਪਣੇ ਘਰੀਂ ਪਹੁੰਚਦਾ ਕਰ ਦਿੰਦੇ ਐ। ਤੜਕੇ ਨੂੰ ਹਾਜਰੀ ਲੱਗਣ ਵੇਲੇ ਨੂੰ ਸਾਰੇ ਫੇਰ ਹਾਜਰ ਹੁੰਦੇ ਐ। ਅਕੇ ਕੈਦੀ ਕਹਿੰਦੇ ਜਦੋਂ ਰੱਬ ਈ ਜੇਲ੍ਹ 'ਚ ਆ ਗਿਆ ਅਸੀਂ ਬਾਹਰ ਨਿੱਕਲ ਕੇ ਕੀ ਕਰਨਾ'।''

ਸੱਥ 'ਚ ਗੱਲਾਂ ਸੁਣੀ ਜਾਂਦਾ ਬਿਸ਼ਨੇ ਦਾ ਜੋਗਾ ਕਹਿੰਦਾ, ''ਇੱਕ ਫਿਲਮ ਜੀ 'ਚ ਇਹ ਸਾਧ ਕਹੀ ਜਾਂਦੈ 'ਜੀਹਨੇ ਗੇਅਰ ਕਢਾਉਣੈ ਕਢਾਅ ਲੋ ਅਸੀਂ ਲੋਕਾਂ ਦੇ ਗੇਅਰ ਈ ਕੱਢਣ ਆਏ ਆਂ। ਲੈ ਦੱਸ ਬਾਬਾ, ਲੋਕਾਂ ਦੇ ਗੇਅਰ ਕੱਢਦਾ ਕੱਢਦਾ ਆਵਦੇ ਈ ਗੇਅਰ ਕਢਵਾ ਕੇ ਬਹਿ।''

ਨਾਥਾ ਅਮਲੀ ਕਹਿੰਦਾ, ''ਗੰਡੇ ਭੋਲੇ ਕਾ ਜੰਟੀ ਦੱਸੇ, ਅਕੇ ਜਦੋਂ ਸਾਧ ਨੂੰ ਜੱਜ ਨੇ ਦੋਸ਼ੀ ਕਹਿ 'ਤਾ ਤਾਂ ਸਾਧ ਦੇ ਚੇਲਿਆਂ ਨੇ ਪੁਲਸ 'ਤੇ ਇੱਟਾਂ ਰੋੜੇ ਚਲਾਉਣੇ ਸ਼ੁਰੂ ਕਰ 'ਤੇ। ਓਧਰ ਪੁਲਸ ਨੇ ਵੀ ਕਸ 'ਤੀਆਂ ਫਿਰ ਨਬਜਾਂ। ਦੋਹਾਂ ਦੀ ਲੜਾਈ 'ਚ ਕਿਤੇ ਆਪਣੇ ਪਿੰਡ ਆਲੀ ਰੇਲੋ ਮਾਈ ਘਿਰ ਗੀ। ਜਦੋਂ ਤਾਂ ਪੁਲਸ ਦੀਆਂ ਡਾਂਗਾਂ ਪੈਣ ਲੱਗ ਜਾਣ ਤਾਂ ਰੇਲੋ ਸਾਧ ਦੇ ਚੇਲਿਆਂ ਵੱਲ ਨੂੰ ਭੱਜ ਲੇ। ਜਦੋਂ ਸਾਧ ਦੇ ਚੇਲਿਆਂ ਵੱਲੋਂ ਰੋੜੇ ਡਲ਼ਿਆਂ ਦਾ ਮੀਂਹ ਵਰਨ ਲੱਗ ਜੇ ਤਾਂ ਰੇਲੋ ਪੁਲਸ ਵੱਲ ਨੂੰ ਭੱਜ ਲੇ। ਰੇਲੋ ਮਾਈ ਵਿੱਚ ਵਚਾਲੇ ਫਸੀ ਗਾਂਹ ਪਛਾਂਹ ਨੂੰ ਇਉਂ ਭੱਜੀ ਫਿਰੇ ਜਿਮੇਂ ਸੈਦੋ ਆਲਾ ਰੂਪਾ ਕੌਡੀ ਖੇਡਦਾ ਓਨਾਂ ਈਂ ਗਾਂਹਾਂ ਨੂੰ ਭੱਜ ਲੈਂਦਾ ਸੀ ਤੇ ਓਦੂੰ ਬਾਹ਼ਲਾ ਪਿਛਲ ਖੁਰੀ ਭੱਜਦਾ ਸੀ। ਅਕੇ ਰੇਲੋ ਦੋ ਢਾਈ ਘੈਂਟੇ ਸੈਦੋ ਆਲਾ ਰੂਪਾ ਈ ਬਣੀ ਫਿਰਦੀ ਰਹੀ, ਕਦੇ ਗਾਂਹ ਕਦੇ ਪਛਾਂਹ। ਹਾਰਕੇ ਜਦੋਂ ਦੋਹਾਂ ਪਾਸਿਆਂ ਤੋਂ ਕੁੱਟ ਖਾ ਕੇ ਡਿੱਗ ਪੀ, ਫੇਰ ਚੱਕ ਕੇ ਹੱਥਪਤਾਲ ਲੈ ਗੇ।''

ਬਾਬੇ ਪਾਖਰ ਸਿਉਂ ਨੇ ਪੁੱਛਿਆ, ''ਹੁਣ ਆ ਗੀ ਪਿੰਡ ਕੁ ਉੱਥੇ ਹੱਥਪਤਾਲ ਚੀ ਐ?''

ਸੀਤਾ ਮਰਾਸੀ ਕਹਿੰਦਾ, ''ਹੁਣ ਤਾਂ ਘਰੇ ਕੁਕੜੀ ਬਣੀ ਪਈ ਐ। ਹੁਣ ਸਾਧ ਦੇ ਨਾਂਅ ਤੋਂ ਇਉਂ ਡਰਦੀ ਐ ਜਿਮੇਂ ਚਿੱਕੜ 'ਚੋਂ ਨਿੱਕਲੇ ਗਾਰੇ ਨਾਲ ਲਿਬੜੇ ਸੂਰ ਤੋਂ ਕਤੂਰਾ ਡਰਦਾ ਹੁੰਦੈ।''

ਮਾਹਲੇ ਨੰਬਰਦਾਰ ਨੇ ਅਮਲੀ ਨੂੰ ਪੁੱਛਿਆ, ''ਕਿਉਂ ਅਮਲੀਆ! ਆਪਣੇ ਪਿੰਡ ਦੇ ਕਿਸੇ ਹੋਰ ਨੂੰ ਵੀ ਦੱਖੂ ਦਾਣਾ ਮਿਲਿਆ ਕੁ ਰੇਲੋ ਈ ਚੱਕ ਲਿਆਈ ਸਕਰ ਪਾਰਿਆਂ ਆਲਾ ਸਾਰਾ ਟੋਕਰਾ?''

ਅਮਲੀ ਕਹਿੰਦਾ, ''ਸਾਰੇ ਪਿੰਡ ਦੇ ਪ੍ਰੇਮੀਆਂ ਦੇ ਵੰਡੇ ਦੀ ਕੁੱਟ ਰੇਲੋ ਮਾਈ 'ਤੇ ਈ ਪੈ ਗੀ। ਹੁਣ ਮੂੰਹ ਸਿਰ ਇਉਂ ਵਲ੍ਹੇਟੀ ਪਈ ਐ ਜਿਮੇਂ ਮੱਝ ਦੇ ਜੜਾਂ 'ਚੋਂ ਟੁੱਟੇ ਸਿੰਗ 'ਤੇ ਕਾਲੇ ਤੇਲ ਨਾਲ ਭਿਉਂ ਕੇ ਬੋਰੀ ਬੰਨ੍ਹੀ ਹੁੰਦੀ ਐ ਬਈ ਕਿਤੇ ਕੀਤੇ ਨਾ ਪੈ ਜਾਣ।''

ਬਾਬਾ ਪਾਖਰ ਸਿਉਂ ਕਹਿੰਦਾ, ''ਚੱਲੋ ਖਾਂ ਯਾਰ ਫੇਰ ਤਾਂ ਪਤੇ ਸੁਤੇ ਨੂੰ ਈ ਜਾ ਆਈਏ। ਇੱਕ ਤਾਂ ਊਂ ਵਚਾਰੇ ਟੈਮ ਜਾ ਪਾਸ ਕਰਦੇ ਐ ਇੱਕ ਉੱਤੋਂ ਆਹ ਨਮੀਉਂ ਈ ਆਫਤ ਆ ਪਈ। ਚੱਲੋ ਉੱਠੋ ਚੱਲੀਏ।''

ਬਾਬੇ ਪਾਖਰ ਸਿਉਂ ਦਾ ਕਹਿਣਾ ਮੰਨ ਕੇ ਸੱਥ 'ਚ ਬੈਠੇ ਸਾਰੇ ਜਣੇ ਰੇਲੋ ਮਾਈ ਦੇ ਘਰ ਨੂੰ ਉਹਦਾ ਪਤਾ ਲੈਣ ਚੱਲ ਪਏ।

JARNAIL SINGH



ART CLASSES
604-825-4659
604-724-6922
604-595-5885
#106- 12882-85 Ave. Surrey

# ਸਿਹਤ ਸੰਸਾਰ



## ਸਿਹਤ ਲਈ ਹਾਨੀਕਾਰਕ ਹਨ ਐਲੂਮੀਨੀਅਮ ਦੇ ਭਾਂਡੇ

ਲੇਖਕ : ਰਾਜੇਂਦਰ ਚਤੁਰਵੈਦੀ

ਬਹੁਤੇ ਘਰਾਂ ਵਿਚ ਭੋਜਨ ਪਕਾਉਣ ਲਈ ਐਲੂਮੀਨੀਅਮ ਦੇ ਭਾਂਡਿਆਂ ਦੀ ਵਰਤੋਂ ਕੀਤੀ ਜਾਂਦੀ ਹੈ ਕਿਉਂਕਿ ਇਹ ਗਰਮੀ ਦੇ ਬਹੁਤ ਚੰਗੇ ਸੁਚਾਲਕ ਹੋਣ ਦੇ ਨਾਲ ਹੀ ਨਾਲ ਹਲਕੇ ਅਤੇ ਸਸਤੇ ਵੀ ਹੁੰਦੇ ਹਨ। ਟੁੱਟਣ ਤੋਂ ਬਾਅਦ ਇਹ ਭਾਂਡੇ ਅੱਧੀ ਕੀਮਤ 'ਤੇ ਵਿਕ ਵੀ ਜਾਂਦੇ ਹਨ। ਐਲੂਮੀਨੀਅਮ ਦੇ ਭਾਂਡੇ ਵਿਚ 'ਜੇਕਰ ਫਲੋਰਾਈਡ ਵਾਲਾ ਪਾਣੀ ਉਬਾਲਿਆ ਜਾਵੇ ਤਾਂ ਉਸ ਵਿਚ ਐਲੂਮੀਨੀਅਮ ਦੀ ਮਾਤਰਾ ਹੋਰ ਜ਼ਿਆਦਾ ਘੁਲ ਜਾਂਦੀ ਹੈ। ਪੱਤ੍ਰਿਕਾ 'ਨੇਚਰ' ਅਨੁਸਾਰ ਇਕ ਪੀ.ਪੀ.ਐਮ. ਮਾਤਰਾ ਵਾਲੇ ਫਲੋਰਾਈਡ ਵਾਲੇ ਪਾਣੀ ਨੂੰ ਵੀ ਜੇਕਰ ਐਲੂਮੀਨੀਅਮ ਦੇ ਭਾਂਡੇ ਵਿਚ ਉਬਾਲਿਆ ਜਾਵੇ ਤਾਂ ਉਸ ਵਿਚ 220 ਪੀ.ਪੀ.ਐਮ. ਤੱਕ ਐਲੂਮੀਨੀਅਮ ਘੁਲ ਜਾਂਦਾ ਹੈ। ਜ਼ਿਆਦਾ ਸਮੇਂ ਤੱਕ ਉਬਾਲਣ 'ਤੇ ਇਹ ਮਾਤਰਾ ਵਧ ਕੇ 600 ਪੀ.ਪੀ.ਐਮ. ਤੱਕ ਹੋ ਜਾਂਦੀ ਹੈ।

ਆਪਣੇ ਦੇਸ਼ ਵਿਚ ਹਮੇਸ਼ਾ ਫਲੋਰਾਈਡ ਵਾਲਾ ਪਾਣੀ ਹੀ ਪਾਇਆ ਜਾਂਦਾ ਹੈ। ਦੇਸ਼ ਦੇ ਓੜੀਸਾ, ਬਿਹਾਰ, ਮਹਾਰਾਸ਼ਟਰ, ਮੱਧ ਪ੍ਰਦੇਸ਼, ਕਰਨਾਟਕ, ਗੁਜਰਾਤ ਤੇ ਹਰਿਆਣਾ ਦੇ ਕੁਝ ਹਿੱਸਿਆਂ ਦੇ ਪਾਣੀ ਵਿਚ ਤਾਂ 2 ਤੋਂ 30 ਪੀ.ਪੀ.ਐਮ. ਤੱਕ ਫਲੋਰਾਈਡ ਪਾਇਆ ਜਾਂਦਾ ਹੈ, ਇਸ ਲਈ ਸਾਨੂੰ ਸੁਚੇਤ ਹੋ ਜਾਣਾ ਚਾਹੀਦਾ ਹੈ। ਖ਼ਾਸ ਤੌਰ 'ਤੇ ਇਸ ਲਈ ਵੀ ਕਿਉਂਕਿ ਆਪਣੇ ਦੇਸ਼ ਵਿਚ ਚਾਹ, ਕੌਫ਼ੀ ਪੀਣ ਦਾ ਰਿਵਾਜ ਬਹੁਤ ਹੈ ਅਤੇ ਚਾਹ ਤੇ ਕੌਫ਼ੀ ਐਲੂਮੀਨੀਅਮ ਦੇ ਭਾਂਡਿਆਂ ਵਿਚ ਹੀ ਜ਼ਿਆਦਾਤਰ ਬਣਾਈ ਜਾਂਦੀ ਹੈ।

ਭਾਵ ਸਪੱਸ਼ਟ ਹੈ ਕਿ ਅਸੀਂ ਰੋਜ਼ ਚਾਹ, ਕੌਫ਼ੀ ਦੇ ਰੂਪ ਵਿਚ ਅਲੂਮੀਨੀਅਮ ਦੇ ਭਾਂਡਿਆਂ ਵਿਚ ਉੱਬਲਿਆ ਹੋਇਆ ਪਾਣੀ ਹੀ ਪੀ ਰਹੇ ਹਾਂ ਜੋ ਦਿਮਾਗ਼ 'ਤੇ ਬੁਰਾ ਪ੍ਰਭਾਵ ਪਾਉਂਦਾ ਹੈ ਕਿਉਂਕਿ ਵਿਗਿਆਨੀਆਂ ਅਨੁਸਾਰ ਐਲੂਮੀਨੀਅਮ ਦੀ ਜ਼ਿਆਦਾ ਮਾਤਰਾ ਸਾਡੀ ਵਿਚਾਰ ਸ਼ਕਤੀ ਅਤੇ ਯਾਦ ਸ਼ਕਤੀ ਨੂੰ ਖ਼ਤਮ ਕਰਦੀ ਹੈ।

ਐਲੂਮੀਨੀਅਮ ਇਕ ਕਿਰਿਆਸ਼ੀਲ ਧਾਤੂ ਹੈ ਅਤੇ ਇਸ ਦੇ ਭਾਂਡੇ ਹਵਾ ਦੇ ਸੰਪਰਕ ਨਾਲ ਆਪਣੇ ਉੱਪਰ ਆਕਸਾਈਡ ਦੀ ਪਰਤ ਵੀ ਜਮਾ ਲੈਂਦੇ ਹਨ। ਅਮਲ ਵਾਲੀਆਂ ਚੀਜ਼ਾਂ ਜਿਵੇਂ ਨਿੰਬੂ, ਟਮਾਟਰ, ਦਹੀਂ ਆਦਿ ਨਾਲ ਕਿਰਿਆ ਕਰ ਕੇ ਆਕਸਾਈਡ ਅਤੇ ਐਲੂਮੀਨੀਅਮ ਇਨ੍ਹਾਂ ਤੋਂ ਬਣੇ ਖਾਣ ਵਾਲੇ ਪਦਾਰਥਾਂ ਵਿਚ ਘੁਲ ਜਾਂਦਾ ਹੈ ਜੋ ਸਿਹਤ ਲਈ ਬਹੁਤ ਹਾਨੀਕਾਰਕ ਹੁੰਦਾ ਹੈ। ਇਹ ਹਾਜ਼ਮੇ, ਦਿਮਾਗ ਅਤੇ ਦਿਲ 'ਤੇ ਬੁਰਾ ਪ੍ਰਭਾਵ ਪਾਉਂਦਾ ਹੈ। ਇਨ੍ਹਾਂ ਤੱਤਾਂ ਨਾਲ ਕਿਰਿਆ ਹੋਣ ਤੋਂ ਬਾਅਦ ਭੋਜਨ ਦੇ ਪੌਸ਼ਟਿਕ ਤੱਤ ਅਸਰਹੀਣ ਜਾਂ ਘੱਟ ਅਸਰਦਾਰ ਹੋ ਜਾਂਦੇ ਹਨ।

ਲੰਡਨ ਦੇ ਡਾਕਟਰਾਂ ਨੇ ਵੀ ਇਸ ਤਰ੍ਹਾਂ ਹੀ ਨਤੀਜਾ ਕੱਢਿਆ ਸੀ ਕਿ ਐਲੂਮੀਨੀਅਮ ਦੇ ਲਵਣਾਂ ਨੂੰ ਖ਼ਤਮ ਸਮਝਣਾ ਅਤੇ ਇਨ੍ਹਾਂ ਨੂੰ ਸਾਡੇ ਹਾਜ਼ਮੇ ਵਲੋਂ ਨਾ ਸੋਖੇ ਜਾਣ ਲਾਇਕ ਸਮਝਣਾ ਬਹੁਤ ਵੱਡੀ ਭੁੱਲ ਹੈ। ਮਾਹਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਐਲੂਮੀਨੀਅਮ ਦੇ ਭਾਂਡੇ ਵਿਚ ਅਮਲ ਵਾਲਾ ਨਮਕੀਨ ਭੋਜਨ ਪਕਾਉਣਾ ਤਾਂ ਦੂਰ, ਪਕਾ ਕੇ ਰੱਖਣਾ ਵੀ ਨਹੀਂ ਚਾਹੀਦਾ।

ਸਾਨੂੰ ਧਿਆਨ ਰੱਖਣਾ ਚਾਹੀਦਾ ਕਿ ਸਾਡੀ ਰਸੋਈ ਵਿਚ ਐਲੂਮੀਨੀਅਮ ਦੇ ਭਾਂਡਿਆਂ ਦੀ ਮੌਜੂਦਗੀ ਘੱਟ ਤੋਂ ਘੱਟ ਹੋਵੇ। ਸਬਜ਼ੀਆਂ ਲਈ ਲੋਹੇ ਦੀ ਕੜਾਹੀ ਅਤੇ ਚਾਹ, ਕੌਫ਼ੀ ਲਈ ਸਟੀਲ ਦੇ ਭਾਂਡੇ ਹੀ ਠੀਕ ਰਹਿੰਦੇ ਹਨ। ਇਨ੍ਹਾਂ ਨਾਲ ਸਾਡੀ ਸਿਹਤ 'ਤੇ ਬੁਰਾ ਪ੍ਰਭਾਵ ਨਹੀਂ ਪੈਂਦਾ। ਲੋਹਾ ਤਾਂ ਸਿਹਤ ਲਈ ਲਾਭਕਾਰੀ ਹੁੰਦਾ ਹੈ। ਹਾਂ, ਇਹ ਗੱਲ ਵੱਖਰੀ ਹੈ ਕਿ ਇਨ੍ਹਾਂ ਦੀ ਸਾਫ਼-ਸਫ਼ਾਈ ਅਤੇ ਰੱਖ-ਰਖਾਅ ਵਿਚ ਮਿਹਨਤ ਥੋੜ੍ਹੀ ਜ਼ਿਆਦਾ ਕਰਨੀ ਪਵੇਗੀ।

ਫਿਲਹਾਲ, ਇਹ ਧਿਆਨ ਤਾਂ ਰੱਖਿਆ ਹੀ ਜਾਣਾ ਚਾਹੀਦਾ ਹੈ ਕਿ ਐਲੂਮੀਨੀਅਮ ਦੇ ਭਾਂਡਿਆਂ ਵਿਚ ਟਮਾਟਰ, ਇਮਲੀ, ਅੰਬਚੂਰ, ਅੰਬ, ਦਹੀਂ ਆਦਿ ਅਮਲ ਕਾਰਨ ਖਾਣ ਵਾਲੇ ਪਦਾਰਥ ਨਾ ਬਣਾਓ ਅਤੇ ਨਾ ਹੀ ਉਨ੍ਹਾਂ ਵਿਚ ਚਾਹ ਅਤੇ ਕੌਫ਼ੀ ਹੀ ਪੀਓ। ਇਹ ਸਿਹਤ ਦੀ ਰੱਖਿਆ ਲਈ ਬਹੁਤ ਹੀ ਜ਼ਰੂਰੀ ਹੈ।

## ਮਾਸਪੇਸ਼ੀਆਂ ਦੀ ਜਕੜਨ ਤੋਂ ਬਚੋ



ਬਹੁਤੀ ਵਾਰ ਅਸੀਂ ਮਹਿਸੂਸ ਕਰਦੇ ਹਾਂ ਕਿ ਸਾਡੀਆਂ ਮਾਸਪੇਸ਼ੀਆਂ ਵਿਚ ਖਿਚਾਅ ਪੈਦਾ ਹੋ ਜਾਂਦਾ ਹੈ ਅਤੇ ਸਰੀਰ ਨੂੰ ਹਿਲਾਉਣ-ਜੁਲਾਉਣ ਨਾਲ ਸਾਡੀਆਂ ਮਾਸਪੇਸ਼ੀਆਂ ਅਤੇ ਜੋੜਾਂ ਵਿਚ ਦਰਦ ਸ਼ੁਰੂ ਹੋ ਜਾਂਦਾ ਹੈ । ਇਸ ਦੇ ਕਈ ਕਾਰਨ ਹੋ ਸਕਦੇ ਹਨ ।

ਕਈ ਵਾਰ ਅਸੀਂ ਆਪਣੇ ਸਰੀਰ ਦੀਆਂ ਮਾਸਪੇਸ਼ੀਆਂ ਨੂੰ ਘੱਟ ਵਰਤਦੇ ਹਾਂ, ਜਿਵੇਂ ਡਰਾਈਵਿੰਗ ਕਰਦੇ ਸਮੇਂ ਜਾਂ ਯਾਤਰਾ ਕਰਦੇ ਸਮੇਂ । ਅਜਿਹੀ ਹਾਲਤ ਵਿਚ ਹਰ ਦੋ ਘੰਟੇ ਬਾਅਦ ਸਰੀਰ ਨੂੰ ਥੋੜ੍ਹਾ ਹਿਲਾ-ਜੁਲਾ ਲਓ । ਜੇਕਰ ਡਰਾਈਵਿੰਗ ਕਰ ਰਹੇ ਹੋ ਤਾਂ ਰਸਤੇ ਵਿਚ ਥੋੜ੍ਹਾ ਰੁਕ ਕੇ ਚਾਹ ਆਦਿ ਪੀ ਲਓ ਜਾਂ ਥੋੜ੍ਹਾ ਪੈਦਲ ਚੱਲੋ ।

ਕਈ ਵਾਰ ਸਮਰੱਥਾ ਤੋਂ ਵਧੇਰੇ ਕਸਰਤ ਕਰ ਲੈਣ ਨਾਲ ਵੀ ਮਾਸਪੇਸ਼ੀਆਂ ਦਰਦ ਕਰਨ ਲਗਦੀਆਂ ਹਨ । ਇਸ ਤੋਂ ਬਚਣ ਲਈ ਕਸਰਤ ਸ਼ੁਰੂ ਕਰਨ ਤੋਂ ਪਹਿਲਾਂ ਹਲਕੀ ਵਰਜਿਸ਼ ਨਾਲ ਸਰੀਰ ਨੂੰ ਗਰਮ ਕਰ ਲੈਣਾ ਚਾਹੀਦਾ ਹੈ ਅਤੇ ਕਸਰਤ ਖਤਮ ਕਰ ਲੈਣ ਦੇ ਬਾਅਦ ਵੀ ਹਲਕੀ ਵਰਜਿਸ਼ ਨਾਲ ਸਰੀਰ ਨੂੰ ਠੰਢਾ ਕਰ ਲੈਣਾ ਚਾਹੀਦਾ ਹੈ । ਕਸਰਤ ਤੇਜ਼ ਰਫਤਾਰ ਨਾਲ ਨਹੀਂ, ਬਲਕਿ ਹੌਲੀ-ਹੌਲੀ ਕਰਨੀ ਚਾਹੀਦੀ ਹੈ । ਨਿਯਮਤ ਕਸਰਤ ਨਾਲ ਇਹ ਦਰਦ ਅਤੇ ਜਕੜਨ ਦੂਰ ਹੋ ਜਾਵੇਗੀ ।

ਕਈ ਵਾਰ ਠੰਢ ਦੇ ਮੌਸਮ ਵਿਚ ਵੀ ਮਾਸਪੇਸ਼ੀਆਂ ਵਿਚ ਦਰਦ ਹੋਣ ਲਗਦਾ ਹੈ ਅਤੇ ਖਿਚਾਅ ਪੈਦਾ ਹੁੰਦਾ ਹੈ । ਅਜਿਹੀ ਹਾਲਤ ਵਿਚ ਮਾਸਪੇਸ਼ੀਆਂ ਵਿਚ ਖਿਚਾਅ ਵਾਲੀ ਹਲਕੀ ਕਸਰਤ, ਹਲਕੀ ਮਾਲਿਸ਼ ਅਤੇ ਗਰਮ ਕੱਪੜੇ ਪਹਿਨਣ ਨਾਲ ਸਰੀਰ ਨੂੰ ਆਰਾਮ ਮਿਲਦਾ ਹੈ ।

ਕਈ ਵਾਰ ਸਰੀਰ ਦੀ ਕਿਸੇ ਇਕ ਮਾਸਪੇਸ਼ੀ ਵਿਚ ਖਿਚਾਅ ਆ ਜਾਂਦਾ ਹੈ ਅਤੇ ਉਸ ਅੰਗ ਵਿਚ ਕਾਫੀ ਦਰਦ ਹੋਣ ਲਗਦਾ ਹੈ । ਜ਼ਿਆਦਾਤਰ ਇਹ ਹਾਲਤ ਸਾਡੇ ਪੈਰ ਜਾਂ ਲੱਤ ਦੀਆਂ ਮਾਸਪੇਸ਼ੀਆਂ ਵਿਚ ਹੁੰਦੀ ਹੈ । ਇਸ ਨੂੰ ਦੂਰ ਕਰਨ ਲਈ ਠੰਢੇ ਵਾਤਾਵਰਨ ਤੋਂ ਦੂਰ ਰਹੋ, ਪੌਸ਼ਟਿਕ ਭੋਜਨ ਅਤੇ ਉਚਿਤ ਮਾਤਰਾ ਵਿਚ ਪਾਣੀ ਲੈਂਦੇ ਰਹੋ, ਭਾਰੀ ਕਸਰਤ ਨਾ ਕਰੋ, ਮਲਟੀ ਵਿਟਾਮਿਨ ਅਤੇ ਖਣਿਜ ਦੀਆਂ ਗੋਲੀਆਂ ਦਾ ਸੇਵਨ ਅਤੇ ਮੱਛੀ ਦੇ ਤੇਲ ਦੀਆਂ ਗੋਲੀਆਂ ਦਾ ਸੇਵਨ ਲਾਭਦਾਇਕ ਹੋ ਸਕਦਾ ਹੈ ।

ਕਈ ਵਾਰ ਉਠਣ-ਬੈਠਣ ਦੇ ਗ਼ਲਤ ਢੰਗ ਨਾਲ ਵੀ ਮਾਸਪੇਸ਼ੀਆਂ ਵਿਚ ਦਰਦ ਹੋ ਜਾਂਦਾ ਹੈ । ਅਜਿਹੀ ਹਾਲਤ ਵਿਚ ਯੋਗ ਕਿਰਿਆ ਬਹੁਤ ਲਾਭਦਾਇਕ ਹੁੰਦੀ ਹੈ ਪਰ ਇਨ੍ਹਾਂ ਨੂੰ ਕਿਸੇ ਮਾਹਿਰ ਦੇ ਸਲਾਹ 'ਤੇ ਹੀ ਕਰਨਾ ਚਾਹੀਦਾ ਹੈ । ਆਮ ਆਦਮੀ ਸਟ੍ਰੈਚਿੰਗ ਅਤੇ ਸ਼ਬ ਆਸਣ ਕਰਕੇ ਵੀ ਲਾਭ ਉਠਾ ਸਕਦਾ ਹੈ । ਸਟ੍ਰੈਚਿੰਗ ਲਈ ਜ਼ਮੀਨ 'ਤੇ ਲੇਟ ਜਾਓ ਅਤੇ ਦੋਵੇਂ ਬਾਹਾਂ ਨੂੰ ਪਿੱਛੇ ਸਿਰ ਵੱਲ ਲੈ ਜਾਓ । ਇਸ ਤੋਂ ਬਾਅਦ ਕਮਰ ਦੇ ਉਪਰਲੇ ਹਿੱਸੇ ਨੂੰ ਉੱਪਰ ਵੱਲ ਨੂੰ ਅਤੇ ਹੇਠਲੇ ਭਾਗ ਨੂੰ ਹੇਠਾਂ ਵੱਲ ਤਾਣ ਲਓ । ਅਜਿਹਾ ਕਰਦੇ ਹੋਏ ਸਾਹ ਸਾਧਾਰਨ ਰਫਤਾਰ ਨਾਲ ਲੈਂਦੇ ਰਹੋ । ਇਹ ਪ੍ਰਕਿਰਿਆ 5-10 ਵਾਰ ਦੁਹਰਾਓ ।

ਸ਼ਬ ਆਸਣ ਕਰਨ ਲਈ ਜ਼ਮੀਨ 'ਤੇ ਲੇਟ ਕੇ ਸਰੀਰ ਨੂੰ ਢਿੱਲਾ ਛੱਡ ਦਿਓ । ਪੈਰਾਂ ਤੋਂ ਸ਼ੁਰੂ ਕਰਕੇ ਸਿਰ ਤੱਕ ਹਰ ਅੰਗ ਢਿੱਲਾ ਕਰਦੇ ਜਾਓ ਅਤੇ ਇਹ ਮਹਿਸੂਸ ਕਰੋ ਕਿ ਆਪਣੇ ਸਰੀਰ ਨੂੰ ਬਾਹਰ ਤੋਂ ਦੇਖ ਰਹੇ ਹੋ । ਕੁਝ ਦਿਨ ਲਗਾਤਾਰ ਇਹ ਕਿਰਿਆ ਕਰਨ ਨਾਲ ਦਰਦ ਗਾਇਬ ਹੋ ਜਾਂਦਾ ਹੈ ਅਤੇ ਸਰੀਰ ਪਹਿਲਾਂ ਵਾਲੀ ਹਾਲਤ ਵਿਚ ਆ ਜਾਂਦਾ ਹੈ।

## ਮਾਨਸਿਕ ਤਣਾਅ ਕਈ ਰੋਗਾਂ ਦਾ ਮੁੱਖ ਕਾਰਨ



ਮਾਨਸਿਕ ਤਣਾਅ ਕੀ ਹੈ? ਇਹ ਪੇਟ ਦੀਆਂ ਕਿਹੜੀਆਂ ਬਿਮਾਰੀਆਂ ਪੈਦਾ ਕਰਦਾ ਹੈ? ਇਹ ਕਿਉਂ ਹੁੰਦਾ ਹੈ?

ਅੱਜਕਲ੍ਹ ਜ਼ਿੰਦਗੀ ਦੀ ਤੇਜ਼ ਰਫਤਾਰ ਕਾਰਨ ਹਰ ਕੋਈ ਇਨਸਾਨ ਥੋੜ੍ਹਾ ਜਾਂ ਬਹੁਤਾ ਚਿੰਤਾਗ੍ਰਸਤ ਜ਼ਰੂਰ ਰਹਿੰਦਾ ਹੈ । ਹਰ ਕੰਮ ਕਰਦੇ ਵੇਲੇ ਉਹ ਕੁਝ ਨਾ ਕੁਝ ਸੋਚਦਾ ਰਹਿੰਦਾ ਹੈ । ਜੇ ਕਿਸੇ ਨੂੰ ਕੋਈ ਤਕਲੀਫ ਹੋਵੇ ਤਾਂ ਉਸ ਨੂੰ ਉਸ ਸਬੰਧੀ ਕਾਫੀ ਚਿੰਤਾ ਹੋ ਜਾਂਦੀ ਹੈ ਪਰ ਇਹ ਚਿੰਤਾ ਉਸ ਦੀ ਤਕਲੀਫ ਘਟਾਉਣ ਵਿਚ ਕਦੇ ਮਦਦ ਨਹੀਂ ਕਰਦੀ, ਸਗੋਂ ਚਿੰਤਾ ਦੇ ਕਾਰਨ ਉਸ ਦੀ ਤਕਲੀਫ ਹੋਰ ਵਧ ਜਾਂਦੀ ਹੈ । ਪੇਟ ਦੀਆਂ ਤਕਲੀਫਾਂ ਦਾ ਚਿੰਤਾ ਨਾਲ ਗਹਿਰਾ ਸਬੰਧ ਹੈ । ਕੁਝ ਕੁ ਤਕਲੀਫਾਂ ਦਾ ਕਾਰਨ ਚਿੰਤਾ ਹੈ । ਚਿੰਤਾ ਪੇਟ ਦੀਆਂ ਤਕਲੀਫਾਂ ਨੂੰ ਬਹੁਤ ਵਧਾ ਦਿੰਦੀ ਹੈ । ਕਈ ਵਾਰੀ ਤਾਂ ਮਰੀਜ਼ ਆਪਣੀ ਅਸਲ ਬਿਮਾਰੀ ਛੱਡ ਕੇ ਚਿੰਤਾ ਬਾਰੇ ਹੀ ਦੱਸਦਾ ਹੈ । ਇਥੇ ਅੱਜ ਅਸੀਂ ਉਨ੍ਹਾਂ ਤਕਲੀਫਾਂ ਬਾਰੇ ਗੱਲ ਕਰਾਂਗੇ, ਜੋ ਚਿੰਤਾ ਕਾਰਨ ਹੋ ਜਾਂਦੀਆਂ ਹਨ ।

- **ਪੇਟ ਗੈਸ ਅਤੇ ਕਲੇਜੇ ਵਿਚ ਸਾੜ :** ਇਹ ਤਕਲੀਫ ਸਾਡੇ ਜ਼ਿਆਦਾ ਮਾਤਰਾ ਵਿਚ ਤੇਜ਼ਾਬੀ ਮਾਦਾ ਨਿਕਲਣ ਕਰਕੇ ਹੁੰਦੀ ਹੈ, ਜੋ ਅੰਤੜੀਆਂ ਦੀ ਅੰਦਰਲੀ ਝਿੱਲੀ ਅਤੇ ਪੇਟ ਵਿਚ ਸੋਜ਼ ਪੈਦਾ ਕਰ ਦਿੰਦੀ ਹੈ । ਇਹ ਪੇਟ ਗੈਸ ਹੋਣ ਦਾ ਮੁੱਖ ਕਾਰਨ ਹੈ । ਜਦੋਂ ਅਸੀਂ ਸੋਚਦੇ ਹਾਂ ਤਾਂ ਸਾਡੇ ਸਰੀਰ ਵਿਚੋਂ ਅੰਤੜੀਆਂ ਤੇ ਪੇਟ 'ਚੋਂ ਤੇਜ਼ਾਬੀ ਮਾਦਾ ਜ਼ਿਆਦਾ ਨਿਕਲਦਾ ਹੈ ਤੇ ਇਹ ਗੈਸ ਜਲਣ ਪੈਦਾ ਕਰਦਾ ਹੈ । ਜਦੋਂ ਅਸੀਂ ਗੈਸ ਤੋਂ ਪੀੜਤ ਹੁੰਦੇ ਹਾਂ ਤਾਂ ਚਿੰਤਾ ਵਿਚ ਕਾਹਲੀ-ਕਾਹਲੀ ਭੋਜਨ ਕਰਦੇ ਹਾਂ ।
- **ਕਲੇਜੇ ਦਾ ਸਾੜ :** ਜਦੋਂ ਗਰਮ-ਗਰਮ ਭੋਜਨ ਕਾਹਲੀ-ਕਾਹਲੀ ਖਾਂਦੇ ਹਾਂ ਤੇ ਇਕਦਮ ਇਹ ਭੋਜਨ ਸਾਡੇ ਪੇਟ ਵਿਚ ਲਗਦਾ ਹੈ ਤੇ ਸਾੜ ਪੈਦਾ ਕਰਦਾ ਹੈ । ਸਾੜ ਕਰਕੇ ਬਹੁਤ ਤੇਜ਼ ਦਰਦ ਹੁੰਦੀ ਹੈ । ਕਈ ਵਾਰੀ ਅੱਖਾਂ ਵਿਚੋਂ ਪਾਣੀ ਵੀ ਨਿਕਲ ਆਉਂਦਾ ਹੈ । ਕਈ ਲੋਕ ਤਾਂ ਇਸ ਦਰਦ ਨੂੰ ਦਿਲ ਦੀ ਦਰਦ ਸਮਝ ਲੈਂਦੇ ਹਨ । ਇਸ ਤਕਲੀਫ ਨੂੰ 'ਹਾਰਟ ਬਰਨ' ਕਿਹਾ ਜਾਂਦਾ ਹੈ ਪਰ ਇਸ ਦਾ ਦਿਲ ਦੀ ਤਕਲੀਫ ਨਾਲ ਕੋਈ ਸਬੰਧ ਨਹੀਂ ਹੁੰਦਾ । ਚਿੰਤਾ ਕਰਕੇ ਕਾਹਲੀ-ਕਾਹਲੀ ਬਿਨਾਂ ਚਬਾਇਆ ਖਾਣਾ ਨਿਗਲਣ ਕਰਕੇ ਇਹ ਤਕਲੀਫ ਵਧ ਜਾਂਦੀ ਹੈ ।
- **ਪੇਟ ਵਿਚ ਅਲਸਰ ਜਾਂ ਫੋੜਾ :** ਪੇਟ ਵਿਚ ਅਲਸਰ ਦਾ ਮੁੱਖ ਕਾਰਨ ਚਿੰਤਾ ਹੈ । ਚਿੰਤਾ ਵਿਚ ਇਕਦਮ ਤੇਜ਼ ਦਰਦ ਨਾਲ ਉਲਟੀ ਸ਼ੁਰੂ ਹੋ ਜਾਂਦੀ ਹੈ । ਪੇਟ ਵਿਚ ਤੇਜ਼ ਦਰਦ ਕੁਝ ਖਾਣ ਤੋਂ ਘੰਟੇ ਬਾਅਦ ਸ਼ੁਰੂ ਹੁੰਦੀ ਹੈ ਤੇ ਹੌਲੀ-ਹੌਲੀ ਇਹ ਦਰਦ ਇਕ-ਦੋ ਘੰਟੇ ਤੱਕ ਘਟ ਜਾਂਦੀ ਹੈ । ਦਰਦ ਧੁੰਨੀ ਕੋਲੋਂ ਹੁੰਦੀ ਹੈ ਤੇ ਸਿੱਧੀ ਪੇਟ ਵੱਲ ਜਾਂਦੀ ਹੈ । ਜਦੋਂ ਕਿਸੇ ਨੇ ਬੱਸ ਸਫਰ ਕਰਨਾ ਹੋਵੇ ਤਾਂ ਕਈਆਂ ਨੂੰ ਫਿਕਰ ਦੇ ਨਾਲ ਹੀ ਸਫਰ ਤੋਂ ਪਹਿਲਾਂ ਇਕ-ਦੋ ਵਾਰ ਪਾਖਾਨਾ ਜਾਂ ਉਲਟੀਆਂ ਆ ਜਾਂਦੀਆਂ ਹਨ ਤੇ ਫਿਰ ਕਈ ਵਾਰੀ ਹਲਕਾ-ਹਲਕਾ ਪੇਟ ਦਰਦ ਵੀ ਰਹਿੰਦਾ ਹੈ । ਕਈ ਵਾਰੀ ਤਾਂ ਮਰੀਜ਼ ਬਿਮਾਰੀ ਤੋਂ ਬਿਲਕੁਲ ਠੀਕ ਹੋ ਜਾਂਦਾ ਹੈ ਪਰ ਵਹਿਮ ਅਤੇ ਚਿੰਤਾ ਕਰਕੇ ਉਸ ਨੂੰ ਤਸੱਲੀ ਨਹੀਂ ਹੁੰਦੀ । ਉਸ ਨੂੰ ਸਦਾ ਵਹਿਮ ਰਹਿੰਦਾ ਹੈ ਕਿ ਮੈਂ ਹਾਲੇ ਵੀ ਬਿਮਾਰ ਹਾਂ । ਇਸ ਤਰ੍ਹਾਂ ਭੁਲੇਖੇ, ਘਬਰਾਹਟ ਅਤੇ ਚਿੰਤਾ ਵਿਚ ਪੇਟ ਦੀ ਬਿਮਾਰੀ ਵਿਚ ਵਾਧਾ ਹੋ ਜਾਂਦਾ ਹੈ । ਕੋਈ ਵੀ ਚਿੰਤਾ ਅਤੇ ਵਹਿਮ ਨਾ ਕਰੋ ਤੇ ਜਲਦੀ ਪੇਟ ਦੇ ਮਾਹਰ ਡਾਕਟਰ ਦੀ ਸਲਾਹ ਲੈ ਕੇ ਇਲਾਜ ਸ਼ੁਰੂ ਕਰਵਾਓ ।

## ਨਿੰਬੂ ਤੇ ਸ਼ਹਿਦ ਦਾ ਪਾਣੀ ਪੀਣ ਦੇ ਹਨ ਕਈ ਬੇਮਿਸਾਲ ਫਾਇਦੇ

### ਮੈਟਾਬੋਲਿਜ਼ਮ ਨੂੰ ਕਰਦੈ ਬੂਸਟ

ਨਿੰਬੂ ਤੇ ਸ਼ਹਿਦ ਦਾ ਮਿਸ਼ਰਣ ਸਾਡੀ ਪਾਚਨ ਕਿਰਿਆ ਨੂੰ ਕੰਟਰੋਲ ਕਰਕੇ ਮੈਟਾਬੋਲਿਜ਼ਮ ਨੂੰ ਵਧਾਉਂਦਾ ਹੈ। ਜੇਕਰ ਤੁਸੀਂ ਵਰਕਆਊਟ ਸੈਸ਼ਨਜ਼ ਦੌਰਾਨ ਆਪਣੇ ਊਰਜਾ ਪੱਧਰ ਨੂੰ ਉੱਚਾ ਰੱਖਣਾ ਚਾਹੁੰਦੇ ਹੋ ਤਾਂ ਤੁਹਾਨੂੰ ਇਸ ਤੋਂ ਵਧੀਆ ਵਿਕਲਪ ਨਹੀਂ ਮਿਲ ਸਕਦਾ। ਇਸ ਦੇ ਲਈ ਇਕ ਕੱਪ ਕੋਸੇ ਪਾਣੀ ’ਚ ਨਿੰਬੂ ਤੇ ਸ਼ਹਿਦ ਮਿਲਾ ਕੇ ਪੀਣ ਨਾਲ ਵਰਕਆਊਟ ਦੌਰਾਨ ਤੁਹਾਡੇ ਸਰੀਰ ’ਚ ਊਰਜਾ ਦਾ ਪੱਧਰ ਠੀਕ ਰਹਿੰਦਾ ਹੈ। ਇਹ ਸਾਡੇ ਸਰੀਰ ’ਚ ਫੈਟ ਬਰਨ ਕਰਨ ’ਚ ਮਦਦ ਕਰਦਾ ਹੈ।

### ਸਰੀਰ ਡਿਟਾਕਸ ਰਹਿੰਦੈ

ਸਿਹਤਮੰਦ ਪੀਣ ਵਾਲੇ ਪਦਾਰਥ ਸਾਡੇ ਸਰੀਰ ਨੂੰ ਡਿਟਾਕਸ ਕਰਨ ’ਚ ਮਦਦਗਾਰ ਸਾਬਿਤ ਹੁੰਦੇ ਹਨ। ਵਿਟਾਮਿਨ ਸੀ ਤੇ ਐਂਟੀ-ਆਕਸੀਡੈਂਟਸ ਨਾਲ ਭਰਪੂਰ ਨਿੰਬੂ ਦਾ ਰਸ ਪਾਣੀ ’ਚ ਮਿਲਾ ਕੇ ਪੀਣ ਨਾਲ ਸਰੀਰ ਦੀ ਪ੍ਰਤੀਰੋਧਕ ਸਮਰੱਥਾ ਮਜ਼ਬੂਤ ਹੁੰਦੀ ਹੈ। ਵਿਟਾਮਿਨ ਤੋਂ ਇਲਾਵਾ ਇਸ ਨੂੰ ਪੀਣ ਨਾਲ ਸਰੀਰ ’ਚ ਮੈਗਨੀਸ਼ੀਅਮ ਤੇ ਫਾਸਫੋਰਸ ਦੀ ਕਮੀ ਵੀ ਪੂਰੀ ਹੁੰਦੀ ਹੈ। ਜੋ ਸਾਡੀਆਂ ਅੰਤੜੀਆਂ ਦੀ ਸਿਹਤ ਨੂੰ ਮਜ਼ਬੂਤ ਬਣਾਉਂਦਾ ਹੈ। ਨਾਲ ਹੀ ਇਹ ਸਰੀਰ ’ਚ ਮੌਜੂਦ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢ ਕੇ ਸਰੀਰ ਨੂੰ ਡਿਟਾਕਸ ਕਰਦਾ ਹੈ।

### ਕਬਜ਼ ਦੀ ਸਮੱਸਿਆ ਤੋਂ ਰਾਹਤ

ਇਕ ਗਲਾਸ ਕੋਸੇ ਪਾਣੀ ’ਚ ਇਕ ਚਮਚ ਸ਼ਹਿਦ ਤੇ ਦੋ ਚਮਚ ਨਿੰਬੂ ਦਾ ਰਸ ਮਿਲਾ ਕੇ ਪੀਣ ਨਾਲ ਸਰੀਰ ਸਿਹਤਮੰਦ ਰਹਿੰਦੀ ਹੈ। ਨਿੰਬੂ ’ਚ ਮੌਜੂਦ ਪੇਕਟਿਨ ਫਾਈਬਰ ਸ਼ੂਗਰ ਤੇ ਸਟਾਰਚ ਦੇ ਪਾਚਨ ਨੂੰ ਹੌਲੀ ਕਰਨ ਦਾ ਕੰਮ ਕਰਦੇ ਹਨ, ਜਿਸ ਨਾਲ ਸਾਡੀਆਂ ਅੰਤੜੀਆਂ ਦੀ ਸਿਹਤ ਨੂੰ ਫ਼ਾਇਦਾ ਹੁੰਦਾ ਹੈ। ਇਸ ਡਰਿੰਕ ਦਾ ਸੇਵਨ ਕਰਨ ਨਾਲ ਤੁਹਾਡਾ ਸਰੀਰ ਫੈਟ ਨੂੰ ਹੌਲੀ-ਹੌਲੀ ਬਰਨ ਕਰਨਾ ਸ਼ੁਰੂ ਕਰ ਦਿੰਦਾ ਹੈ। ਪਾਣੀ ’ਚ ਨਿੰਬੂ ਤੇ ਸ਼ਹਿਦ ਮਿਲਾ ਕੇ ਪੀਣ ਨਾਲ ਢਿੱਡ ਲੰਬੇ ਸਮੇਂ ਤੱਕ ਭਰਿਆ ਮਹਿਸੂਸ ਹੁੰਦਾ ਹੈ। ਦਰਅਸਲ, ਇਸ ’ਚ ਡਾਇਟਰੀ ਫਾਈਬਰ ਦੀ ਮਾਤਰਾ ਹੁੰਦੀ ਹੈ, ਜਿਸ ਕਾਰਨ ਵਿਅਕਤੀ ਨੂੰ ਲੰਬੇ ਸਮੇਂ ਤੱਕ ਭੁੱਖ ਨਹੀਂ ਲੱਗਦੀ।

# ਕਾਵਿ ਕਿਆਰੀ

## ਆਖਰ ਨੂੰ

ਆਖਰ ਨੂੰ ਹਥਿਆਰ ਚਲਾਉਣਾ ਕ੍ਰਾਂਤੀ ਹੁੰਦੀ ਏ।
ਮੋਢੇ ਰੱਖਕੇ ਗੇੜੇ ਲਾਉਣਾ ਫੁਕਰ-ਪੰਥੀ ਹੁੰਦੀ ਏ।

ਗੱਲ ਕਰਨ ਤੋਂ ਪਹਿਲਾਂ, ਅਸਲਾ ਲਹਿਰਾਉਂਦੇ ਜੋ।
ਡੱਬ ਚ ਪਿਸਟਲ ਲੈਕੇ, ਪੰਚਾਇਤ ਚ ਆਉਂਦੇ ਜੋ।

ਅਸਲੇ ਵਾਲੇ ਮਸਲੇ ਨੂੰ ਕਦੇ ਹੱਲ ਕਰ ਸਕਦੇ ਨਾ।
ਗੱਲਬਾਤ ਦੇ ਟੇਬਲ ਤੇ ਉਹ ਗੱਲ ਕਰ ਸਕਦੇ ਨਾ।

ਤੀਰ ਤਰਕ ਦੇ ਬਰਛਿਆਂ ਨੂੰ ਵੀ ਛਿੱਥਾ ਪਾ ਦਿੰਦੇ
ਲਹਿ ਜਾਂਦੀ ਜੋ ਸਿਰ 'ਤੇ ਚੜੀ ਫੈਂਟੇਸੀ ਹੁੰਦੀ ਏ।
ਆਖਰ ਨੂੰ ਹਥਿਆਰ....

ਨਾਬਰ ਅਤੇ ਜਾਬਰ ਵਿੱਚ ਜੋ ਭੇਦ ਪਛਾਣੇ ਨਾ
ਜੰਗ ਵਿਚਾਰਾਂ ਵਾਲੀ ਜਿਹੜਾ ਲੜਨਾ ਜਾਣੇ ਨਾ।

ਤਲਵਾਰ ਤੇ ਕ੍ਰਿਪਾਨ ਵਿੱਚ ਨਾ ਫਰਕ ਕਰਦੇ ਜੋ।
ਤਾਲੀਮ ਵਿਹੂਣੇ ਫੁਕਰੇ ਬੇੜਾ ਗਰਕ ਕਰਦੇ ਜੋ।

ਦਿੱਲੀ ਅਤੇ ਲਾਹੌਰ ਤਾਂ ਉਹਨਾਂ ਕੋਲੇ ਹੋਣਾ ਕੀ
ਨਾ ਸਿਰਸਾ ਤੇ ਅੰਬਾਲਾ ਤੇ ਨਾ ਹਾਂਸੀ ਹੁੰਦੀ ਏ।
ਆਖਰ ਨੂੰ ਹਥਿਆਰ.....

**ਲੇਖਕ : ਕੁਲਦੀਪ ਸਿਰਸਾ**

## ਜੀਵਨ ਜਾਂਚ

ਪੜ੍ਹ ਬਾਣੀ ਰਜ਼ਾ 'ਚ ਰਹਿ ਉਹਦੇ,
ਕਰ ਜੱਗ ਦੀ ਨਾ ਪ੍ਰਵਾਹ ਬੇਲੀ।
ਜਿਊਣਾ ਸਫ਼ਲਾ ਨਾ ਬਿਨਾਂ ਓਹਦੇ,
ਜਿੰਨਾਂ ਲਾਹੀਦਾ ਲਾਹਾ ਲਾਹ ਬੇਲੀ।

ਕਿਸੇ ਕੋਲ ਨਾ ਕੁਝ ਦੇਵਨੇ ਨੂੰ,
ਓਹਦੇ ਬਿਨਾਂ ਨਾ ਮਿਲਣੇ ਸਾਹ ਬੇਲੀ।
ਪੈਰ ਤਿਲਕਿਆਂ ਕਿਸੇ ਚੁੱਕਣਾ ਨਹੀਂ,
ਨਾ ਤੱਕੀਂ ਕਿਸੇ ਦਾ ਰਾਹ ਬੇਲੀ।

ਖ਼ੁਸ਼ ਹੁੰਦੇ ਨੇ ਸਭ ਮਾਰ ਕੱਛਾਂ,
ਸਿਰ ਪੈਂਦੀ ਵੇਖ ਸੁਆਹ ਬੇਲੀ।
ਐਵੇਂ ਤੱਕ ਨਾ ਕਿਸੇ ਦੀ ਆਸ ਬੈਠੀਂ,
ਸਭ ਫਿਰਨ ਲਾਉਣ ਨੂੰ ਦਾਅ ਬੇਲੀ।

ਸਭ ਅੰਦਰੋਂ 'ਭਗਤਾ' ਛਾਣਨੀ ਨੇ,
ਬਾਹਰੋਂ ਬੇਦਾਗ਼ ਰਹੇ ਵਿਖਾ ਬੇਲੀ।
ਦਿਲੋਂ ਕੋਈ ਨਾ ਕਿਸੇ ਨੂੰ ਕਹਿਣ ਜੋਗਾ,
ਆਪਾ ਹਰ ਕੋਈ ਬੈਠਾ ਗੁਆ ਬੇਲੀ।

**ਲੇਖਕ : ਬਰਾੜ-ਭਗਤਾ ਭਾਈ ਕਾ**
**+1-604-751-1113**

## ਇਤਿਹਾਸ

ਇਤਿਹਾਸ ਸਦਾ
ਤਾਕਤਵਾਰ ਹੱਥ ਲਿਖਦੇ
ਇਸੇ ਲਈ ਇਤਿਹਾਸ ਵਿੱਚ
ਕਮਜ਼ੋਰ ਸਦਾ
ਪਿੱਠ ਭੂਮੀ 'ਚ ਚਲੇ ਜਾਂਦੇ
ਗੁਨਾਹਗਾਰ
ਵੱਡੇ ਪਰਉਪਕਾਰੀ ਬਣ ਜਾਂਦੇ
ਮੈਦਾਨ ਛੱਡ ਕੇ ਭੱਜਣ ਵਾਲੇ
ਵੱਡੇ ਸੂਰਮਿਆਂ 'ਚ ਤਬਦੀਲ ਹੁੰਦੇ
ਜਿਹੜੇ ਅਸਲ ਵਿੱਚ ਇਤਿਹਾਸ ਸਿਰਜਦੇ
ਉਹ ਕਾਲ ਕੋਠੜੀਆਂ 'ਚ
ਜ਼ਲੀਲ ਹੁੰਦੇ
ਇਤਿਹਾਸ ਸਿਰਜਣ ਵਾਲਿਆਂ ਦੇ ਤਾਂ
ਹੱਥ ਕੱਟ ਦਿਤੇ ਜਾਂਦੇ
ਉਹਨਾਂ ਦੀਆਂ ਅੰਤੜੀਆਂ
ਉਹਨਾਂ ਦੀਆਂ ਪਿੱਠਾਂ ਨਾਲ ਜਾ ਲੱਗਦੀਆਂ
ਉਹਨਾਂ ਨੂੰ ਇਤਿਹਾਸ ਵਿੱਚ
ਨਾਇਕ ਤੋਂ ਖ਼ਲਨਾਇਕ ਬਣਾ ਦਿੱਤਾ ਜਾਂਦਾ
ਇਸੇ ਤਰਾਂ ਸਮੁੱਚਾ
ਇਤਿਹਾਸ ਬਦਲਾ ਦਿੱਤਾ ਜਾਂਦਾ
ਜਿਹੜੇ ਅਸਲ 'ਚ ਇਤਿਹਾਸ ਸਿਰਜਦੇ
ਉਨ੍ਹਾਂ ਦਾ ਇਤਿਹਾਸ 'ਚ
ਕਿਤੇ ਨਾਮੋ-ਨਿਸ਼ਾਂ ਵੀ ਨਾ ਹੁੰਦਾ।

**ਲੇਖਕ : ਡਾ. ਅਮਰਜੀਤ ਕੌਂਕੇ**

## ਨਾ ਤਾਂ ਅਮੀਰ ਹਾਂ ਮੈਂ

ਨਾ ਤਾਂ ਅਮੀਰ ਹਾਂ ਮੈਂ, ਨਾ ਹਾਂ ਗਰੀਬ ਕੋਈ।
ਮੱਧ-ਵਰਗੀ ਆਦਮੀ ਹਾਂ, ਮੈਨੂੰ ਕਿਤੇ ਨਾ ਢੋਈ।

ਲੇਖਾ ਜਦੋਂ ਵੀ ਕੀਤਾ, ਮੈਂ ਆਪਣੀ ਜ਼ਿੰਦਗੀ ਦਾ,
ਦਿਲ ਵਾਰ ਵਾਰ ਹੱਸਿਆ, ਅੱਖ ਜ਼ਾਰ-ਜ਼ਾਰ ਰੋਈ।

ਕੁਛ ਬੁੱਲਿਆਂ ਦੇ ਹਮਲੇ, ਕੁਛ ਭੰਬਟਾਂ ਦੇ ਝਟਕੇ ,
ਸ਼ੱਮ੍ਹਾਂ 'ਤੇ ਕੀ ਕੀ ਬੀਤੀ ਇਹ ਜਾਣਦਾ ਨਾ ਕੋਈ।

ਆਪਣੀ ਸੁਣਾ ਤੂੰ ਮਿੱਤਰ, ਦੱਸ ਤੇਰਾ ਹਾਲ ਕੀ ਹੈ,
ਜੋ ਮੇਰੇ ਨਾਲ ਹੋਈ, ਸੋ ਮੇਰੇ ਨਾਲ ਹੋਈ।

ਮਸਨੂਈ ਰੰਗ-ਰਲੀਆਂ, ਮੁਰਝਾਏ ਫੁੱਲ ਕਲੀਆਂ,
ਵਖ਼ਤਾਂ ਦੇ ਮਾਰਿਆਂ ਨੂੰ, ਮਿਲਦੀ ਕਿਤੇ ਨਾ ਢੋਈ।

ਛੱਡਿਆ ਕਿਤੋਂ ਵੀ ਜੋਗਾ, ਨਾ ਮੈਨੂੰ ਤੰਗਦਸਤੀ,
ਸੁਣਿਆ ਸੀ ਤੇਰੇ ਦਰ ਤੋਂ, ਖ਼ਾਲੀ ਗਿਆ ਨਾ ਕੋਈ।

ਗੁੰਮ-ਸੁੰਮ ਜਿਹਾ ਹੈ ਰਹਿੰਦਾ, ਸੁਣਦਾ ਨਾ ਕੁਛ ਕਹਿੰਦਾ,
ਇਹ ਦਿਲ ਮੇਰਾ ਨਾ ਦੱਸੇ, ਕੀ ਚੀਜ਼ ਇਸ ਦੀ ਖੋਈ।

**ਲੇਖਕ : ਅਜਮੇਰ ਗਿੱਲ**

## ਚਾਅ

ਤੇਰੇ ਕਰਕੇ ਲਿਖਦਾ ਰਹਿਨਾ,
ਉਂਝ ਨਹੀਂ ਮੈਨੂੰ ਚਾਅ ਬਾਹਲਾ।

ਟੌਹਰ ਵੀ ਕੱਢ ਦਾ ਤੇਰੇ ਲਈ,
ਉਂਝ ਨਹੀਂ ਮੈਨੂੰ ਚਾਅ ਬਾਹਲਾ।

ਦਿਲ ਮੇਰੇ ਵਿੱਚ ਤੂੰਹੀਓਂ ਏ ਬੱਸ,
ਪਾਇਆ ਨਹੀਓ ਗ਼ਾਹ ਬਾਹਲਾ।

ਤੇਰੇ ਨਾਲ ਗੱਲ ਕਰਨ ਲੱਗੇ,
ਮੈਨੂੰ ਚੜ੍ਹ ਜਾਂਦਾ ਏ ਸਾਹ ਬਾਹਲਾ।

ਤੇਰੇ ਕਰਕੇ ਲਿਖਦਾ ਰਹਿਨਾ,
ਉਂਝ ਨਹੀਂ ਮੈਨੂੰ ਚਾਅ ਬਾਹਲਾ।

**ਲੇਖਕ : ਅੰਮ੍ਰਿਤਪਾਲ ਸਿੰਘ ਬਾਜਵਾ**

## ਦਿਨ ਚੜ੍ਹਦਾ

ਦਿਨ ਚੜ੍ਹਦਾ ਤੇ ਧਰਤੀ ਉੱਤੇ, ਆਪਣਾ ਨਕਸ਼ ਖਰੋਚਾਂ ਮੈਂ ।
ਰਾਤ ਪਵੇ ਤੇ ਸ਼ਾਇਰ ਬਣ ਕੇ, ਬੜੀਆਂ ਸੋਚਾਂ ਸੋਚਾਂ ਮੈਂ ।
ਚੰਨ ਚੌਧਵੀ ਦੂਰ ਖਲੋ ਕੇ, ਮੇਰੇ ਵਲ ਪਿਆ ਤੱਕਦਾ ਏ,
ਮੇਰਾ ਦਿਲ ਵੀ ਏਹੋ ਚਾਹੁੰਦਾ, ਡਿੱਗ ਪਵੇ ਤੇ ਬੋਚਾਂ ਮੈਂ ।
ਮੇਰੇ ਵਿਹੜੇ ਵਿੱਚ ਖਿੜੇ ਹੋਏ, ਫੁੱਲ ਜਵਾਨੀ ਮਾਨਣ ਪਏ,
ਮੈਲੀਆਂ ਕਰਕੇ ਵੇਖੇ ਜਿਹੜਾ, ਉਹਦੀਆਂ ਅੱਖਾਂ ਨੋਚਾਂ ਮੈਂ ।
ਮੈਂ ਝੱਲਾ ਤੇ ਕਮਲਾ ਵਹਿਸੀ, ਕਾਹਦਾ ਡਰ ਰੁਸ ਵਾਈ ਦਾ,
ਭਾਵੇਂ ਮੈਨੂੰ ਇੱਟਾਂ ਮਾਰੋ, ਕਰਾਂ ਨਾ ਗਾਲ ਗਲੋਚਾਂ ਮੈਂ ।
ਅੱਤ ਗ਼ਮਾਂ ਦੇ ਬਲਦੇ ਥਲ ਵਿਚ, ਮਰ ਸਾਂ ਆਪਣੀ ਸੱਸੀ ਨਾਲ,
ਅੱਗ ਵਸਾਇਉ ਅਸਮਾਨੋਂ ਜੇ, ਨੱਸਾਂ ਵਾਂਗ ਬਲੋਚਾਂ ਮੈਂ ।
ਅੰਦਰੋਂ ਖੋਲਾ ਹੋਈਆਂ ਭਾਵੇਂ, ਕੰਧਾਂ ਨੇ ਘਰ ਬਾਰ ਦੀਆਂ,
ਮਜਬੂਰੀ ਨੂੰ ਢਕਣ ਦੇ ਲਈ, ਬਾਹਰੋ ਲਿੱਪਾਂ ਪੋਚਾਂ ਮੈਂ ।
ਜੀਹਦੇ ਢਿੱਡੋਂ ਜਨਮ ਲਿਆ ਸੀ, ਭੁੱਲ ਗਏ ਉਹਦੀ ਅਜ਼ਮਤ ਨੂੰ,
ਕਿਉਂ ਲੋਕੀ ਬੇਹਿੱਸੇ ਹੋ ਗਏ 'ਰਾਹਤ' ਇਹੋ ਸੋਚਾਂ ਮੈਂ ।

**ਲੇਖਕ : ਇਕਬਾਲ ਰਾਹਤ**

## ਜੀਹਦੇ ਸੀਨੇ ਫੱਟ ਕੋਈ ਨਹੀਂ

ਜੀਹਦੇ ਸੀਨੇ ਫੱਟ ਕੋਈ ਨਹੀਂ ਉਹ ਫ਼ਨਕਾਰ ਕਹਾਵੇ ਨਾ ।
ਜੀਹਨੂੰ ਜਾਨ ਪਿਆਰੀ ਹੋਵੇ ਏਸ ਗਲੀ ਵੱਲ ਆਵੇ ਨਾ ।

ਅੱਧ ਵਿਚਾਲੇ ਛੱਡ ਗਿਆ ਏ ਕਾਤਿਲ ਸੀ ਯਾ ਦਰਦੀ ਸੀ,
ਧੁੱਪੇ ਜਿਹੜਾ ਜਰ ਨਾ ਸੱਕੇ, ਛਾਵੇਂ ਜੋ ਦਫ਼ਨਾਵੇ ਨਾ ।

ਇਹ ਤੇ ਮੰਨਣ ਦੇ ਵਿਚ ਆਵੇ ਡਾਰ ਕਦੀ ਵਿੱਛੜਦੀ ਨਹੀਂ,
ਹੋ ਨਹੀਂ ਸਕਦਾ ਡਾਰ ਵਿਛੁੰਨੀ ਕੂੰਜ ਕਦੇ ਕੁਰਲਾਵੇ ਨਾ ।

ਪੱਥਰ ਮਾਰਣ ਵਾਲਿਉ ਆਉ, ਆਉ ਤੇ ਸੰਗਸਾਰ ਕਰੋ,
ਮੁਜਰਮ ਦੇ ਲਈ ਸ਼ਿਬਲੀ ਵਾਂਗੂੰ ਕੋਈ ਵੀ ਫੁੱਲ ਲਿਆਵੇ ਨਾ ।

ਹਿੰਮਤ ਹਾਰੇ ਲੋਕਾਂ ਦੇ ਵਿਚ ਮੈਨੂੰ ਵੀ ਫ਼ਿਰ ਗਿਣਿਆ ਜੇ,
ਮੋਇਆਂ ਮਗਰੋਂ ਕਬਰ ਮੇਰੀ ਤੇ ਦੀਵਾ ਜੇ ਰੁਸ਼ਣਾਵੇ ਨਾ ।

ਫ਼ਿਰਦੋਸ਼ੀ, ਫ਼ਰਹਾਦ ਦੋਹਾਂ ਨੇ ਕਾਰ ਮੁਕੰਮਲ ਕੀਤੀ ਸੀ,
ਆਸ਼ਿਕ ਕੌਲ ਨਿਭਾਉਂਦੇ ਭਾਵੇਂ ਕੋਈ 'ਸੁਲਤਾਨ' ਨਿਭਾਵੇ ਨਾ ।

**ਲੇਖਕ : ਸੁਲਤਾਨ ਖ਼ਾਰਵੀ**

## ਜ਼ਿੰਦਗੀ

ਹਰ ਪਲ ਦਾ ਮੈਂ ਲੁਤਫ਼ ਉਠਾਵਾਂ,
ਜੇ ਰੱਬ ਦਾ ਮੈਂ ਸ਼ੁਕਰ ਮਨਾਵਾਂ।

ਜੇ ਕੁਝ ਦੇ ਸਕਦਾਂ ਹੈਂ ਤੂੰ, ਤਾਂ
ਦੇ ਦੇ ਸਭ ਨੂੰ ਢੇਰ ਦੁਆਵਾਂ।

ਜੇਕਰ ਚੰਗਾ ਬੋਲ ਨ ਹੋਵੇ,
ਮੰਦਾ ਵੀ ਨਾ ਬੋਲ ਸੁਣਾਵਾਂ।

ਰੱਬ ਵੀ ਖ਼ੁਸ਼ ਹੋ ਜਾਵੇ, ਜੇਕਰ,
ਕੋਈ ਰੋਂਦਾ ਬਾਲ ਹੱਸਾਵਾਂ।

ਕਿਸਮਤ ਕੁਝ ਵੀ ਨਾ ਹੁੰਦੀ ਹੈ,
ਕੀਤੇ ਕਰਮਾਂ ਦਾ ਫਲ ਪਾਵਾਂ।

ਪ੍ਰੀਤ ਅਮਰ ਤਾਂ ਹੋਵੇਗੀ ਜੇ,
ਸੱਚੇ ਦਿਲ ਤੋਂ ਰੱਬ ਧਿਆਵਾਂ।

**ਲੇਖਕ : ਅਮਰਪ੍ਰੀਤ ਸਿੰਘ ਝੀਤਾ**

## ਵਗ ਰਹੀਆ ਨੇ ਤੇਜ਼ ਹਵਾਵਾਂ ਥਾਂ ਥਾਂ 'ਤੇ

ਵਗ ਰਹੀਆ ਨੇ ਤੇਜ਼ ਹਵਾਵਾਂ ਥਾਂ ਥਾਂ 'ਤੇ।
ਬੁਝਦੇ ਦੀਵੇ ਕਿਵੇਂ ਬਚਾਵਾ ਥਾਂ ਥਾਂ ਤੇ।
ਮਾਣ ਅਸਾਨੂੰ ਯਾਰੋ ਜਿਹਨਾਂ ਬਾਹਵਾਂ ਦਾ,
ਭੱਜ ਰਹੀਆਂ ਨੇ ਓਹ ਵੀ ਬਾਹਵਾਂ ਥਾਂ ਥਾਂ 'ਤੇ।

ਰੁੱਖਾਂ ਦੇ ਹਰ ਹੰਝੂ ਅੰਦਰ ਅੱਗ ਬਲ਼ੇ,
ਜਲ਼ ਰਹੀਆਂ ਨੇ ਠੰਡੀਆਂ ਛਾਵਾਂ ਥਾਂ ਥਾਂ 'ਤੇ।
ਧਰਤੀ ਮਾਂ ਦੀ ਝੋਲੀ ਲਾਸ਼ਾਂ ਨਾਲ ਭਰੀ,
ਹੂਕਾਂ ਬਣੀਆਂ ਦਿਸਣ ਦੁਆਵਾਂ ਥਾਂ ਥਾਂ 'ਤੇ।

ਦਿਲ ਸਹਿੰਦਾ ਖੜਕਾਰ ਨਾ ਖ਼ੂਨੀ ਬੂਟਾਂ ਦੀ,
ਸਿਰ 'ਤੇ ਤੁਰੀਆਂ ਫਿਰਨ ਬਲਾਵਾਂ ਥਾਂ ਥਾਂ 'ਤੇ।
ਅਮਨ ਮੁਹੱਬਤ ਹੋਵੇ ਧਰਤੀ ਅੰਬਰ 'ਤੇ,
ਪੰਛੀ ਵਾਗੂੰ ਆਵਾਂ ਜਾਵਾਂ ਥਾਂ ਥਾਂ 'ਤੇ।

ਰਹੇ ਸ਼ਿਕਾਰੀ ਨਾ ਕੋਈ ਵੀ ਦੁਨੀਆਂ 'ਤੇ,
ਘੁੱਗੀਆਂ ਦੀ ਮੈ ਡਾਰ ਉੜਾਵਾਂ ਥਾਂ ਥਾਂ 'ਤੇ।
ਹੱਕ ਦੀ ਖ਼ਾਤਰ ਜਿੰਨ੍ਹਾਂ ਮੌਤ ਵਿਆਹੀ ਏ,
ਕਿਉਂ ਉਹਨਾਂ ਦੇ ਗੀਤ ਨਾ ਗਾਵਾਂ ਥਾਂ ਥਾਂ 'ਤੇ।

'ਹਸਨਪੁਰੀ' ਇਹ ਘੁੱਪ ਹਨੇਰਾ ਮੇਟਣ ਨੂੰ,
ਗ਼ਜ਼ਲਾਂ ਦੀ ਮੈ ਸ਼ਮ੍ਹਾ ਜਗਾਵਾਂ ਥਾਂ ਥਾਂ 'ਤੇ।

**ਲੇਖਕ : ਇੰਦਰਜੀਤ ਹਸਨਪੁਰੀ**

## ਲੀਡਰ

ਲੀਡਰਾਂ ਦੀ ਸੁਣੋ, ਫਿਰੇ ਕਾਰ ਕੂਕਦੀ
ਕਿਸੇ ਦਾ ਨਾ ਡਰ, ਸਿਰ ਛਾਂ ਬੰਦੂਕ ਦੀ

ਪਿੱਟਦੇ ਗਰੀਬ, ਸੁਣਦੇ ਨਾ ਹੂਕ ਜੀ
ਜੇਬ੍ਹ ਵਿੱਚ ਚਾਬੀ, ਦੇਸ਼ ਦੇ ਸੰਦੂਕ ਦੀ

ਖੰਭਾਂ ਨਾਲ ਯਾਰੋ , ਬਣ ਗਈ ਡਾਰ ਜੀ
ਮਾੜੇ ਦੀ ਇੱਜਤ, ਹੋਈ ਤਾਰ ਤਾਰ ਜੀ

ਕਰਜ਼ੇ ਦੀ ਪੰਡ, ਮੁੱਕਦਾ ਨਾ ਭਾਰ ਜੀ
ਫਿਕਰਾਂ ਨੇ ਖਾ ਲੀ, ਜਿੰਦੜੀ ਮਲੂਕ ਜੀ ।

ਲਾਰੇ ਲੱਪੇ ਵਾਲੇ, ਰੌਲਾ ਪਾਈ ਜਾਂਦੇ ਨੇ ।
ਧੂੜ ਵਿੱਚ ਟੱਟੂ, ਨੂੰ ਭਜਾਈ ਜਾਂਦੇ ਨੇ ।

ਸੱਚ ਉੱਤੇ ਝੂਠ, ਪੋਚੇ ਪਾਈ ਜਾਂਦੇ ਨੇ ।
ਸੰਘੀ ਨੱਪ ਛੱਡੀ, ਮੋਰਾਂ ਵਾਲੀ ਕੂਕ ਦੀ ।

ਉੱਠ ਯਾਰ ਸ਼ਮੀ, ਹੁਣ ਤੂੰ ਹੀ ਜਾਗ ਜਾ ।
ਕਰ ਕੋਈ ਹੀਲਾ, ਮੱਥੇ ਲੱਗੇ ਦਾਗ਼ ਦਾ ।

ਦੱਸ ਕੋਈ ਕਾਟ, ਡੰਗ ਜਹਿਰੀ ਨਾਗ ਦਾ ।
ਦੱਸ ਕਿੱਥੇ ਹੋਈ, ਸਾਡੇ ਕੋਂਲੋ ਚੂਕ ਜੀ ।

**ਲੇਖਕ : ਸਮਰਜੀਤ ਸਿੰਘ ਸ਼ਮੀ**

## ਲਾਲੋ ਤੇਰਾ ਘਰ

ਗੁਰੂ ਨਾਨਕ ਨੇ ਆਖਿਆ ਨਹੀਂ ਕੱਚਾ ਢਾਰਾ।
ਲਾਲੋ ਤੇਰਾ ਘਰ ਲੱਗਦਾ ਹੈ ਮਹਿਲ ਮੁਨਾਰਾ।
ਸਬਰ ਅਤੇ ਸੰਤੋਖ ਨਾਲ ਤੂੰ ਨੀਹਾਂ ਭਰੀਆਂ।
ਸੱਚੀ ਸੁੱਚੀ ਕਿਰਤ ਦੀਆਂ ਨੇ ਇੱਟਾਂ ਧਰੀਆਂ।
ਇਸ ਨੂੰ ਦਇਆ ਧਰਮ ਦਾ ਤੂੰ ਲਾਇਆ ਗਾਰਾ।
ਲਾਲੋ ਤੇਰਾ...........

ਸੇਵਾ ਸਿਮਰਨ ਵਾਲੜਾ ਤੂੰ ਪੋਚਾ ਲਾਇਆ।
ਰਜ਼ਾ ਰੱਬ ਦੀ ਲੱਗਦਾ ਤੂੰ ਪੀੜ੍ਹਾ ਡਾਹਿਆ।
ਦਾਨ ਪੁੰਨ ਦਾ ਵਿਹੜੇ ਦੇ ਵਿੱਚ ਮਘਦਾ ਹਾਰਾ।
ਲਾਲੋ ਤੇਰਾ.........

ਰੁੱਖਾਂ ਦੀ ਜੀਰਾਂਦ ਹੈ ਸੀਨੇ ਵਿੱਚ ਤੇਰੇ।
ਮਹਿਕ ਸੱਚ ਦੀ ਆ ਰਹੀ ਘਰ ਚਾਰ ਚੁਫ਼ੇਰੇ।
ਦਿਲ ਦਰਿਆ ਦੇ ਵਾਂਗ ਹੈ ਘਰ ਤੇਰਾ ਸਾਰਾ।
ਲਾਲੋ ਤੇਰਾ..........

ਵੱਸਣ ਰੱਬੀ ਰਹਿਮਤਾਂ ਰੱਬ ਨੇ ਵਰਸਾਈਆਂ।
ਇਹੋ ਜਹੀਆਂ ਬਰਕਤਾਂ ਵਿਰਲੇ ਹੱਥ ਆਈਆਂ।
ਗੱਗੜ ਮਾਜਰੇ ਵਾਲਿਆ ਕੀ ਬਲਖ਼ ਬੁਖ਼ਾਰਾ
ਲਾਲੋ ਤੇਰਾ.........

**ਲੇਖਕ : ਹਰਨੇਕ ਸਿੰਘ ਭੰਡਾਲ**

# ਨਾਰੀ ਸੰਸਾਰ



## ਜ਼ਿੰਦਗੀ ਨੂੰ ਮਾਣੋ ਬਤੀਤ ਨਾ ਕਰੋ

ਲੇਖਕ : ਕੈਲਾਸ਼ ਚੰਦਰ ਸ਼ਰਮਾ, ਸੰਪਰਕ: 98774-66607

ਹਰ ਵਿਅਕਤੀ ਜ਼ਿੰਦਗੀ ਨੂੰ ਆਪੋ-ਆਪਣੇ ਨਜ਼ਰੀਏ ਨਾਲ ਵੇਖਦਾ ਹੈ। ਕੋਈ ਸਮਝਦਾ ਹੈ ਕਿ ਜ਼ਿੰਦਗੀ ਇਕ ਖੇਡ ਹੈ ਅਤੇ ਕੋਈ ਇਸਨੂੰ ਪਰਮਾਤਮਾ ਵੱਲੋਂ ਮਿਲਿਆ ਤੋਹਫ਼ਾ ਮੰਨਦਾ ਹੈ। ਕਿਸੇ ਦੀ ਨਜ਼ਰ ਵਿਚ ਇਹ ਜੀਵਨ ਯਾਤਰਾ ਹੈ, ਜਿਸ ਵਿਚ ਗ਼ਮ, ਖੇੜੇ ਅਨੁਭਵ, ਕਲਪਨਾ, ਲੋਭ, ਲਾਲਚ ਖ਼ੁਦਗਰਜ਼ੀ, ਨਫ਼ਰਤ ਅਤੇ ਪਿਆਰ ਆਦਿ ਜਜ਼ਬਾਤਾਂ ਦਾ ਕਾਫ਼ਲਾ ਨਿਰਵਿਘਨ ਚੱਲਦਾ ਰਹਿੰਦਾ ਹੈ। ਜਿਸ ਨਜ਼ਰੀਏ ਨਾਲ ਅਸੀਂ ਜੀਵਨ ਨੂੰ ਵੇਖਦੇ ਹਾਂ, ਉਸੇ ਤਰ੍ਹਾਂ ਦਾ ਇਹ ਮਹਿਸੂਸ ਹੋਣ ਲੱਗਦਾ ਹੈ। ਰੋ ਕੇ ਜਿਊਣ ਨਾਲ ਜ਼ਿੰਦਗੀ ਦੁਖਦਾਈ ਪਲਾਂ ਦੀ ਇਕ ਲੰਮੀ ਮਾਲਾ ਲੱਗਦੀ ਹੈ, ਪਰ ਹੱਸ ਕੇ ਜਿਊਣ ਨਾਲ ਇਹ ਕਦੋਂ ਪੂਰੀ ਹੋ ਜਾਂਦੀ ਹੈ, ਪਤਾ ਹੀ ਨਹੀਂ ਲੱਗਦਾ। ਅਜੋਕਾ ਮਨੁੱਖ ਗਿਆਨ ਦੇ ਸਾਗਰ ਵਿਚ ਡੁੱਬ ਕੇ ਵੀ ਹਨੇਰੇ ਵਿਚ ਹੀ ਗੋਤੇ ਖਾਈ ਜਾ ਰਿਹਾ ਹੈ। ਉਹ ਸਿਰਫ਼ ਦੌੜ ਰਿਹਾ ਹੈ ਕਦੇ ਸਫਲਤਾ ਪਿੱਛੇ, ਕਦੇ ਦੂਸਰਿਆਂ ਪਿੱਛੇ ਅਤੇ ਕਦੇ ਆਪਣੀਆਂ ਲਾਲਸਾਵਾਂ ਪਿੱਛੇ। ਇਸ ਤਰ੍ਹਾਂ ਉਹ ਜੀਵਨ ਦੇ ਅਸਲੀ ਮਕਸਦ ਤੋਂ ਭਟਕ ਰਿਹਾ ਹੈ। ਉਹ ਜ਼ਿੰਦਗੀ ਜੀਅ ਤਾਂ ਰਿਹਾ ਹੈ, ਪਰ ਇਸਨੂੰ ਮਾਣ ਨਹੀਂ ਰਿਹਾ। ਜ਼ਿੰਦਗੀ ਸਾਡੇ ਅਨੁਸਾਰ ਹੀ ਚੱਲੇ ਇਹ ਕਦੇ ਨਹੀਂ ਹੋ ਸਕਦਾ, ਪਰ ਕੁਝ ਹੱਦ ਤਕ ਜ਼ਿੰਦਗੀ ਨੂੰ ਮਾਣਨਾ ਸਾਡੇ 'ਤੇ ਵੀ ਨਿਰਭਰ ਕਰਦਾ ਹੈ। ਜ਼ਿੰਦਗੀ ਦਾ ਆਨੰਦ ਮਾਣਨ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ-ਆਪ ਤੋਂ ਜਾਣੂ ਹੋਈਏ। ਜ਼ਿੰਦਗੀ ਨੂੰ ਓਹੀ ਮਾਣ ਸਕਦੇ ਹਨ ਜੋ ਆਪਣੇ ਜਨਮ ਅਤੇ ਮੌਤ ਵਿਚਲੇ ਸਮੇਂ ਨੂੰ ਭਰਪੂਰ ਹਾਸੇ ਅਤੇ ਪ੍ਰੇਮ ਨਾਲ ਭਰ ਦੇਣ ਕਿਉਂਕਿ ਪ੍ਰੇਮ ਅਤੇ ਹੱਸਣਾ ਅਜਿਹੀਆਂ ਭਾਵਨਾਵਾਂ ਹਨ ਜੋ ਵਿਅਕਤੀ ਨੂੰ ਅੰਦਰੂਨੀ ਤੌਰ 'ਤੇ ਖ਼ੁਸ਼ਹਾਲ ਹੋਣ ਵੱਲ ਇਸ਼ਾਰਾ ਕਰਦੀਆਂ ਹਨ। ਜ਼ਿੰਦਗੀ ਵਿਚ ਬੁਰੇ ਹਾਲਾਤ ਨੂੰ ਪਾਰ ਕਰਨ ਤੋਂ ਬਿਨਾਂ ਕੋਈ ਵੀ ਮਨੁੱਖ ਜ਼ਿੰਦਗੀ ਦੀਆਂ ਉੱਚਾਈਆਂ ਪ੍ਰਾਪਤ ਨਹੀਂ ਕਰ ਸਕਦਾ। ਇਸ ਲਈ ਜ਼ਿੰਦਗੀ ਵਿਚ ਆਈਆਂ ਮੁਸ਼ਕਲਾਂ ਬਾਰੇ ਜ਼ਿਆਦਾ ਨਾ ਸੋਚੋ ਬਲਕਿ ਇਨ੍ਹਾਂ ਦਾ ਮੁਕਾਬਲਾ ਕਰਨ ਲਈ ਤਿਆਰ ਰਹੋ। ਲਾਪਰਵਾਹੀ ਨਹੀਂ ਬੇਫ਼ਿਕਰੀ ਜ਼ਿੰਦਗੀ ਦਾ ਖ਼ੂਬਸੂਰਤ ਗਹਿਣਾ ਹੈ। ਜ਼ਿੰਦਗੀ ਵਿਚ ਸੁੱਖ ਵੀ ਬਹੁਤ ਹਨ ਅਤੇ ਪਰੇਸ਼ਾਨੀਆਂ ਵੀ ਬਹੁਤ ਹਨ। ਲਾਭ ਵੀ ਹਨ ਅਤੇ ਹਾਨੀਆਂ ਵੀ। ਇਹ ਕਦੇ ਨਾ ਸੋਚੋ ਕਿ ਪਰਮਾਤਮਾ ਨੇ ਗ਼ਮ ਸਾਡੀ ਹੀ ਝੋਲੀ ਵਿਚ ਪਾਏ ਹਨ ਬਲਕਿ ਇਹ ਵੀ ਯਾਦ ਰੱਖੋ ਕਿ ਪਰਮਾਤਮਾ ਦੀਆਂ ਮਿਹਰਬਾਨੀਆਂ ਵੀ ਸਾਡੇ 'ਤੇ ਬਹੁਤ ਹਨ। ਇਹ ਮੁਮਕਿਨ ਨਹੀਂ ਕਿ ਜ਼ਿੰਦਗੀ ਹਰ ਵਕਤ ਸਾਡੇ 'ਤੇ ਮਿਹਰਬਾਨ ਹੀ ਰਹੇ, ਜ਼ਿੰਦਗੀ ਦੇ ਕੁਝ ਪਲ ਸਾਨੂੰ ਤਜਰਬਾ ਵੀ ਸਿਖਾਉਂਦੇ ਹਨ। ਜ਼ਿੰਦਗੀ ਦਾ ਆਨੰਦ ਲੈਣ ਲਈ ਦੋ ਸ਼ਕਤੀਆਂ ਦੀ ਜ਼ਰੂਰਤ ਹੁੰਦੀ ਹੈ। ਇਕ ਸਹਿਣਸ਼ਕਤੀ ਅਤੇ ਦੂਜੀ ਸਮਝ-ਸ਼ਕਤੀ। ਜਿਸ ਵਿਅਕਤੀ ਕੋਲ ਇਹ ਦੋਵੇਂ ਸ਼ਕਤੀਆਂ ਭਰਪੂਰ ਹਨ, ਉਸਨੂੰ ਜ਼ਿੰਦਗੀ ਮਾਣਨ ਤੋਂ ਕੋਈ ਨਹੀਂ ਰੋਕ ਸਕਦਾ। ਜੋ ਕੁਝ ਵੀ ਜ਼ਿੰਦਗੀ ਵਿਚ ਤੁਹਾਡੀ ਮਰਜ਼ੀ ਨਾਲ ਨਹੀਂ ਹੋ ਰਿਹਾ, ਉਹ ਪਰਮਾਤਮਾ ਦੀ ਮਰਜ਼ੀ ਦਾ ਹੋ ਰਿਹਾ ਹੈ ਹੁੰਦਾ ਹੈ ਅਤੇ ਜੋ ਵੀ ਪਰਮਾਤਮਾ ਦੀ ਮਰਜ਼ੀ ਨਾਲ ਹੋਵੇ ਉਹ ਕਦੇ ਗ਼ਲਤ ਨਹੀਂ ਹੁੰਦਾ। ਇਸ ਲਈ ਕਦੇ ਵੀ ਨਿਰਾਸ਼ ਨਾ ਹੋਵੋ ਅਤੇ ਜ਼ਿੰਦਗੀ ਦੇ ਰੰਗ ਕਦੇ ਵੀ ਫਿੱਕੇ ਨਾ ਪੈਣ ਦਿਓ। ਕਹਿੰਦੇ ਹਨ ਜ਼ਿੰਦਗੀ ਜ਼ਿੰਦਾਦਿਲੀ ਦਾ ਨਾਂ ਹੈ, ਭਾਵ ਜ਼ਿੰਦਗੀ ਕੱਟਣੀ ਨਹੀਂ ਸਗੋਂ ਮਾਣਨੀ ਚਾਹੀਦੀ ਹੈ। ਜ਼ਿਆਦਾਤਰ ਲੋਕ ਮੋਹ-ਮਾਇਆ ਵਿਚ ਫਸ ਕੇ ਜੀਵਨ ਦਾ ਆਨੰਦ ਮਾਣਨ ਤੋਂ ਵਾਂਝੇ ਰਹਿ ਜਾਂਦੇ ਹਨ। ਅਜਿਹੇ ਲੋਕਾਂ ਨੂੰ ਸਮਝਣਾ ਚਾਹੀਦਾ ਹੈ ਕਿ ਜ਼ਿੰਦਗੀ ਦੀਆਂ ਖ਼ੁਸ਼ੀਆਂ-ਖੇੜੇ ਐਵੇਂ ਨਹੀਂ, ਸਗੋਂ ਛੋਟੀਆਂ-ਛੋਟੀਆਂ ਚੀਜ਼ਾਂ ਵਿਚੋਂ ਲੱਭੇ ਜਾ ਸਕਦੇ ਹਨ। ਇਸ ਲਈ ਇਨ੍ਹਾਂ ਨੂੰ ਲੱਭਣ ਦੀ ਕੋਸ਼ਿਸ਼ ਕਰੋ, ਕੁਝ ਨਜ਼ਰਅੰਦਾਜ਼ ਕਰ ਕੇ ਅਤੇ ਕੁਝ ਭੁੱਲ-ਭੁਲਾ ਕੇ। ਆਪਣੇ ਸੁਪਨਿਆਂ ਨੂੰ ਕਦੇ ਵੀ ਮਰਨ ਨਾ ਦਿਓ। ਇਨ੍ਹਾਂ ਦੀ ਪੂਰਤੀ ਲਈ ਇਕਾਗਰਤਾ ਨਾਲ ਯਤਨ ਕਰਦੇ ਰਹੋ, ਨਹੀਂ ਤਾਂ ਜ਼ਿੰਦਗੀ ਵਿਚ ਪਛਤਾਵੇ ਦੀਆਂ ਸੂਲਾਂ ਚੁੱਭਦੀਆਂ ਰਹਿਣਗੀਆਂ।

ਇਹ ਤੈਅ ਕਰਨ ਵਿਚ ਵਕਤ ਨਾ ਲਗਾਓ ਕਿ ਤੁਸੀਂ ਕੀ ਕਰਨਾ ਹੈ, ਨਹੀਂ ਤਾਂ ਵਕਤ ਤੈਅ ਕਰ ਲੈਂਦਾ ਹੈ ਕਿ ਉਸਨੇ ਕੀ ਕਰਨਾ ਹੈ। ਕਿਸੇ ਕੋਲੋਂ ਬਦਲਾ ਲੈਣ 'ਚ ਹੀ ਆਪਣਾ ਸਮਾਂ ਨਾ ਗੁਆਓ। ਜਿਨ੍ਹਾਂ ਲੋਕਾਂ ਨੇ ਤੁਹਾਡਾ ਦਿਲ ਦੁਖਾਇਆ ਹੈ, ਉਹ ਆਪਣੇ ਕਰਮਾਂ ਨਾਲ ਹੀ ਇਸਦਾ ਜਵਾਬ ਪ੍ਰਾਪਤ ਕਰ ਲੈਣਗੇ। ਨੇਤਰ ਕੇਵਲ ਦ੍ਰਿਸ਼ਟੀ ਪ੍ਰਦਾਨ ਕਰਦੇ ਹਨ। ਅਸੀਂ ਕਿੱਥੇ ਕੀ ਅਤੇ ਕਿਸ ਨਜ਼ਰੀਏ ਨਾਲ ਵੇਖਦੇ ਹਾਂ ਇਹ ਸਾਡੇ ਮਨ ਦੀ ਭਾਵਨਾ 'ਤੇ ਨਿਰਭਰ ਕਰਦਾ ਹੈ। ਇਸ ਭਾਵਨਾ ਨੂੰ ਸਾਕਾਰਾਤਮਕ ਰੱਖੋ। ਜ਼ਿੰਦਗੀ ਨੂੰ ਹੱਸ ਅਤੇ ਮਿਲ-ਜੁਲ ਕੇ ਗੁਜ਼ਾਰੋ, ਪਤਾ ਨਹੀਂ ਕਿੰਨੀ ਕੁ ਬਚੀ ਹੈ। ਜਿੱਥੇ ਨਾਰਾਜ਼ਗੀ ਦੀ ਕੋਈ ਕਦਰ ਨਾ ਹੋਵੇ, ਉੱਥੇ ਨਾਰਾਜ਼ ਹੋਣਾ ਛੱਡ ਦਿਓ। ਕੋਈ ਵੀ ਕਾਰਨ ਹੋਵੇ, ਕੋਈ ਵੀ ਗੱਲ ਹੋਵੇ, ਨਾ ਕਦੇ ਚਿੜੋ ਅਤੇ ਨਾ ਹੀ ਗੁੱਸਾ ਕਰੋ। ਜ਼ੋਰ-ਜ਼ੋਰ ਨਾਲ ਨਾ ਬੋਲੋ ਅਤੇ ਮਨ ਨੂੰ ਸ਼ਾਂਤ ਰੱਖਦੇ ਹੋਏ ਵਿਚਾਰ ਕਰੋ ਅਤੇ ਫ਼ੈਸਲੇ ਲਓ। ਆਵਾਜ਼ ਨਾਲ ਗਿਲ੍ਹੇ ਨਹੀਂ ਮਿਟਦੇ ਬਲਕਿ ਇਹ ਬੁੱਧੀ ਨਾਲ ਮਿਟਦੇ ਹਨ। ਤਕਲੀਫ਼ ਸਿਰਫ਼ ਆਪ ਨੂੰ ਹੀ ਹੋਵੇਗੀ। ਜੇਕਰ ਮਨ ਨੂੰ ਸ਼ਾਂਤ ਰੱਖੋਗੇ ਤਾਂ ਸੁੱਖ ਵੀ ਤੁਹਾਨੂੰ ਹੀ ਮਿਲੇਗਾ। ਜੇ ਤੁਸੀਂ ਸਹੀ ਹੋ ਤਾਂ ਕੁਝ ਵੀ ਸਾਬਤ ਕਰਨ ਦੀ ਕੋਸ਼ਿਸ਼ ਨਾ ਕਰੋ। ਕੇਵਲ ਸਹੀ ਬਣੇ ਰਹੋ। ਗਵਾਹੀ ਵਕਤ ਖ਼ੁਦ ਦੇਵੇਗਾ। ਈਰਖਾ ਨਾ ਰੱਖੋ ਬਲਕਿ ਸਭ ਦੇ ਮਨ ਵਿਚ ਖ਼ੁਸ਼ੀਆਂ ਦੇ ਦੀਵੇ ਬਾਲੋ। ਜੀਵਨ ਵਿਚ ਜਿਸ ਵਿਅਕਤੀ ਕੋਲ ਸ਼ਿਕਾਇਤਾਂ ਸਭ ਤੋਂ ਘੱਟ ਹੋਣ, ਉਹੀ ਆਪਣੀ ਜ਼ਿੰਦਗੀ ਨੂੰ ਮਾਣ ਸਕਦਾ ਹੈ। ਕਿਸੇ ਸਿਆਣੇ ਨੇ ਸੱਚ ਹੀ ਕਿਹਾ ਹੈ: ਸ਼ਿਕਾਇਤ ਕੀ ਆਦਤ ਸਬ ਖੋ ਗਈ ਹੈ, ਖਾਮੋਸ਼ੀਓ ਕੀ ਆਦਤ ਸਬ ਹੋ ਗਈ ਹੈ, ਨਾ ਸ਼ਿਕਵਾ ਰਹਾ ਨਾ ਸ਼ਿਕਾਇਤ ਕਿਸੀ ਸੇ, ਯਹ ਜ਼ਿੰਦਗੀ ਸਬ ਖ਼ੁਸ਼ੀਓ ਕੀ ਹੋ ਗਈ ਹੈ। ਇਕ ਆਨੰਦਮਈ ਜ਼ਿੰਦਗੀ ਬਤੀਤ ਕਰਨ ਵਾਲੇ ਵਿਅਕਤੀ ਨੇ ਆਪਣੇ ਆਨੰਦ ਦਾ ਭੇਦ ਦੱਸਿਆ ਕਿ ਉਸਨੇ ਆਪਣੀ ਜ਼ਿੰਦਗੀ ਦੀ ਗੱਡੀ ਦੇ ਉਹ ਸਾਈਡ ਗਲਾਸ ਹੀ ਹਟਾ ਦਿੱਤੇ ਹਨ, ਜਿਸ ਵਿਚੋਂ ਪਿੱਛੇ ਛੁੱਟ ਗਏ ਰਸਤੇ 'ਤੇ ਬੁਰਾਈ ਕਰਦੇ ਲੋਕ ਨਜ਼ਰ ਆਉਂਦੇ ਸਨ। ਲੰਮਾ ਧਾਗਾ ਅਤੇ ਲੰਮੀ ਜ਼ੁਬਾਨ ਸਦਾ ਉਲਝ ਜਾਂਦੇ ਹਨ, ਇਸ ਲਈ ਜੀਵਨ ਦੀ ਯਾਤਰਾ ਕਰਦੇ ਸਮੇਂ ਧਾਗੇ ਅਤੇ ਜ਼ੁਬਾਨ ਨੂੰ ਸਮੇਟ ਕੇ ਰੱਖੋ। ਜ਼ਿੰਦਗੀ ਵਿਚ ਹੱਥ ਘੁੱਟ ਕੇ ਖ਼ਰਚ ਕਰੋ, ਨਹੀਂ ਤਾਂ ਇਹੀ ਹੱਥ ਦੂਸਰਿਆਂ ਅੱਗੇ ਮੰਗਣ ਲਾ ਦਿੰਦੇ ਹਨ। ਹਰ ਗੱਲ ਦਿਲ 'ਤੇ ਲਾਓਗੇ ਤਾਂ ਰੋਂਦੇ ਰਹਿ ਜਾਓਗੇ। ਜੋ ਜਿਹੋ-ਜਿਹਾ ਹੈ ਉਸ ਨਾਲ ਉਸੇ ਤਰ੍ਹਾਂ ਦਾ ਬਣਨਾ ਸਿੱਖੋ। ਜ਼ਿੰਦਗੀ ਜਲਦੀ-ਜਲਦੀ ਖ਼ਤਮ ਹੋ ਰਹੀ ਹੈ, ਇਸ ਲਈ ਇਸਨੂੰ ਮਾਣਨ ਲਈ ਹੱਸੋ, ਪਿਆਰ ਕਰੋ ਅਤੇ ਨਵੀਆਂ-ਨਵੀਆਂ ਚੀਜ਼ਾਂ ਸਿੱਖਣ ਦੀ ਕੋਸ਼ਿਸ਼ ਕਰੋ। ਮੁਆਫ਼ ਕਰੋ, ਭੁੱਲ ਜਾਓ ਅਤੇ ਗਿਲ੍ਹੇ-ਸ਼ਿਕਵੇ ਨਾ ਰੱਖੋ।

## ਤਣਾਅ ਤੋਂ ਬਚਣ ਔਰਤਾਂ

ਲੇਖਕ : ਮੀਨਾ ਜੈਨ ਛਾਬੜਾ

ਤਣਾਅ ਪੈਦਾ ਹੋਣ ਦੇ ਕਾਰਨ ਹਨ ਸ਼ੱਕ, ਬੇਵਿਸ਼ਵਾਸੀ, ਬੇਚੈਨੀ, ਗ਼ਲਤ-ਫਹਿਮੀ, ਆਸਾਂ-ਉਮੀਦਾਂ, ਅਸਫਲਤਾਵਾਂ, ਲਾਲਸਾਵਾਂ, ਡਰ, ਈਰਖਾ, ਹੰਕਾਰ ਆਦਿ, ਜਿਸ ਦਾ ਨਤੀਜਾ ਅਸੀਂ ਅਸੰਤੋਸ਼ ਅਤੇ ਮਾਨਸਿਕ ਸੰਤਾਪ ਦੇ ਰੂਪ ਵਿਚ ਦੇਖਦੇ ਹਾਂ।

ਤਣਾਅ ਦੇ ਅਨੇਕ ਮਾੜੇ ਨਤੀਜੇ ਸਾਨੂੰ ਦੇਖਣ ਨੂੰ ਮਿਲਦੇ ਹਨ। ਤਣਾਅ ਨਾਲ ਸਾਡੀਆਂ ਮਾਸਪੇਸ਼ੀਆਂ ਵਿਚ ਖਿਚਾਅ ਪੈਦਾ ਹੁੰਦਾ ਹੈ, ਫਿਰ ਅਸੀਂ ਬੇਚੈਨੀ ਮਹਿਸੂਸ ਕਰਦੇ ਹਾਂ। ਇਸ ਨਾਲ ਖ਼ੂਨ ਦਾ ਦਬਾਅ ਵਧ ਜਾਂਦਾ ਹੈ। ਮਾਨਸਿਕ ਅਸੰਤੁਲਨ, ਸਾਡੇ ਨਿੱਜੀ ਅਤੇ ਪਰਿਵਾਰਕ ਜੀਵਨ ਵਿਚ ਬਿਖਰਾਅ ਤੋਂ ਇਲਾਵਾ ਹੋਰ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਸਾਨੂੰ ਘੇਰ ਲੈਂਦੀਆਂ ਹਨ। ਕਿਤੇ-ਕਿਤੇ ਤਾਂ ਆਤਮ-ਹੱਤਿਆ ਕਰਨ ਵਰਗੇ ਕਦਮ ਵੀ ਮਨੁੱਖ ਤਣਾਅਵੱਸ ਚੁੱਕ ਬੈਠਦਾ ਹੈ।

ਤਣਾਅ ਨਾਲ ਸਾਡੀ ਮੌਲਿਕਤਾ ਖ਼ਤਮ ਹੋ ਜਾਂਦੀ ਹੈ, ਪ੍ਰਗਤੀ ਦੇ ਸਾਰੇ ਰਾਹ ਬੰਦ ਹੋ ਜਾਂਦੇ ਹਨ, ਅਸੀਂ ਆਪਣੇ ਨਿਸ਼ਾਨੇ ਤੋਂ ਭਟਕ ਜਾਂਦੇ ਹਾਂ ਅਤੇ ਜੀਵਨ ਦੀਆਂ ਸਮੁੱਚੀਆਂ ਚੰਗੀਆਂ ਭਾਵਨਾਵਾਂ ਸਾਡਾ ਸਾਥ ਛੱਡ ਦਿੰਦੀਆਂ ਹਨ ਅਤੇ ਅਸ਼ਾਂਤੀ, ਨਿਰਾਸ਼ਾ ਵਰਗੀਆਂ ਮਾੜੀਆਂ ਪ੍ਰਵਿਰਤੀਆਂ ਸਾਨੂੰ ਘੇਰ ਲੈਂਦੀਆਂ ਹਨ। ਤਣਾਅ ਨਾਲ ਸਾਡੀ ਇੱਛਾ ਸ਼ਕਤੀ ਖ਼ਤਮ ਹੋ ਜਾਂਦੀ ਹੈ। ਅਸੀਂ ਖ਼ੁਦ ਨੂੰ ਕੁਝ ਵੀ ਕਰਨ ਯੋਗ ਨਹੀਂ ਸਮਝਦੇ।

ਸਾਨੂੰ ਤਣਾਅ ਤੋਂ ਮੁਕਤੀ ਪਾਉਣ ਦਾ ਉਪਾਅ ਖੋਜਣਾ ਚਾਹੀਦਾ ਹੈ। ਇਸ ਤੋਂ ਮੁਕਤ ਹੋਣ ਦੇ ਉਪਾਅ ਬਹੁਤ ਸਹਿਜ ਹਨ। ਸਾਨੂੰ ਚਾਹੀਦਾ ਹੈ ਕਿ ਅਸੀਂ ਬਹੁਤੇ ਆਸ਼ਾਵਾਦੀ ਨਾ ਬਣੀਏ। ਇੱਛਾਵਾਂ ਅਤੇ ਆਸਾਂ ਪੂਰੀਆਂ ਨਾ ਹੋਣ 'ਤੇ ਤਣਾਅ ਹੋ ਜਾਂਦਾ ਹੈ, ਇਸ ਲਈ ਇੱਛਾਵਾਂ 'ਤੇ ਕਾਬੂ ਰੱਖੋ। ਸੰਤੁਸ਼ਟ ਰਹਿਣਾ ਸਿੱਖੋ।

ਕਿਸੇ ਦੂਜੇ ਨੂੰ ਦੇਖ ਕੇ ਨਾ ਤਾਂ ਉਸ ਦੀਆਂ ਸੁਖ ਸਹੂਲਤਾਂ ਤੋਂ ਖਿਝੋ ਅਤੇ ਨਾ ਹੀ ਖ਼ੁਦ ਨੂੰ ਛੋਟਾ ਜਾਂ ਹੀਣ ਸਮਝੋ। ਮਾੜੇ ਹਾਲਾਤ ਵਿਚ ਵੀ ਧੀਰਜ ਬਣਾਈ ਰੱਖੋ। ਜੀਵਨ ਨੂੰ ਸਦਾਚਾਰੀ, ਸਾਧਾਰਨ ਅਤੇ ਨੈਤਿਕਤਾ ਭਰਪੂਰ ਬਣਾਓ। ਗ਼ਲਤ ਆਦਤਾਂ ਨੂੰ ਆਪਣੇ ਜੀਵਨ ਵਿਚ ਜਗ੍ਹਾ ਨਾ ਦਿਓ।

ਤੁਹਾਡਾ ਜੀਵਨ, ਤੁਹਾਡੀ ਤੰਦਰੁਸਤੀ, ਤੁਹਾਡੀ ਤਰੱਕੀ, ਤੁਹਾਡੀ ਉਮਰ, ਸਮਾਜ ਵਿਚ ਮਾਣ-ਸਨਮਾਨ, ਹਰਮਨਪਿਆਰਤਾ ਸਭ ਤੁਹਾਡੇ ਹੱਥ ਵਿਚ ਹੈ। ਖ਼ੁਦ 'ਤੇ ਵਿਸ਼ਵਾਸ ਰੱਖੋ। ਜੀਵਨ ਨੂੰ ਭਾਰ ਨਾ ਸਮਝੋ। ਹੱਸਦੇ-ਮੁਸਕਰਾਉਂਦੇ ਜ਼ਿੰਦਗੀ ਜਿਊਣ ਦੀ ਆਦਤ ਪਾਓ। ਹਿੰਮਤ ਕਦੇ ਨਾ ਹਾਰੋ। ਸਹਿਣਸ਼ੀਲ ਅਤੇ ਧੀਰਜਵਾਨ ਬਣੋ। ਸਾਧਾਰਨ ਭੋਜਨ ਕਰੋ।

ਮਿੱਤਰਾਂ, ਰਿਸ਼ਤੇਦਾਰਾਂ ਨਾਲ ਸਬੰਧਾਂ ਨੂੰ ਮਧੁਰ ਬਣਾਈ ਰੱਖੋ। ਸਵੇਰੇ-ਸ਼ਾਮ ਟਹਿਲਣ ਦੀ ਆਦਤ ਪਾਓ। ਆਪਣੀਆਂ ਖ਼ਾਮੀਆਂ ਨੂੰ ਨਜ਼ਰਅੰਦਾਜ਼ ਕਰਕੇ ਜੀਵਨ ਵਿਚ ਕੁਝ ਬਣਨ ਬਾਰੇ ਸੋਚੋ। ਪਾਣੀ ਜ਼ਿਆਦਾ ਪੀਓ, ਕ੍ਰੋਧ ਵਿਚ ਨਾ ਰਹੋ।

ਹਰ ਗੱਲ ਨੂੰ ਸਹਿਜ ਅਤੇ ਸਰਲ ਤਰੀਕੇ ਨਾਲ ਲਓ। ਇਨ੍ਹਾਂ ਸਭ ਗੱਲਾਂ ਨੂੰ ਅਮਲ ਵਿਚ ਲਿਆ ਕੇ ਤੁਸੀਂ ਖ਼ੁਦ ਤਾਂ ਤਣਾਅ ਤੋਂ ਬਚੋਗੇ ਹੀ, ਤੁਹਾਡੇ ਘਰ-ਪਰਿਵਾਰ ਵਾਲਿਆਂ ਦੇ ਵੀ ਤੁਸੀਂ ਪਿਆਰੇ ਬਣੇ ਰਹੋਗੇ।

## ਸੁੰਦਰਤਾ ਵਿਚ ਆਮ ਗ਼ਲਤੀਆਂ



ਲੇਖਕ : ਸ਼ਹਿਨਾਜ਼ ਹੁਸੈਨ

ਔਰਤਾਂ ਨੂੰ ਮੇਕਅੱਪ ਦਾ ਖਾਸ ਸ਼ੌਕ ਹੁੰਦਾ ਹੈ, ਕਿਉਂਕਿ ਮੇਕਅਪ ਖ਼ੂਬਸੂਰਤੀ ਦੇ ਨਾਲ ਆਤਮਵਿਸ਼ਵਾਸ ਵੀ ਵਧਾਉਂਦਾ ਹੈ। ਆਮ ਤੌਰ 'ਤੇ ਔਰਤਾਂ ਦੀ ਸੁੰਦਰਤਾ ਸਬੰਧੀ ਧਾਰਨਾਵਾਂ ਨੂੰ ਕਦੇ ਜ਼ਿਆਦਾਤਰ ਮਾਮਲਿਆਂ ਵਿਚ ਸਪੱਸ਼ਟ ਨਹੀਂ ਕੀਤਾ ਜਾਂਦਾ, ਇਸ ਲਈ ਉਹ ਵਾਰ-ਵਾਰ ਆਮ ਗ਼ਲਤੀਆਂ ਨੂੰ ਦੁਹਰਾਉਂਦੀਆਂ ਰਹਿੰਦੀਆਂ ਹਨ, ਜਿਸ ਦੀ ਵਜ੍ਹਾ ਨਾਲ ਉਨ੍ਹਾਂ ਨੂੰ ਨੁਕਸਾਨ ਸਹਿਣਾ ਪੈਂਦਾ ਹੈ। ਇਸ ਆਲੇਖ ਵਿਚ ਸੁੰਦਰਤਾ ਸਬੰਧੀ ਕੁਝ ਆਮ ਗ਼ਲਤੀਆਂ ਅਤੇ ਧਾਰਨਾਵਾਂ ਨੂੰ ਸਪੱਸ਼ਟ ਕੀਤਾ ਗਿਆ ਹੈ।

* ਸਾਡੀ ਉਮਰ ਵਧਣ ਨਾਲ ਚਮੜੀ ਦੀਆਂ ਨਵੀਆਂ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ ਜਦੋਂ ਕਿ ਫੇਸ ਵਾਸ਼ ਸਹਿਤ ਹੋਰ ਸੁੰਦਰਤਾ ਪ੍ਰਸਾਧਨ ਅਸੀਂ ਬਦਲਣ ਨੂੰ ਤਿਆਰ ਹੀ ਨਹੀਂ ਹੁੰਦੇ, ਜਦੋਂ ਸਾਨੂੰ ਉਮਰ ਦੇ ਹਿਸਾਬ ਨਾਲ ਫੇਸ ਵਾਸ਼ ਅਤੇ ਹੋਰ ਸੁੰਦਰਤਾ ਪ੍ਰਸਾਧਨ ਵਰਤਣੇ ਚਾਹੀਦੇ ਹਨ।
* ਅੱਜਕਲ੍ਹ ਮੋਬਾਈਲ ਸਾਡੀ ਜੀਵਨਸ਼ੈਲੀ ਦਾ ਹਿੱਸਾ ਬਣ ਗਿਆ ਹੈ। ਮੋਬਾਈਲ ਤੋਂ ਬਿਨਾਂ ਅਕਸਰ ਔਰਤਾਂ ਨੂੰ ਬੇਚੈਨੀ ਵੀ ਮਹਿਸੂਸ ਹੁੰਦੀ ਹੈ ਅਤੇ ਮੋਬਾਈਲ ਨਾਲ ਆਪਣੇ ਜਾਣਕਾਰਾਂ ਦੇ ਸੰਪਰਕ ਵਿਚ ਰਹਿਣ ਨਾਲ ਸੁਰੱਖਿਆ ਦਾ ਅਹਿਸਾਸ ਵੀ ਹੁੰਦਾ ਹੈ ਪਰ ਮੋਬਾਈਲ ਦੀ ਜ਼ਿਆਦਾ ਵਰਤੋਂ ਤੁਹਾਡੀ ਚਮੜੀ ਨੂੰ ਖ਼ਰਾਬ ਕਰ ਦਿੰਦੀ ਹੈ। ਦਰਅਸਲ ਮੋਬਾਈਲ 'ਤੇ ਗੱਲ ਕਰਦੇ ਸਮੇਂ ਤੁਸੀਂ ਮੋਬਾਈਲ ਨੂੰ ਆਪਣੇ ਚਿਹਰੇ ਨਾਲ ਸਿੱਧੇ ਜੋੜ ਦਿੰਦੇ ਹੋ, ਜਿਸ ਨਾਲ ਮੋਬਾਈਲ ਵਿਚ ਮੌਜੂਦ ਬੈਕਟੀਰੀਆ ਚਮੜੀ ਨੂੰ ਖ਼ਰਾਬ ਕਰ ਦਿੰਦਾ ਹੈ।
* ਇਹ ਇਕ ਆਮ ਧਾਰਨਾ ਹੈ ਕਿ ਸਾਬਣ ਅਤੇ ਪਾਣੀ ਨਾਲ ਮੂੰਹ ਧੋਣਾ ਚੰਗਾ ਸ਼ੁੱਧ ਤਰੀਕਾ ਹੈ ਜਦੋਂ ਕਿ ਅਸਲ ਵਿਚ ਸਾਬਣ ਨਾਲ ਬਨਾਉਟੀ ਸੁੰਦਰਤਾ, ਮੈਲ ਅਤੇ ਪ੍ਰਦੂਸ਼ਣ ਪੂਰੀ ਤਰ੍ਹਾਂ ਨਹੀਂ ਹਟਾਏ ਜਾ ਸਕਦੇ। ਇਸ ਤੋਂ ਬਾਅਦ ਬਹੁਤੇ ਸਾਬਣ ਖਾਰੇ ਹੁੰਦੇ ਹਨ ਜੋ ਕਿ ਚਮੜੀ ਦੇ ਆਮ ਅਮਲੀਯ ਖਾਰੇ ਸੰਤੁਲਨ ਨੂੰ ਵਿਗਾੜਦੇ ਹਨ ਅਤੇ ਚਮੜੀ ਨੂੰ ਖ਼ੁਸ਼ਕ ਵੀ ਬਣਾ ਦਿੰਦੇ ਹਨ।
* ਅਕਸਰ ਅਸੀਂ ਕਾਫੀ ਸਾਲਾਂ ਤੋਂ ਇਕ ਹੀ ਫੇਸ ਵਾਸ਼, ਕ੍ਰੀਮ, ਪਾਊਡਰ ਆਦਿ ਸੁੰਦਰਤਾ ਪ੍ਰਸਾਧਨ ਵਰਤਦੇ ਰਹਿੰਦੇ ਹਾਂ ਅਤੇ ਸਾਡੀ ਕੁਝ ਸੁੰਦਰਤਾ ਪ੍ਰਸਾਧਨਾਂ ਦੇ ਪ੍ਰਤੀ ਬ੍ਰਾਂਡ ਲਾਇਲਟੀ ਵੀ ਹੋ ਜਾਂਦੀ ਹੈ, ਪਰ ਬਚਪਨ ਤੋਂ ਲੈ ਕੇ ਚਮੜੀ ਵਿਚ ਅਨੇਕ ਬਦਲਾਅ ਆਉਂਦੇ ਹਨ ਅਤੇ ਇਨ੍ਹਾਂ ਬਦਲਾਵਾਂ ਦੇ ਮੱਦੇਨਜ਼ਰ ਸਾਨੂੰ ਆਪਣੇ ਸੁੰਦਰਤਾ ਪ੍ਰਸਾਧਨਾਂ ਨੂੰ ਬਦਲਣ ਦੀ ਜ਼ਰੂਰਤ ਹੁੰਦੀ ਹੈ ਜੋ ਕਿ ਉਸ ਉਮਰ ਦੇ ਹਿਸਾਬ ਨਾਲ ਠੀਕ ਰਹੇ।
* ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਚਿਕਨਾਈ ਵਾਲੀ ਅਤੇ ਜਟਿਲ ਚਮੜੀ ਲਈ ਚਿਹਰੇ ਨੂੰ ਸਾਬਣ ਅਤੇ ਪਾਣੀ ਨਾਲ ਵਾਰ-ਵਾਰ ਧੋਣਾ ਚਾਹੀਦਾ ਹੈ ਜਦੋਂ ਕਿ ਇਹ ਸਹੀ ਨਹੀਂ ਹੈ। ਚਮੜੀ ਨੂੰ ਸਾਬਣ ਅਤੇ ਪਾਣੀ ਨਾਲ ਦਿਨ ਵਿਚ ਦੋ ਵਾਰ ਤੋਂ ਵੱਧ ਨਹੀਂ ਧੋਣਾ ਚਾਹੀਦਾ। ਸਾਬਣ ਦੀ ਲਗਾਤਾਰ ਵਰਤੋਂ ਨਾਲ ਚਮੜੀ ਵਿਚ ਖਾਰਾਪਨ ਵਧ ਜਾਂਦਾ ਹੈ, ਜਿਸ ਨਾਲ ਚਮੜੀ 'ਤੇ ਬੈਕਟੀਰੀਅਲ ਹਮਲੇ ਦੀ ਪ੍ਰਵਿਰਤੀ ਵਧ ਜਾਂਦੀ ਹੈ ਅਤੇ ਇਸ ਨਾਲ ਚਮੜੀ 'ਤੇ ਕਾਲੇ ਮੁਹਾਸੇ ਪੈਦਾ ਹੋ ਜਾਂਦੇ ਹਨ।
* ਸੁੰਦਰਤਾ ਲਈ ਵਰਤੇ ਜਾਣ ਵਾਲੇ ਬੁਰਸ਼ ਆਦਿ ਦੀ ਸਾਫ਼-ਸਫ਼ਾਈ ਵੀ ਓਨੀ ਹੀ ਜ਼ਰੂਰੀ ਹੁੰਦੀ ਹੈ ਜਿੰਨੀ ਸਾਡੇ ਚਿਹਰੇ ਦੀ ਸੁੰਦਰਤਾ ਦੀ। ਅਸੀਂ ਅਕਸਰ ਬੁਰਸ਼ ਨੂੰ ਸਾਫ਼ ਕਰਨ ਵਿਚ ਕੁਤਾਹੀ ਕਰ ਬੈਠਦੇ ਹਾਂ, ਜਿਸ ਨਾਲ ਬੁਰਸ਼ ਵਿਚ ਲੱਗਿਆ ਤੇਲ, ਕਰੀਮ, ਧੂੜ ਆਦਿ ਬੁਰਸ਼ 'ਤੇ ਜੰਮ ਜਾਂਦੀ ਹੈ ਅਤੇ ਜਦੋਂ ਅਸੀਂ ਇਸੇ ਬੁਰਸ਼ ਨੂੰ ਬਿਨਾਂ ਸਾਫ਼ ਕੀਤੇ ਜਾਂ ਉਚਿਤ ਤਰੀਕੇ ਨਾਲ ਸਾਫ਼ ਕੀਤੇ ਬਿਨਾਂ ਵਰਤਦੇ ਹਾਂ ਤਾਂ ਇਸ ਨਾਲ ਚਮੜੀ ਦੀ ਅਲਰਜੀ ਹੋ ਜਾਂਦੀ ਹੈ ਅਤੇ ਸੁੰਦਰਤਾ ਨਾਲ ਜੁੜੀਆਂ ਅਨੇਕ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ। ਇਹ ਅਤਿਅੰਤ ਜ਼ਰੂਰੀ ਹੈ ਕਿ ਸੁੰਦਰਤਾ ਨਾਲ ਜੁੜੀਆਂ ਸਾਰੀਆਂ ਉਪਕਰਨਾਂ ਨੂੰ ਉਚਿਤ ਤਰੀਕੇ ਨਾਲ ਸਾਫ਼ ਕਰਕੇ ਇਕ ਸਹੀ ਜਗ੍ਹਾ 'ਤੇ ਰੱਖਿਆ ਜਾਵੇ ਅਤੇ ਵਰਤੋਂ ਕਰਨ ਤੋਂ ਪਹਿਲਾਂ ਪੂਰੀ ਤਰ੍ਹਾਂ ਸਾਫ਼ ਕੀਤਾ ਜਾਵੇ।
* ਅਸੀਂ ਇਹ ਮੰਨਦੇ ਹਾਂ ਕਿ ਸੈਲੂਨ ਫੇਸ਼ੀਅਲ ਮਸਾਜ ਸਾਰੇ ਤਰ੍ਹਾਂ ਦੀ ਚਮੜੀ ਲਈ ਫਾਇਦੇਮੰਦ ਸਾਬਤ ਹੁੰਦੀ ਹੈ, ਜਦਕਿ ਸਚਾਈ ਇਹ ਹੈ ਕਿ ਸੈਲੂਨ ਫੇਸ਼ੀਅਲ ਮਸਾਜ ਵਿਚ ਵੱਖ-ਵੱਖ ਤਰ੍ਹਾਂ ਦੀਆਂ ਕ੍ਰੀਮਾਂ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਤੇਲੀ ਚਮੜੀ ਦੀ ਕ੍ਰੀਮ ਨਾਲ ਮਾਲਿਸ਼ ਨਹੀਂ ਕੀਤੀ ਜਾਣੀ ਚਾਹੀਦੀ, ਕਿਉਂਕਿ ਇਸ ਨਾਲ ਤੇਲੀ ਗ੍ਰੰਥੀਆਂ ਉਤੇਜਿਤ ਹੁੰਦੀਆਂ ਹਨ। ਜੇ ਤੇਲੀ ਚਮੜੀ ਵਿਚ ਫੇਸ਼ੀਅਲ ਕਰਨਾ ਹੋਵੇ ਤਾਂ ਉਸ ਵਿਚ ਸਿਰਫ ਕਲੀਜ਼ਿੰਗ, ਟੋਨਿੰਗ ਮਾਸਕ ਅਤੇ ਇਕਸਫੋਲੀਏਸ਼ਨ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ।
* ਚਮੜੀ 'ਤੇ ਕ੍ਰੀਮ ਨੂੰ ਲਗਾ ਕੇ ਪੂਰੀ ਰਾਤ ਤੱਕ ਚਮੜੀ 'ਤੇ ਲੱਗੀ ਨਹੀਂ ਰਹਿਣ ਦੇਣਾ ਚਾਹੀਦਾ, ਕਿਉਂਕਿ ਚਮੜੀ ਇਕ ਸੀਮਾ ਤੱਕ ਹੀ ਕ੍ਰੀਮ ਸੋਖ ਸਕਦੀ ਹੈ ਅਤੇ ਇਸ ਤੋਂ ਬਾਅਦ ਉਹ ਕ੍ਰੀਮ ਦੀ ਵਰਤੋਂ ਨਹੀਂ ਕਰ ਸਕਦੀ। ਅਸਲ ਵਿਚ ਸੌਣ ਸਮੇਂ ਚਮੜੀ ਦੇ ਮੁਸਾਮ ਕ੍ਰੀਮ ਤੋਂ ਪੂਰੀ ਤਰ੍ਹਾਂ ਮੁਕਤ ਹੋਣੇ ਚਾਹੀਦੇ ਹਨ। ਫਿਰ ਵੀ ਜੇ ਚਮੜੀ ਬਹੁਤ ਜ਼ਿਆਦਾ ਖ਼ੁਸ਼ਕ ਹੈ ਤਾਂ ਵਾਧੂ ਕ੍ਰੀਮ ਨੂੰ ਗਿੱਲੇ ਰੂੰ ਨਾਲ ਹਟਾ ਕੇ ਹਲਕਾ ਦ੍ਰਵ ਮਾਇਸਚਰਾਈਜ਼ਰ ਲਗਾਇਆ ਜਾ ਸਕਦਾ ਹੈ।



# CLASSIFIEDS & MATRIMONIALS



## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## BRIDE WANTED

**Professionally qualified match from decent Sikh family for our son 30, 5'10" federal government job. He is chartered professional Accountant and working in B.C.Contact Dr. Sidhu 778 829 0991**

..........................................

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ ਸੰਪਰਕ ਕਰੋ : 1 (403) 399-5130 AP 04-04


**Three Bedroom Laneway House**

at Granville and 57th vancouver close to UBC , Vancouver Downtown airport easy access to Bus Service

**Rent: $2,600**

**604-368-3600**


## BRIDE WANTED

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ ਨਸ਼ਿਆਂ ਤੋਂ ਰਹਿਤ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਸਾਂਝੇ ਪਰਿਵਾਰ ਵਿਚ ਰਹਿਣ ਵਾਲੀ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨਿਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਇੰਜੀਨਿਅਰ ਫਰਮ ਵਿਚ ਕੰਮ ਕਰ ਰਿਹਾ ਹੈ। ਲੜਕੇ ਦਾ ਕੱਦ 5'10" ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। **USA** ਦੀ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ ਫੋਨ ਕਰੋ 604-902-9068 ਜਾਂ ਈ ਮੇਲ ਕਰੋ **gillco1977@gmail.com**, ਮੈਰਿਜ ਬਿਊਰੋ ਵਾਲੇ ਕਿਰਪਾ ਕਰਕੇ ਸੰਪਰਕ ਨਾ ਕਰਨ। AP 13-02

..........................................

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

..........................................

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

..........................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

..........................................

ਕੈਨੇਡਾ ਸੈਟਲ ਜੱਟ ਸਿੱਖ ਸਿੱਧੂ ਪਰਿਵਾਰ ਦਾ ਲੜਕਾ, ਉਮਰ 30 ਸਾਲ, ਕੱਦ 5 ਫੁੱਟ 10 ਇੰਚ, ਸੀ.ਪੀ.ਏ. ਫੈਡਰਲ ਸਰਕਾਰ ਨੌਕਰੀ ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 778-829-0991 AP 02-04

..........................................

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

# ਨਾ ਭੁੱਲੀਏ ਸ਼ੁਕਰਗੁਜ਼ਾਰ ਹੋਣਾ




ਲੇਖਕ : ਬਿੰਦਰ ਸਿੰਘ ਖੁੱਡੀ ਕਲਾਂ
ਸੰਪਰਕ: 98786-05965


ਇਨਸਾਨ ਸਮਾਜਿਕ ਜੀਵ ਹੈ। ਆਪਣੀਆਂ ਭੌਤਿਕ ਲੋੜਾਂ ਦੀ ਪੂਰਤੀ ਦੇ ਨਾਲ ਨਾਲ ਭਾਵਨਾਤਮਕ ਲੋੜਾਂ ਦੀ ਪੂਰਤੀ ਲਈ ਵੀ ਇਨਸਾਨ ਨੂੰ ਸਮਾਜ ਦੀ ਜ਼ਰੂਰਤ ਪੈਂਦੀ ਹੈ। ਸ਼ਾਇਦ ਇਸੇ ਲਈ ਇਨਸਾਨ ਨੇ ਬਾਕੀ ਜੀਵਾਂ ਦੇ ਮੁਕਾਬਲੇ ਬਹੁਤ ਜਲਦੀ ਜੰਗਲੀ ਜੀਵਨ ਦਾ ਤਿਆਗ ਕੀਤਾ ਹੋਵੇਗਾ। ਇਨਸਾਨ ਜਿੱਥੇ ਸਮਾਜ 'ਚ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦਾ ਹੈ, ਉੱਥੇ ਹੀ ਬਹੁਤ ਕੁੱਝ ਧਾਰਨ ਵੀ ਕਰਦਾ ਹੈ। ਸਮਾਜ ਹੀ ਇਨਸਾਨ ਨੂੰ ਰਹਿਣ-ਸਹਿਣ, ਖਾਣ-ਪੀਣ, ਪਹਿਨਣ ਅਤੇ ਆਚਾਰ-ਵਿਹਾਰ ਦੇ ਤੌਰ ਤਰੀਕੇ ਸਿਖਾਉਂਦਾ ਹੈ। ਇਹ ਤੌਰ ਤਰੀਕੇ ਹੀ ਸਮਾਜ ਦਾ ਸੱਭਿਆਚਾਰ ਕਹਾਉਂਦਾ ਹੈ।

ਸੁਚਾਰੂ ਤੌਰ ਤਰੀਕਿਆਂ ਵਾਲੇ ਸਮਾਜ ਨੂੰ ਸੱਭਿਅਕ ਸਮਾਜ ਕਿਹਾ ਜਾਂਦਾ ਹੈ, ਜਦੋਂਕਿ ਸਲੀਕੇ ਤੋਂ ਸੱਖਣੇ ਸਮਾਜ ਨੂੰ ਅਸੱਭਿਅਕ ਸਮਾਜ ਦਾ ਦਰਜਾ ਦਿੱਤਾ ਜਾਂਦਾ ਹੈ। ਸਰਕਾਰ ਅਤੇ ਧਾਰਮਿਕ, ਸਮਾਜਿਕ ਆਗੂਆਂ ਦੇ ਰੂਪ 'ਚ ਹਰ ਸਮਾਜ ਦੇ ਨਿਰਮਾਤਾਵਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਆਪਣੀ ਨਵੀਂ ਪੀੜ੍ਹੀ 'ਚ ਸੱਭਿਅਕ ਸਮਾਜ ਵਾਲੇ ਸਾਰੇ ਗੁਣ ਬਚਪਨ ਵਿੱਚ ਹੀ ਭਰ ਦੇਣ। ਇਸੇ ਲਈ ਆਦਰਸ਼ ਵਿਹਾਰ ਦੀ ਸਿੱਖਿਆ ਨੂੰ ਸਕੂਲ ਸਿੱਖਿਆ ਦੇ ਪਾਠਕ੍ਰਮ ਵਿੱਚ ਜਗ੍ਹਾ ਦਿੱਤੀ ਜਾਂਦੀ ਹੈ। ਸੱਭਿਅਕ ਸਮਾਜ ਵਾਲੇ ਗੁਣ ਪੀੜ੍ਹੀ ਦਰ ਪੀੜ੍ਹੀ ਵੀ ਅੱਗੇ ਤੁਰਦੇ ਹਨ।

ਸਾਡੇ ਸਮਾਜ 'ਚ ਦੂਜਿਆਂ ਦੇ ਅਹਿਸਾਨ ਨੂੰ ਯਾਦ ਰੱਖਣ ਦੀ ਪੁਰਾਤਨ ਪਰੰਪਰਾ ਹੈ। ਕਿਹਾ ਜਾਂਦਾ ਹੈ, 'ਘਰਾਣੇ ਵਾਲੇ ਲੋਕ ਤਾਂ ਲੋੜ ਵੇਲੇ ਪਿਲਾਈ ਪਾਣੀ ਦੀ ਘੁੱਟ ਵੀ ਯਾਦ ਰੱਖਦੇ ਹਨ, ਜਦੋਂਕਿ ਮਾੜੇ ਪਾਲਣ ਪੋਸ਼ਣ ਵਾਲੇ ਇਨਸਾਨ ਕਿਸੇ ਵੱਲੋਂ ਡੋਲ੍ਹਿਆਂ ਖੂਨ ਵੀ ਭੁਲਾ ਦਿੰਦੇ ਹਨ।' ਕਈ ਲੋਕਾਂ ਨੂੰ ਤਾਂ ਰਿਸ਼ਤੇਦਾਰਾਂ ਜਾਂ ਦੋਸਤਾਂ ਦੀ ਯਾਦ ਹੀ ਮਤਲਬ ਸਮੇਂ ਆਉਂਦੀ ਹੈ। ਸਨਮਾਨ ਦੇਣ ਸਮੇਂ ਮਤਲਬਖੋਰ ਲੋਕ ਮਦਦ ਕਰਨ ਵਾਲਿਆਂ ਨੂੰ ਅਕਸਰ ਵਿਸਾਰ ਦਿੰਦੇ ਹਨ।

ਸੱਭਿਅਕ ਸਮਾਜ ਦਾ ਆਦਰਸ਼ ਵਿਵਹਾਰ ਹੋਰਨਾਂ ਸਮਾਜਾਂ ਲਈ ਉਦਾਹਰਨ ਬਣਦਾ ਹੈ। ਕਿਸੇ ਸਮਾਜ 'ਚ ਵਧੇਰੇ ਸੱਭਿਅਕ ਨਾਗਰਿਕਾਂ ਦੀ ਗਿਣਤੀ ਮਜ਼ਬੂਤ ਇਨਸਾਨੀ ਰਿਸ਼ਤਿਆਂ ਨੂੰ ਜਨਮ ਦਿੰਦੀ ਹੈ, ਜਦੋਂਕਿ ਸੱਭਿਅਕ ਨਾਗਰਿਕਾਂ ਦੀ ਘਟਦੀ ਗਿਣਤੀ ਸਮਾਜ 'ਚ ਬਹੁਤ ਸਾਰੀਆਂ ਬੁਰਾਈਆਂ ਨੂੰ ਜਨਮ ਦਿੰਦੀ ਹੈ। ਸਾਡੇ ਸਮਾਜ 'ਚ ਆ ਰਹੀ ਬਹੁ-ਪੱਖੀ ਗਿਰਾਵਟ ਦਾ ਕਾਰਨ ਵੀ ਨਾਗਰਿਕਾਂ ਦੇ ਵਿਹਾਰ 'ਚ ਆ ਰਹੀ ਗਿਰਾਵਟ ਹੀ ਹੈ। ਮਤਲਬਪ੍ਰਸਤੀ ਅਤੇ ਪਦਾਰਥਵਾਦ ਦਾ ਹੋ ਰਿਹਾ ਪਸਾਰਾ ਸਾਡੇ ਸਮਾਜ ਦੀ ਨੈਤਿਕ ਗਿਰਾਵਟ ਦਾ ਕਾਰਨ ਬਣ ਰਿਹਾ ਹੈ। ਸੱਭਿਅਕ ਸਮਾਜ ਦੇ ਨਾਗਰਿਕ ਦੂਜਿਆਂ ਦੀਆਂ ਭਾਵਨਾਵਾਂ ਅਤੇ ਜ਼ਰੂਰਤਾਂ ਨੂੰ ਹਮੇਸ਼ਾਂ ਪਹਿਲ ਦਿੰਦੇ ਹਨ, ਜਦੋਂਕਿ ਅਸੱਭਿਅਕ ਸਮਾਜ ਦੇ ਲੋਕ ਹਮੇਸ਼ਾਂ ਨਿੱਜ ਨੂੰ ਤਰਜੀਹ ਦਿੰਦੇ ਹਨ। ਦੂਜਿਆਂ ਦੀ ਮਦਦ ਕਰਨਾ ਹਮੇਸ਼ਾਂ ਰੂਹ ਨੂੰ ਸਕੂਨ ਦਿੰਦਾ ਹੈ, ਪਰ ਨਾ-ਸ਼ੁਕਰੇ ਲੋਕਾਂ ਨੇ ਦੂਜਿਆਂ ਦੀ ਮਦਦ ਕਰਨਾ ਹੀ ਸਰਾਪ ਬਣਾ ਕੇ ਰੱਖ ਦਿੱਤਾ ਹੈ। ਸੱਭਿਅਕ ਸਮਾਜ ਦੇ ਲੋਕ ਕਿਸੇ ਨਾਲ ਲੱਖ ਦੂਰੀਆਂ ਪੈਦਾ ਹੋਣ 'ਤੇ ਵੀ ਕੀਤਾ ਅਹਿਸਾਨ ਨਹੀਂ ਭੁਲਾਉਣਗੇ, ਜਦੋਂਕਿ ਅਸੱਭਿਅਕ ਗੁਣਾ ਦੇ ਧਾਰਨੀ ਕਹਿ ਦਿੰਦੇ ਹਨ ਕਿ 'ਮੇਰੇ 'ਤੇ ਅਹਿਸਾਨ ਨਾ ਕਰਦਾ।'

ਸੱਭਿਅਕ ਸਮਾਜ 'ਚ ਜਿੱਥੇ ਇੱਕ ਦੂਜੇ ਦੇ ਕੰਮ ਆਉਣ ਦੀ ਪ੍ਰਵਿਰਤੀ ਆਮ ਹੁੰਦੀ ਹੈ, ਉੱਥੇ ਹੀ ਕੰਮ ਆਉਣ ਵਾਲਿਆਂ ਦੇ ਸ਼ੁਕਰਗੁਜ਼ਾਰ ਹੋਣਾ ਵੀ ਉਨ੍ਹਾਂ ਦੇ ਸੁਭਾਅ ਦਾ ਅਟੁੱਟ ਹਿੱਸਾ ਹੁੰਦਾ ਹੈ। ਵਿਕਸਤ ਸਮਾਜਾਂ ਦੇ ਲੋਕ ਤਿਣਕੇ ਜਿੰਨੇ ਅਹਿਸਾਨ ਦਾ ਬਹੁਤ ਵੱਡਾ ਸ਼ੁਕਰੀਆ ਅਦਾ ਕਰਦੇ ਹਨ। ਪੱਛਮੀ ਮੁਲਕਾਂ ਸਮੇਤ ਵਿਸ਼ਵ ਦੇ ਹੋਰ ਸੱਭਿਅਕ ਮੁਲਕਾਂ 'ਚ ਮਾਮੂਲੀ ਜਿਹੀ ਮਦਦ ਬਦਲੇ ਸ਼ੁਕਰੀਆ ਅਦਾ ਕਰਨਾ ਉਨ੍ਹਾਂ ਦੇ ਸੁਭਾਅ ਦਾ ਹਿੱਸਾ ਹੈ। ਜਦੋਂਕਿ ਸਾਡੇ ਸਮਾਜ 'ਚ ਇਸ ਦੇ ਉਲਟ ਵਰਤਾਰਾ ਵਾਪਰ ਰਿਹਾ ਹੈ।

ਸਾਡੇ ਸਮਾਜ 'ਚ ਮਤਲਬ ਕੱਢ, ਪਾਸਾ ਵੱਟ ਵਾਲੀ ਧਾਰਨਾ ਬਣੀ ਹੋਈ ਹੈ। ਮਤਲਬ ਦੀ ਪੂਰਤੀ ਲਈ ਸਾਡੇ ਲੋਕ ਕਿਸੇ ਵੀ ਹੱਦ ਤੱਕ ਗਿਰ ਸਕਦੇ ਹਨ, ਪਰ ਮਤਲਬ ਦੀ ਪੂਰਤੀ ਉਪਰੰਤ ਉਨ੍ਹਾਂ ਹੀ ਲੋਕਾਂ ਦਾ ਬਦਲਿਆ ਵਿਹਾਰ ਹੈਰਾਨ ਕਰਨ ਵਾਲਾ ਹੁੰਦਾ ਹੈ। ਸਾਡੇ ਲੋਕ ਕੰਮ ਹੋਣ 'ਤੇ ਸ਼ੁਕਰਗੁਜ਼ਾਰ ਹੋਣਾ ਬੇਸ਼ੱਕ ਭੁੱਲ ਜਾਣ, ਪਰ ਕੰਮ ਨਾ ਹੋਣ 'ਤੇ ਉਲਾਂਭਾ ਦੇਣਾ ਨਹੀਂ ਭੁੱਲਦੇ। ਕਈ ਤਾਂ ਅਜਿਹੇ ਮਤਲਬਪ੍ਰਸਤ ਹੁੰਦੇ ਹਨ ਕਿ ਬਿਨਾਂ ਜ਼ਰੂਰਤ ਤੋਂ ਉਹ ਕਿਸੇ ਨੂੰ ਬੁਲਾਉਣ ਦੀ ਵੀ ਲੋੜ ਨਹੀਂ ਮਹਿਸੂਸ ਕਰਦੇ, ਜਦੋਂਕਿ ਲੋੜ ਪੈਣ 'ਤੇ ਅਜਿਹੇ ਲੋਕ ਲੰਮੇ ਪੈਣ ਤੱਕ ਜਾਂਦੇ ਹਨ। ਕਈ ਲੋਕਾਂ ਦੇ 'ਮਤਲਬ ਕੱਢ ਪਾਸਾ ਵੱਟ' ਵਿਹਾਰ ਤੋਂ ਸਾਰੇ ਹੀ ਜਾਣੂ ਹੁੰਦੇ ਹਨ, ਪਰ ਉਨ੍ਹਾਂ ਨੂੰ ਜਾਪਦਾ ਹੈ ਕਿ ਉਹ ਬੜੀ ਹੁਸ਼ਿਆਰੀ ਨਾਲ ਦੂਜਿਆਂ ਦੀ ਵਰਤੋਂ ਕਰ ਰਹੇ ਹਨ।

ਧਾਰਨਾ ਹੈ ਕਿ ਸਿੱਖਿਆ ਇਨਸਾਨ ਨੂੰ ਸ਼ੁਕਰਗੁਜ਼ਾਰ ਹੋਣਾ ਸਿਖਾਉਂਦੀ ਹੈ, ਪਰ ਸਾਡੇ ਸਮਾਜ 'ਚ ਇਸ ਦੇ ਉਲਟ ਵਰਤਾਰਾ ਵਾਪਰ ਰਿਹਾ ਹੈ। ਜਿਉਂ ਜਿਉਂ ਲੋਕ ਸਿੱਖਿਅਕ ਹੋ ਰਹੇ ਹਨ, ਤਿਉਂ ਤਿਉਂ ਮਤਲਬੀ ਹੋ ਰਹੇ ਹਨ। ਸਾਡੀਆਂ ਪੁਰਾਣੀਆਂ ਪੀੜ੍ਹੀਆਂ ਰਸਮੀ ਸਿੱਖਿਆ ਤੋਂ ਸੱਖਣੀਆਂ ਹੋਣ ਦੇ ਬਾਵਜੂਦ ਸੱਭਿਅਕ ਗੁਣਾਂ ਦੀਆਂ ਧਾਰਨੀ ਹੁੰਦੀਆਂ ਸਨ। ਸਾਡੇ ਸਮਾਜ 'ਚ ਵਧ ਰਹੀ ਨਾ-ਸ਼ੁਕਰੇ ਲੋਕਾਂ ਦੀ ਗਿਣਤੀ ਦੀ ਬਦੌਲਤ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋਣ ਲੱਗੀਆਂ ਹਨ। ਲੋਕ ਦੂਜਿਆਂ ਦੀ ਮਦਦ ਕਰਨ ਤੋਂ ਪਾਸਾ ਵੱਟਣ ਲੱਗੇ ਹਨ। ਨਾ-ਸ਼ੁਕਰੇ ਲੋਕਾਂ ਦੀਆਂ ਹਰਕਤਾਂ ਵੱਲੋਂ ਦੂਜਿਆਂ ਦੀ ਮਦਦ 'ਚ ਭਰੋਸਾ ਰੱਖਣ ਵਾਲੇ ਲੋਕਾਂ ਦੀ ਮਾਨਸਿਕਤਾ ਨੂੰ ਅਜਿਹੀ ਠੇਸ ਪਹੁੰਚਾਈ ਜਾ ਰਹੀ ਹੈ ਕਿ ਉਨ੍ਹਾਂ ਨੂੰ ਕੀਤੀ ਮਦਦ 'ਤੇ ਵੀ ਅਫ਼ਸੋਸ ਹੋਣ ਲੱਗਦਾ ਹੈ। ਉਨ੍ਹਾਂ ਨੂੰ ਬਾਕੀ ਸਾਰੇ ਵੀ ਸਵਾਰਥੀ ਹੀ ਨਜ਼ਰ ਆਉਣ ਲੱਗਦੇ ਹਨ। ਨਾ-ਸ਼ੁਕਰੇ ਲੋਕ ਸਾਡੇ ਸਮਾਜ ਦੇ ਮੱਥੇ 'ਤੇ ਅਸੱਭਿਅਕ ਸਮਾਜ ਦਾ ਧੱਬਾ ਲਗਾਉਣ ਦਾ ਮੁੱਖ ਕਾਰਕ ਹਨ।

ਅਸੱਭਿਅਕ ਸਮਾਜ ਦੇ ਧੱਬੇ ਨੂੰ ਹੋਰ ਗਹਿਰਾ ਹੋਣ ਤੋਂ ਬਚਾਉਣ ਲਈ ਸਾਨੂੰ ਸਭ ਨੂੰ ਆਤਮ ਨਿਰੀਖਣ ਕਰਨ ਦੀ ਜ਼ਰੂਰਤ ਹੈ। ਸਾਨੂੰ ਅੰਤਰ ਮਨ ਦੀ ਝਾਤ ਪਾਉਂਦਿਆਂ ਸੋਚਣਾ ਹੋਵੇਗਾ ਕਿ ਕਿਤੇ ਅਸੀਂ ਨਾ-ਸ਼ੁਕਰੇ ਲੋਕਾਂ ਦੀ ਕਤਾਰ ਵਿੱਚ ਤਾਂ ਨਹੀਂ ਖੜ੍ਹੇ। ਸਾਨੂੰ ਸਭ ਨੂੰ ਦੂਜਿਆਂ ਦੇ ਅਹਿਸਾਨਮੰਦ ਹੋਣ ਦੀ ਆਦਤ ਅਪਣਾਉਣੀ ਚਾਹੀਦੀ ਹੈ। ਅਹਿਸਾਨਮੰਦ ਹੋਣਾ ਕਿਸੇ ਵੀ ਇਨਸਾਨ ਦੀ ਸ਼ਖ਼ਸੀਅਤ ਦਾ ਮੀਰੀ ਗੁਣ ਹੁੰਦਾ ਹੈ, ਪਰ ਸਾਡੇ ਲੋਕ ਅਹਿਸਾਨਮੰਦ ਹੋਣ 'ਚ ਆਪਣੀ ਹੇਠੀ ਸਮਝਦੇ ਹਨ। ਆਓ! ਅੱਜ ਤੋਂ ਦੂਜਿਆਂ ਵੱਲੋਂ ਕੀਤੇ ਤਿਣਕੇ ਮਾਤਰ ਅਹਿਸਾਨ ਨੂੰ ਉਮਰ ਭਰ ਲਈ ਯਾਦ ਰੱਖਣ ਦਾ ਪ੍ਰਣ ਕਰਦਿਆਂ ਨਿੱਗਰ ਸਮਾਜ ਦੀ ਉਸਾਰੀ 'ਚ ਯੋਗਦਾਨ ਪਾਈਏ।

# ਪਾਠਕਾਂ ਦੇ ਖ਼ਤ

### ਫੇਸਬੁੱਕ ਕਾਲਮ ਤੋਂ

## ਮਜੀਠਾ ਖੇਤਰ ਵਿਚ ਸ਼ਰਾਬ ਨਾਲ ਹੋਈਆਂ ਮੌਤਾਂ ਨੇ 'ਆਪ' ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਪੋਲ ਖੋਲ੍ਹੀ

**ਨਵਕਿਰਨ ਸਿੰਘ ਪੱਤੀ ਫੋਨ:** 98885-44001

ਜ਼ਿਲ੍ਹਾ ਅੰਮ੍ਰਿਤਸਰ ਸਾਹਿਬ ਦੇ ਮਜੀਠਾ ਖੇਤਰ ਵਿਚ ਨਕਲੀ ਅਤੇ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ 28 ਮੌਤਾਂ ਨੇ ਪੰਜਾਬ ਸਰਕਾਰ ਦੀ ਨਸ਼ਿਆਂ ਖ਼ਿਲਾਫ ਚੱਲ ਰਹੀ ਮੁਹਿੰਮ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਸੂਬਾ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਦੇ ਨਾਮ ਹੇਠ ਨਸ਼ਿਆਂ ਖ਼ਿਲਾਫ ਚਲਾਈ ਜਾ ਰਹੀ ਮੁਹਿੰਮ ਦਾ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਦਰਮਿਆਨ ਮੌਤਾਂ ਦਾ ਇਹ ਮਾਮਲਾ ਸਾਹਮਣੇ ਆਇਆ ਹੈ। ਇਨ੍ਹਾਂ ਮੌਤਾਂ ਤੋਂ ਇਲਾਵਾ ਇਕ ਵਿਅਕਤੀ ਦੀਆਂ ਅੱਖਾਂ ਦੀ ਨਿਗ੍ਹਾ ਚਲੀ ਗਈ ਹੈ ਤੇ ਕਈ ਗੰਭੀਰ ਬਿਮਾਰ ਹਸਪਤਾਲਾਂ ਵਿਚ ਇਲਾਜ ਕਰਵਾ ਰਹੇ ਹਨ। ਪੁਲਿਸ ਵੱਲੋਂ ਸਥਾਨਕ ਐਸ.ਐਚ.ਓ. ਤੇ ਡੀ.ਐਸ.ਪੀ. ਨੂੰ ਸਸਪੈਂਡ ਕਰ ਕੇ 16 ਦੇ ਕਰੀਬ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਕੇ ਮਾਮਲਾ ਹੱਲ ਕਰਨ ਦਾ ਦਾਅਵਾ ਕਰ ਦਿੱਤਾ ਗਿਆ। ਬਣਦਾ ਤਾਂ ਇਹ ਸੀ ਕਿ ਮੁੱਖ ਮੰਤਰੀ ਭਗਵੰਤ ਮਾਨ ਇਸ ਘਟਨਾ ਦੀ ਜ਼ਿੰਮੇਵਾਰੀ ਲੈਂਦੇ ਅਤੇ ਘੱਟੋ-ਘੱਟ ਆਬਕਾਰੀ ਮੰਤਰੀ ਤੋਂ ਅਸਤੀਫਾ ਲਿਆ ਜਾਂਦਾ, ਪਰ ਮੁੱਖ ਮੰਤਰੀ ਜੀ ਪੀੜਤ ਪਰਿਵਾਰਾਂ ਕੋਲ ਜਾਣ ਅਤੇ ਕੁੱਝ ਰਾਹਤ ਰਾਸ਼ੀ ਦੇਣ ਨੂੰ ਹੀ 'ਜ਼ਿੰਮੇਬਾਰੀ ਨਿਭਾਉਣ' ਵਜੋਂ ਪੇਸ਼ ਕਰ ਰਹੇ ਹਨ। ਵੈਸੇ ਭਗਵੰਤ ਮਾਨ ਦੀ ਸਰਕਾਰ ਦੇ ਸਾਢੇ ਤਿੰਨ ਸਾਲ ਦੇ ਕਾਰਜਕਾਲ ਦੌਰਾਨ ਨਕਲੀ ਸ਼ਰਾਬ ਨਾਲ ਮਰਨ ਵਾਲਿਆਂ ਦਾ ਇਹ ਦੂਜਾ ਵੱਡਾ ਮਾਮਲਾ ਹੈ। ਇਸ ਤੋਂ ਪਹਿਲਾਂ ਬੀਤੇ ਵਰ੍ਹੇ ਜ਼ਿਲ੍ਹਾ ਸੰਗਰੂਰ ਦੇ ਦਿੜ੍ਹਬਾ, ਸੁਨਾਮ ਖੇਤਰ ਵਿਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਕਰੀਬ ਦੋ ਦਰਜਨ ਵਿਅਕਤੀਆਂ ਦੀ ਮੌਤ ਹੋ ਗਈ ਸੀ। ਇਸ ਲਈ ਜਦ ਲਗਾਤਾਰ ਦੂਜੀ ਵਾਰ ਮੌਤਾਂ ਦਾ ਕਾਰਨ ਗੈਰ-ਕਾਨੂੰਨੀ ਢੰਗ ਨਾਲ ਸਪਲਾਈ ਕੀਤੀ ਗਈ ਨਕਲੀ ਜਾਂ ਜ਼ਹਿਰੀਲੀ ਸ਼ਰਾਬ ਹੈ ਤਾਂ ਸੂਬਾ ਸਰਕਾਰ ਤੋਂ ਇਹ ਪੁੱਛਿਆ ਹੀ ਜਾਣਾ ਚਾਹੀਦਾ ਹੈ ਕਿ ਸੂਬੇ ਵਿਚ ਅਜਿਹਾ ਕਿਹੜਾ 'ਮਾਫੀਆ' ਹੈ ਜੋ ਸਰਕਾਰ ਦੀ ਨਸ਼ਿਆਂ ਖ਼ਿਲਾਫ ਮੁਹਿੰਮ ਦੇ ਬਾਵਜੂਦ ਸ਼ਰਾਬ ਦਾ ਗੈਰ-ਕਾਨੂੰਨੀ ਕਾਰੋਬਾਰ ਚਲਾ ਰਿਹਾ ਹੈ। ਪਿਛਲੇ ਸਾਲ ਸੰਗਰੂਰ ਜ਼ਿਲ੍ਹੇ ਵਿਚ ਮੌਤਾਂ ਹੋਣ ਤੋਂ ਬਾਅਦ ਸੂਬਾ ਸਰਕਾਰ ਵੱਲੋਂ ਏ.ਡੀ.ਜੀ.ਪੀ. ਲਾਅ ਐਂਡ ਆਰਡਰ ਗੁਰਿੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਮਾਮਲੇ ਦੀ ਜਾਂਚ ਲਈ ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦਾ ਗਠਨ ਕਰ ਦਿੱਤਾ ਗਿਆ ਸੀ, ਜੇਕਰ ਉਸ ਸਮੇਂ ਹੀ ਸ਼ਰਾਬ ਮਾਫੀਆ ਖ਼ਿਲਾਫ ਢੁੱਕਵੀਂ ਕਾਰਵਾਈ ਅਮਲ ਵਿਚ ਲਿਆਂਦੀ ਹੁੰਦੀ ਤਾਂ ਦੂਜੀ ਵਾਰ ਐਨੀ ਵੱਡੀ ਪੱਧਰ ਉੱਪਰ ਗਰੀਬ ਘਰਾਂ ਵਿਚ ਸੱਥਰ ਨਾ ਵਿਛਦੇ। ਇਨ੍ਹਾਂ ਮੌਤਾਂ ਨੇ ਸਰਕਾਰ ਦੀ ਨਸ਼ਿਆਂ ਖ਼ਿਲਾਫ ਮੁਹਿੰਮ ਦੀ ਸੁਹਿਰਦਤਾ ਉੱਪਰ ਸਵਾਲ ਖੜ੍ਹੇ ਕੀਤੇ ਹਨ। ਅਸਲ ਵਿਚ ਪੰਜਾਬ ਸਰਕਾਰ ਦੀ ਨਸ਼ਿਆਂ ਖ਼ਿਲਾਫ ਮੁਹਿੰਮ ਕਿਸੇ ਵੱਡੇ ਨਸ਼ਾ ਤਸਕਰ ਖ਼ਿਲਾਫ ਮਿਸਾਲੀ ਕਾਰਵਾਈ ਕਰਨ ਦੀ ਬਜਾਏ ਥੋੜ੍ਹਾ-ਮੋਟਾ ਨਸ਼ਾ ਵੇਚਣ ਵਾਲੇ ਹੇਠਲੇ ਪੱਧਰ ਦੇ 'ਨਸ਼ੇੜੀਆਂ' ਦੇ ਘਰ ਢਾਹੁਣ ਤੱਕ ਸੀਮਤ ਹੈ। ਬਠਿੰਡਾ ਵਿਚ ਨਸ਼ੇ ਸਮੇਤ ਫੜੀ ਗਈ ਮਹਿਲਾ ਪੁਲਿਸ ਮੁਲਾਜ਼ਮ ਦਾ ਥੋੜ੍ਹੇ ਜਿਹੇ ਦਿਨਾਂ ਬਾਅਦ ਜ਼ਮਾਨਤ ਉੱਪਰ ਬਾਹਰ ਆ ਜਾਣਾ ਦਰਸਾਉਂਦਾ ਹੈ ਕਿ ਸਰਕਾਰ ਨਸ਼ਿਆਂ ਖ਼ਿਲਾਫ ਮੁਹਿੰਮ ਨੂੰ ਹਕੀਕੀ ਰੂਪ ਵਿਚ ਚਲਾਉਣ ਦੀ ਬਜਾਏ ਸਿਰਫ ਮੀਡੀਆ ਖਾਸਕਰ ਸੋਸ਼ਲ ਮੀਡੀਆ ਉੱਪਰ ਚਲਾਉਣ ਦੀ ਹੀ ਚਾਹਵਾਨ ਹੈ। ਪੰਜ ਸਾਲ ਦੇ ਵਕਫੇ ਦਰਮਿਆਨ ਮਾਝਾ ਖੇਤਰ ਵਿਚ ਵੀ ਮੌਤਾਂ ਦਾ ਇਹ ਦੂਜਾ ਵੱਡਾ ਮਾਮਲਾ ਹੈ ਇਸ ਤੋਂ ਪਹਿਲਾਂ ਅਗਸਤ 2020 ਵਿਚ ਪੰਜਾਬ ਦੇ ਤਰਨਤਾਰਨ, ਅੰਮ੍ਰਿਤਸਰ ਅਤੇ ਬਟਾਲਾ ਵਿਚ ਸ਼ਰਾਬ ਨਾਲ ਹੋਈਆਂ 120 ਦੇ ਕਰੀਬ ਮੌਤਾਂ ਦੇ ਮਾਮਲੇ ਵਿਚ ਦੋ ਸਾਲ ਬਾਅਦ ਸੁਪਰੀਮ ਕੋਰਟ ਨੇ ਇਸ ਕੇਸ ਦੀ ਜਾਂਚ 'ਤੇ ਨਾਖੁਸ਼ੀ ਪ੍ਰਗਟਾਉਂਦਿਆਂ ਸੂਬਾ ਸਰਕਾਰ ਦੀ ਖਿਚਾਈ ਕੀਤੀ ਸੀ। ਫਰਵਰੀ 2023 ਵਿਚ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਨਾਜਾਇਜ਼ ਸ਼ਰਾਬ ਦੇ ਮਾਮਲਿਆਂ 'ਤੇ ਸਖ਼ਤ ਟਿੱਪਣੀ ਕੀਤੀ ਸੀ। ਪਿਛਲੇ ਦੋ ਦਹਾਕਿਆਂ ਦੌਰਾਨ ਜ਼ਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ ਦੇ ਅੰਕੜੇ ਨੂੰ ਘੋਖਦਿਆਂ ਨਜ਼ਰ ਆਉਂਦਾ ਹੈ ਕਿ ਮ੍ਰਿਤਕ ਗਰੀਬ ਪਰਿਵਾਰਾਂ ਨਾਲ ਸਬੰਧਤ ਸਨ। ਹੁਣ ਮਜੀਠਾ ਖੇਤਰ ਵਾਲੇ ਅਤੇ ਇਸ ਤੋਂ ਪਹਿਲਾਂ ਸੁਨਾਮ, ਦਿੜ੍ਹਬਾ ਖੇਤਰ ਵਿਚਲੇ ਮ੍ਰਿਤਕ ਵੀ ਗਰੀਬ ਦਲਿਤ ਪਰਿਵਾਰਾਂ ਨਾਲ ਸਬੰਧਤ ਸਨ ਜੋ ਦਿਹਾੜੀ ਵਗੈਰਾ ਕਰਕੇ ਆਪਣੇ ਘਰ ਦੀ ਰੋਜ਼ੀ-ਰੋਟੀ ਚਲਾ ਰਹੇ ਸਨ। ਮਤਲਬ ਸਾਫ ਹੈ ਕਿ ਸਰਕਾਰਾਂ ਦੇ ਮੁਨਾਫੇ ਲਈ ਸ਼ਰਾਬ ਦੀਆਂ ਕੀਮਤਾਂ ਵਿਚ ਲਗਾਤਾਰ ਵਾਧਾ ਹੋਣ ਕਾਰਨ ਸ਼ਰਾਬ ਮਾਫੀਆ ਗਰੀਬ ਵਿਅਕਤੀਆਂ ਨੂੰ ਗੈਰਮਿਆਰੀ 'ਜ਼ਹਿਰ' ਵੇਚ ਰਹੇ ਹਨ। ਪੰਜਾਬ ਵਿਚ ਸ਼ਰਾਬ ਦੇ ਠੇਕਿਆਂ ਉੱਪਰ ਵਿਕਣ ਵਾਲੀ ਸਸਤੀ ਤੋਂ ਸਸਤੀ ਸ਼ਰਾਬ ਦੀ ਬੋਤਲ ਦੀ ਕੀਮਤ 280 ਰੁਪਏ ਦੀ ਹੈ। ਪੰਜਾਬ ਵਿਚ ਸ਼ਰਾਬ ਹਰਿਆਣਾ, ਚੰਡੀਗੜ੍ਹ ਦੇ ਮੁਕਾਬਲੇ ਮਹਿੰਗੀ ਹੈ ਜਿਸ ਕਾਰਨ ਸ਼ਰਾਬ ਦਾ ਗੈਰ-ਕਾਨੂੰਨੀ ਧੰਦਾ ਕਰਨ ਵਾਲੇ ਨਕਲੀ ਸ਼ਰਾਬ ਤਿਆਰ ਕਰਕੇ ਜਾਅਲੀ ਮਾਰਕੇ ਲਗਾ ਕੇ ਠੇਕੇ ਦੀ ਸ਼ਰਾਬ ਮੁਕਾਬਲੇ ਘੱਟ ਭਾਅ 'ਤੇ ਵੇਚਦੇ ਹਨ। ਮਜੀਠਾ ਵਿਚ ਤਾਂ ਇਹ ਤੱਥਾਂ ਸਹਿਤ ਜ਼ਾਹਿਰ ਹੋ ਗਿਆ ਹੈ ਕਿ ਲੋਕਾਂ ਨੂੰ ਸ਼ਰਾਬ ਦੇ ਨਾਮ ਹੇਠ ਮੀਥਾਨੋਲ ਜਿਹਾ ਘਾਤਕ ਜ਼ਹਿਰ ਪਿਲਾਇਆ ਗਿਆ ਜਦਕਿ ਪੂਰੇ ਦੇਸ਼ ਵਿਚ ਗੈਰ-ਮਿਆਰੀ ਸ਼ਰਾਬ ਨਾਲ ਲੋਕ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਅੱਜ ਕਾਂਗਰਸ, ਅਕਾਲੀ ਦਲ, ਭਾਜਪਾ ਵਰਗੀਆਂ ਰਾਜਨੀਤਕ ਪਾਰਟੀਆਂ ਦੇ ਲੀਡਰ ਇਸ ਮਾਮਲੇ 'ਤੇ ਸਿਆਸਤ ਕਰ ਰਹੇ ਹਨ ਪਰ ਹਕੀਕਤ ਇਹ ਹੈ ਕਿ ਜ਼ਹਿਰੀਲੀ ਜਾਂ ਨਕਲੀ ਸ਼ਰਾਬ ਨਾਲ ਮੌਤਾਂ ਦਾ ਇਹ ਪਹਿਲਾ ਮਾਮਲਾ ਨਹੀਂ ਹੈ, ਇਸ ਤੋਂ ਪਹਿਲਾਂ ਵੀ ਕਈ ਵਾਰ ਇਨ੍ਹਾਂ ਪਾਰਟੀਆਂ ਦੀ ਸੱਤਾ ਦੌਰਾਨ ਬਿਲਕੁਲ ਇਸੇ ਤਰ੍ਹਾਂ ਦੇ ਮਾਮਲੇ ਵਾਪਰ ਚੁੱਕੇ ਹਨ। ਹਾਲਾਂਕਿ ਕਾਂਗਰਸ ਪਾਰਟੀ ਦੇ ਅੰਮ੍ਰਿਤਸਰ ਸਾਹਿਬ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਸ਼ਰਾਬ ਮਾਫੀਆ ਦੀ 'ਪਹੁੰਚ' ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਕਾਂਗਰਸ, ਅਕਾਲੀ-ਭਾਜਪਾ ਤੇ ਮੌਜੂਦਾ ਭਗਵੰਤ ਮਾਨ ਸਰਕਾਰ ਇਸ ਮਾਫੀਆ ਖ਼ਿਲਾਫ ਕਾਰਵਾਈ ਕਰਨ ਤੋਂ ਭੱਜ ਰਹੀ ਹੈ। ਪਿਛਲੇ ਤੱਥ ਵੀ ਇਹੋ ਬਿਆਨ ਕਰਦੇ ਹਨ ਕਿ ਅਕਾਲੀ-ਭਾਜਪਾ ਸਰਕਾਰ ਸਮੇਂ 2010 ਦੌਰਾਨ ਦਸੂਹਾ ਵਿਚ ਇਸੇ ਤਰ੍ਹਾਂ ਦੀ ਸ਼ਰਾਬ ਨਾਲ 16 ਲੋਕਾਂ ਦੀ ਮੌਤ ਹੋਈ ਸੀ ਜਦਕਿ 2012 ਵਿਚ ਗੁਰਦਾਸਪੁਰ ਦੇ ਨੰਗਲ ਜੌਹਲ ਅਤੇ ਬੱਲੋਵਾਲ ਪਿੰਡਾਂ ਵਿਚ 18 ਲੋਕਾਂ ਦੀ ਮੌਤ ਹੋਈ ਸੀ। ਕਾਂਗਰਸ ਸਰਕਾਰ ਸਮੇਂ 2020 ਵਿਚ ਪੰਜਾਬ ਦੇ ਤਰਨਤਾਰਨ, ਅੰਮ੍ਰਿਤਸਰ ਅਤੇ ਬਟਾਲਾ ਵਿਚ ਸ਼ਰਾਬ ਨਾਲ 120 ਦੇ ਕਰੀਬ ਮੌਤਾਂ ਹੋਈਆਂ ਸਨ। ਭਾਜਪਾ ਦੇ ਸਭ ਤੋਂ ਮਾਡਲ ਕਹੇ ਜਾਂਦੇ ਸੂਬੇ ਗੁਜਰਾਤ ਅੰਦਰ ਜੁਲਾਈ 2022 ਵਿਚ 42 ਵਿਅਕਤੀਆਂ ਦੀ ਮੌਤ ਨਕਲੀ ਅਤੇ ਜ਼ਹਿਰੀਲੀ ਪੀਣ ਨਾਲ ਹੋਈ ਸੀ। ਸੋ ਜਿਸ ਵੀ ਪਾਰਟੀ ਦੀ ਸਰਕਾਰ ਬਣੀ ਉਸਨੇ ਸ਼ਰਾਬ ਮਾਫੀਆ ਨੂੰ ਨੱਥ ਪਾਉਣ ਦੀ ਬਜਾਏ ਸ਼ਰਾਬ ਨੂੰ ਕਮਾਈ ਦਾ ਸਾਧਨ ਬਣਾਇਆ ਹੈ। ਕਈ ਵਾਰ ਤਾਂ ਸਾਡੇ ਦੇਸ਼ ਦੇ ਹੁਕਮਰਾਨਾਂ ਵੱਲੋਂ ਨਕਲੀ ਸ਼ਰਾਬ ਦਾ ਕਾਰੋਬਾਰ ਕਰਨ ਵਾਲੇ ਦੋਸ਼ੀਆਂ ਖ਼ਿਲਾਫ ਕਾਰਵਾਈ ਕਰਨ ਦੀ ਬਜਾਏ ਉਲਟਾ ਪੀੜਤ ਲੋਕਾਂ ਪ੍ਰਤੀ ਮੰਦਾ ਵਿਵਹਾਰ ਕੀਤਾ ਜਾਂਦਾ ਹੈ। ਪਿੱਛੇ ਜਿਹੇ ਬਿਹਾਰ ਦੇ ਸਾਰਨ ਜ਼ਿਲ੍ਹੇ ਵਿਚ ਜ਼ਹਿਰੀਲੀ ਸ਼ਰਾਬ ਪੀਣ ਨਾਲ 39 ਲੋਕਾਂ ਦੀ ਮੌਤ ਦੇ ਮਾਮਲੇ ਵਿਚ ਜਦ ਬਿਹਾਰ ਸਰਕਾਰ ਵੱਲ ਉਂਗਲ ਉੱਠੀ ਤਾਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਵਿਧਾਨ ਸਭਾ ਵਿਚ ਖੜ੍ਹ ਕੇ ਕਿਹਾ ਸੀ ਕਿ, 'ਜਿਹੜਾ ਨਕਲੀ ਸ਼ਰਾਬ ਪੀਵੇਗਾ, ਉਹ ਤਾਂ ਮਰੇਗਾ ਹੀ; ਲੋਕਾਂ ਨੂੰ ਖੁਦ ਸੁਚੇਤ ਰਹਿਣਾ ਚਾਹੀਦਾ ਹੈ'। ਨਿਤੀਸ਼ ਕੁਮਾਰ ਤੋਂ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਸਰਕਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ? ਸੂਬੇ ਵਿਚ ਕੋਈ ਲੋਕਾਂ ਨੂੰ 'ਜ਼ਹਿਰ' ਵੇਚ ਰਿਹਾ ਹੈ ਤਾਂ ਕੀ ਸਰਕਾਰ ਬਰਾਬਰ ਦੀ ਜ਼ਿੰਮੇਵਾਰ ਨਹੀਂ ਹੈ। ਸੁਨਾਮ ਖੇਤਰ ਵਿਚ ਜਦ ਨਕਲੀ ਸ਼ਰਾਬ ਨਾਲ ਮੌਤਾਂ ਹੋਈਆਂ ਸਨ ਤਾਂ ਨਿਤੀਸ਼ ਕੁਮਾਰ ਦੀ ਤਰ੍ਹਾਂ 'ਆਪ' ਦੇ ਮੌਜੂਦਾ ਸੂਬਾ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਸੀ ਕਿ ਜੇਕਰ ਠੇਕੇ ਵਾਲੀ ਸ਼ਰਾਬ ਨਾਲ ਮੌਤਾਂ ਹੋਈਆਂ ਹੁੰਦੀਆਂ ਤਾਂ ਸਰਕਾਰ ਦੀ ਜ਼ਿੰਮੇਵਾਰੀ ਸੀ ਇਹ ਤਾਂ ਗੈਰ-ਕਾਨੂੰਨੀ ਸ਼ਰਾਬ ਨਾਲ ਹੋਈਆਂ ਮੌਤਾਂ ਹਨ ਇਸ ਲਈ ਸਰਕਾਰ ਜ਼ਿੰਮੇਵਾਰ ਨਹੀਂ ਹੈ। ਅਸਲ ਵਿਚ ਸ਼ਰਾਬ ਉੱਤੇ ਲੱਗਣ ਵਾਲੀ ਐਕਸਾਈਜ਼ ਡਿਊਟੀ ਸਿੱਧੀ ਸੂਬਾ ਸਰਕਾਰ ਦੇ ਖਾਤੇ ਵਿਚ ਜਾਂਦੀ ਹੈ। ਸ਼ਰਾਬ ਅਤੇ ਇਸ ਨਾਲ ਜੁੜੇ ਕਾਰੋਬਾਰ ਉੱਤੇ ਲਗਣ ਵਾਲੀ ਐਕਸਾਈਜ਼ ਡਿਊਟੀ ਸੂਬਿਆਂ ਵਿਚ ਸੂਬਾ ਸਰਕਾਰ ਦੇ ਆਪਣੇ ਟੈਕਸ ਰੈਵੇਨਿਊ ਵਿਚ ਦੂਜਾ ਜਾਂ ਤੀਜਾ ਸਭ ਤੋਂ ਵੱਡਾ ਹਿੱਸਾ ਬਣਦੀ ਹੈ। ਸ਼ਰਾਬ ਕਾਰੋਬਾਰੀ ਅਤੇ ਸੱਤਾਧਾਰੀ ਧਿਰ ਮਿਲ ਕੇ ਇਸ ਖੇਤਰ ਵਿਚੋਂ ਮੋਟਾ ਮੁਨਾਫਾ ਕਮਾਉਂਦੇ ਹਨ ਜਿਸ ਕਾਰਨ ਸ਼ਰਾਬ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਰਿਜ਼ਰਵ ਬੈਂਕ ਦੀ ਇਕ ਰਿਪੋਰਟ ਮੁਤਾਬਕ ਸੂਬਿਆਂ ਦਾ ਔਸਤ ਲਈਏ ਤਾਂ ਸੂਬਿਆਂ ਦੀ ਆਪਣੀ ਟੈਕਸ ਆਮਦਨ ਦਾ 7 ਫ਼ੀਸਦੀ ਹਿੱਸਾ ਸ਼ਰਾਬ ਉੱਤੇ ਲਗਦੇ ਟੈਕਸ ਤੋਂ ਆਉਂਦਾ ਹੈ। ਜੇਕਰ ਇਸ ਵਿਚੋਂ ਸ਼ਰਾਬਬੰਦੀ ਵਾਲੇ ਸੂਬਿਆਂ ਗੁਜਰਾਤ, ਬਿਹਾਰ, ਨਾਗਾਲੈਂਡ, ਮਿਜ਼ੋਰਮ, ਲਕਸ਼ਦੀਪ ਛੱਡ ਦੇਈਏ ਅਤੇ ਸ਼ਰਾਬ ਦੇ ਠੇਕਿਆਂ ਵਾਲੇ ਸੂਬਿਆਂ ਦਾ ਔਸਤ ਵੇਖੀਏ ਤਾਂ ਇਹ ਸੂਬੇ ਦੇ ਕੁੱਲ ਟੈਕਸ ਵਿਚ 10 ਤੋਂ 15 ਫੀਸਦ ਬਣੇਗਾ। ਕਈ ਸੂਬੇ ਅਜਿਹੇ ਵੀ ਹਨ ਜਿਨ੍ਹਾਂ ਦੀ ਟੈਕਸ ਕਮਾਈ ਦਾ 20 ਫ਼ੀਸਦੀ ਤੋਂ ਵੱਧ ਹਿੱਸਾ ਸ਼ਰਾਬ 'ਤੇ ਲਗਦੀ ਐਕਸਾਈਜ਼ ਡਿਊਟੀ ਤੋਂ ਆਉਂਦਾ ਹੈ। ਸਥਿਤੀ ਸਪੱਸ਼ਟ ਹੈ ਕਿ ਪੰਜਾਬ ਸਰਕਾਰ ਸਮੇਤ ਕਈ ਸੂਬਾ ਸਰਕਾਰਾਂ ਦੀ ਆਰਥਿਕਤਾ ਸ਼ਰਾਬ ਦੀਆਂ ਫਲੌੜੀਆਂ 'ਤੇ ਤੁਰਦੀ ਹੈ। ਦੇਸ਼ ਵਿਚ ਸ਼ਰਾਬ ਕਾਰਨ ਹੋਣ ਵਾਲੀਆਂ ਮੌਤਾਂ ਦੇ ਮਾਮਲੇ ਵਿਚ ਗੁਜਰਾਤ ਪਹਿਲੇ ਨੰਬਰ ਉਪਰ ਹੈ ਜਦਕਿ ਪੰਜਾਬ ਦੂਜੇ ਨੰਬਰ 'ਤੇ ਆਉਂਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਜਾਂ 'ਆਪ' ਲੀਡਰ ਨਸ਼ਿਆਂ ਦਾ ਮਾਮਲਾ ਪਿਛਲੀਆਂ ਸਰਕਾਰਾਂ ਉੱਪਰ ਸੁੱਟ ਕੇ ਖੁਦ ਸੁਰਖਰੂ ਨਹੀਂ ਹੋ ਸਕਦੇ, ਕਿਉਂਕਿ ਅਕਾਲੀ-ਭਾਜਪਾ, ਕਾਂਗਰਸ ਸਰਕਾਰਾਂ ਦੌਰਾਨ ਵਧੇ-ਫੁੱਲੇ ਡਰੱਗ ਮਾਫੀਆ ਤੋਂ ਅੱਕੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਸੂਬੇ ਦੀ ਸੱਤਾ ਦੀ ਵਾਗਡੋਰ ਸੌਂਪੀ ਸੀ। 'ਆਪ' ਵੱਲੋਂ ਦਿੱਤੇ 'ਬਦਲਾਅ' ਦੇ ਨਾਅਰੇ ਨੇ ਲੋਕਾਂ ਦੇ ਮਨ ਵਿਚ ਆਸ ਦੀ ਕਿਰਨ ਪੈਦਾ ਕੀਤੀ ਸੀ ਪਰ ਜਦ ਹੁਣ 'ਆਪ' ਸਰਕਾਰ ਦੌਰਾਨ ਵੀ ਪੰਜਾਬ ਵਿਚ ਨਕਲੀ ਸ਼ਰਾਬ ਲੋਕਾਂ ਨੂੰ ਵੇਚੀ ਜਾ ਰਹੀ ਹੈ ਤੇ ਸ਼ਰਾਬ ਨਾਲ ਮੌਤਾਂ ਹੋ ਰਹੀਆਂ ਹਨ ਤਾਂ ਸਮਝਿਆ ਜਾ ਸਕਦਾ ਹੈ ਇਸ ਸਰਕਾਰ ਦਾ ਕਿਰਦਾਰ ਵੀ ਪਿਛਲੀਆਂ ਸਰਕਾਰਾਂ ਵਾਂਗ ਲੋਕ ਵਿਰੋਧੀ ਹੈ। ਇਨ੍ਹਾਂ ਨੇ ਸਾਢੇ ਤਿੰਨ ਸਾਲ ਦੇ ਵਕਫੇ ਦੌਰਾਨ ਇਕ ਵੀ ਅਜਿਹਾ ਕਦਮ ਨਹੀਂ ਚੁੱਕਿਆ ਜਿਸ ਨਾਲ ਨਸ਼ਾ ਤਸਕਰਾਂ ਨੂੰ ਰੋਕਿਆ ਗਿਆ ਹੋਵੇ। ਇਸੇ ਕਾਰਨ 'ਆਪ' ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਮਜੀਠਾ ਖੇਤਰ ਵਿਚ ਹੋਈਆਂ ਮੌਤਾਂ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੂੰ ਕੈਪਟਨ ਸਰਕਾਰ ਵੇਲੇ ਦਿੱਤਾ ਉਹ ਬਿਆਨ ਚੇਤੇ ਕਰਵਾਇਆ ਹੈ, ਜਦ ਭਗਵੰਤ ਮਾਨ ਨੇ ਕਿਹਾ ਸੀ ਕਿ ਸ਼ਰਾਬ ਨਾਲ ਹੋਈਆਂ ਮੌਤਾਂ ਦੇ ਮਾਮਲੇ ਵਿਚ 'ਮੁੱਖ ਮੰਤਰੀ ਖ਼ਿਲਾਫ ਕਤਲ ਦਾ ਕੇਸ ਦਰਜ ਹੋਣਾ ਚਾਹੀਦਾ ਹੈ'। ਚਲੋ ਕਤਲ ਕੇਸ ਦਰਜ ਕਰਨਾ ਤਾਂ ਵੱਡੀ ਗੱਲ ਹੈ, ਇੱਥੇ ਤਾਂ ਕੋਈ ਜ਼ਿੰਮੇਵਾਰੀ ਮੰਨ ਕੇ ਅਸਤੀਫਾ ਦੇਣ ਨੂੰ ਵੀ ਤਿਆਰ ਨਹੀਂ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਸ਼ਰਾਬ ਪੀਣਾ ਸਿਹਤ ਲਈ ਹਾਨੀਕਾਰਕ ਹੈ ਪਰ ਸ਼ਰਾਬ ਦੀਆਂ ਕੀਮਤਾਂ ਵਧਾਉਣ ਨਾਲ ਜਾਂ ਸ਼ਰਾਬ 'ਤੇ ਮੁਕੰਮਲ ਪਾਬੰਦੀ ਲਾਉਣ ਨਾਲ ਲੋਕ ਸ਼ਰਾਬ ਪੀਣੀ ਘੱਟ ਨਹੀਂ ਕਰਨਗੇ, ਬਲਕਿ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਵਧੇਗਾ। ਨਸ਼ਿਆਂ ਦੀ ਜੜ੍ਹ ਕਿਸੇ ਵੀ ਮੁਲਕ ਦੇ ਆਰਥਿਕ, ਸਮਾਜਿਕ, ਸੱਭਿਆਚਾਰਕ ਢਾਂਚੇ ਵਿਚ ਪਈ ਹੁੰਦੀ ਹੈ। ਜਦ ਤੱਕ ਲੋਕਾਂ ਦੀਆਂ ਸਮੱਸਿਆਵਾਂ ਬਰਕਰਾਰ ਹਨ ਤਦ ਤੱਕ ਨਸ਼ਿਆਂ ਨੂੰ ਮੁਕੰਮਲ ਰੂਪ ਵਿਚ ਬੰਦ ਨਹੀਂ ਕੀਤਾ ਜਾ ਸਕਦਾ ਹੈ। ਦੁਨੀਆ ਭਰ ਦਾ ਇਤਿਹਾਸ ਦੱਸਦਾ ਹੈ ਕਿ ਕਿਤੇ ਵੀ ਧੱਕੇ ਨਾਲ ਸ਼ਰਾਬਬੰਦੀ ਕਾਮਯਾਬ ਨਹੀਂ ਹੋਈ ਹੈ। ਅਮਰੀਕਾ ਵਿਚ 1920 ਤੋਂ 1933 ਤੱਕ ਸ਼ਰਾਬਬੰਦੀ ਰਹੀ ਪਰ ਸ਼ਰਾਬਬੰਦੀ ਦੇ ਇਸ ਦੌਰ ਦੌਰਾਨ ਸ਼ਰਾਬ ਤਾਂ ਬੰਦ ਕੀ ਹੋਣੀ ਸੀ, ਬਲਕਿ ਲੋਕਾਂ ਨੂੰ ਚੋਰੀ-ਛੁਪੇ ਸ਼ਰਾਬ ਅਤੇ ਬੀਅਰ ਮੁਹੱਈਆ ਕਰਵਾਉਣ ਲਈ ਕਈ ਵੱਡੇ ਗੈਂਗ ਹੋਂਦ ਵਿਚ ਆਏ ਅਤੇ ਅਮਰੀਕਾ ਵਿਚ ਇੱਕ ਵੱਡਾ ਸ਼ਰਾਬ ਮਾਫੀਆ ਪੈਦਾ ਹੋਇਆ ਸੀ। ਸਰਕਾਰ ਨੇ ਸ਼ਰਾਬ ਦੇ ਮਾਮਲੇ ਵਿਚ ਕਦੇ ਵੀ ਲੋਕਾਂ ਨੂੰ ਚੇਤਨ ਨਹੀਂ ਕੀਤਾ ਹੈ। ਸ਼ਰਾਬ ਸਬੰਧੀ ਬਹੁਤ ਸਾਰੀਆਂ ਗਲਤ ਧਾਰਨਾਵਾਂ ਸਾਡੇ ਸਮਾਜ ਵਿਚ ਅੱਗੇ ਦੀ ਅੱਗੇ ਚੱਲੀ ਜਾ ਰਹੀਆਂ ਹਨ। ਜਿਵੇਂ ਇਕ ਪੰਜਾਬੀ ਗੀਤ ਬਹੁਤ ਮਕਬੂਲ ਹੋਇਆ, ਜਿਸ ਵਿਚ ਪਹਿਲੇ ਤੋੜ ਦੀ ਸ਼ਰਾਬ ਨੂੰ ਉਚਿਆਇਆ ਗਿਆ ਸੀ ਹਾਲਾਂਕਿ ਵਿਗਿਆਨਕ ਢੰਗ ਨਾਲ ਵੇਖੀਏ ਤਾਂ ਪਹਿਲੇ ਤੋੜ ਦੀ ਸ਼ਰਾਬ ਮਨੁੱਖੀ ਸਰੀਰ ਲਈ ਹਾਨੀਕਾਰਕ ਹੁੰਦੀ ਹੈ। ਜੇਕਰ ਸਰਕਾਰਾਂ ਨੇ ਸ਼ਰਾਬ ਪ੍ਰਤੀ ਲੋਕਾਂ ਨੂੰ ਚੇਤਨ ਕੀਤਾ ਹੁੰਦਾ ਤਾਂ ਲੋਕ ਮੀਥਾਨੋਲ ਜਾਂ ਸਪਰਿਟ ਨਾ ਪੀਂਦੇ। ਬਣਦਾ ਇਹ ਹੈ ਕਿ ਸਰਕਾਰ ਸ਼ਰਾਬ ਤੋਂ ਮੁਨਾਫਾ ਕਮਾਉਣਾ ਬੰਦ ਕਰੇ। ਨਕਲੀ ਸ਼ਰਾਬ ਦੇ ਕਾਰੋਬਾਰ ਨੂੰ ਸਰਪ੍ਰਸਤੀ ਦੇਣ ਵਾਲੇ ਪੁਲੀਸ ਕਰਮਚਾਰੀਆਂ ਅਤੇ ਸਿਆਸਤਦਾਨਾਂ ਦੀ ਨਿਸ਼ਾਨਦੇਹੀ ਕਰਕੇ ਸ਼ਰਾਬ ਮਾਫੀਆ ਖ਼ਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਸਰਕਾਰ ਇਹ ਮੰਨੇ ਕਿ ਜਦ ਕਿਸੇ ਸਮਾਜ ਦਾ ਗਿਣਨਯੋਗ ਹਿੱਸਾ ਨਸ਼ਿਆਂ ਦੀ ਦਲਦਲ ਵਿਚ ਫਸ ਜਾਵੇ ਤਾਂ ਇਸਦੀ ਜੜ੍ਹ 'ਸੱਤਾ' ਦੀਆਂ ਨੀਤੀਆਂ ਵਿਚ ਹੁੰਦੀ ਹੈ। ਹੁਣ ਸਰਕਾਰ ਨੂੰ ਚਾਹੀਦਾ ਹੈ ਕਿ ਨਸ਼ਿਆਂ ਖ਼ਿਲਾਫ ਅਖੌਤੀ ਮੁਹਿੰਮ ਦੀ ਥਾਂ ਨੌਜਵਾਨਾਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਰੁਜ਼ਗਾਰ ਮੁਹੱਈਆ ਕੀਤਾ ਜਾਵੇ ਤੇ ਸੂਬੇ ਵਿਚ ਵੱਧ ਤੋਂ ਵੱਧ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ ਤਾਂ ਕਿ ਨੌਜਵਾਨਾਂ ਨੂੰ ਜ਼ਿੰਦਗੀ ਮੰਤਵ ਮਿਲ ਸਕੇ।

## Important Contacts

**EMERGENCY**

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

**NON-EMERGENCY**

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

**SIKH GURDWARAS**

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Christine Dear**
christine@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Erin McNab**
erin@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

## 6878 King Gorge Blvd. Surrey

# ਧੀਮੀ ਗਤੀ ਅਦਾਲਤੀ ਪ੍ਰਕਿਰਿਆ ਪੱਤਰਕਾਰਾਂ ਲਈ ਬਣੀ ਸਜ਼ਾ

**• ਛੋਟੇ ਸ਼ਹਿਰਾਂ ਦੇ ਮੀਡੀਆ ਕਰਮੀ ਸਭ ਤੋਂ ਵੱਧ ਪ੍ਰਭਾਵਿਤ**

**• ਅਸਪਸ਼ਟ ਕਾਨੂੰਨਾਂ ਕਾਰਣ ਪੱਤਰਕਾਰ ਨਿਸ਼ਾਨੇ 'ਤੇ, 65% ਮਾਮਲੇ ਅਧੂਰੇ**

ਭਾਰਤ ਵਿੱਚ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਅਤੇ ਮੀਡੀਆ ਅਜ਼ਾਦੀ ਨੂੰ ਸੀਮਤ ਕਰਨ ਦੀਆਂ ਚਿੰਤਾਜਨਕ ਘਟਨਾਵਾਂ ਸਾਹਮਣੇ ਆਈਆਂ ਹਨ। ਬੀਤੇ ਮੰਗਲਵਾਰ ਨੂੰ ਜਾਰੀ ਹੋਈ ਇੱਕ ਨਵੀਂ ਰਿਪੋਰਟ, ਜੋ ਕਲੂਨੀ ਫਾਊਂਡੇਸ਼ਨ ਫਾਰ ਜਸਟਿਸ ਦੇ ਟ੍ਰਾਇਲਵਾਚ ਇਨੀਸ਼ੀਏਟਿਵ, ਨੈਸ਼ਨਲ ਲਾਅ ਯੂਨੀਵਰਸਿਟੀ ਦਿੱਲੀ ਅਤੇ ਕੋਲੰਬੀਆ ਲਾਅ ਸਕੂਲ ਦੇ ਹਿਊਮਨ ਰਾਈਟਸ ਇੰਸਟੀਚਿਊਟ ਨੇ ਸਾਂਝੇ ਤੌਰ 'ਤੇ ਤਿਆਰ ਕੀਤੀ ਹੈ, ਨੇ ਖੁਲਾਸਾ ਕੀਤਾ ਹੈ ਕਿ ਪੱਤਰਕਾਰਾਂ ਵਿਰੁੱਧ ਅਦਾਲਤੀ ਪ੍ਰਕਿਰਿਆ ਨੂੰ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਇਹ ਰਿਪੋਰਟ, ਜਿਸ ਦਾ ਸਿਰਲੇਖ ਹੈ 'ਪ੍ਰੈਸਿੰਗ ਚਾਰਜਿਜ਼: ਏ ਸਟੱਡੀ ਆਫ ਕ੍ਰਿਮੀਨਲ ਕੇਸਿਜ਼ ਅਗੇਂਸਟ ਜਰਨਲਿਸਟਸ ਅਕਰੌਸ ਸਟੇਟਸ ਇਨ ਇੰਡੀਆ', ਦੱਸਦੀ ਹੈ ਕਿ ਪੱਤਰਕਾਰਾਂ ਨੂੰ ਲੰਬੀਆਂ ਅਤੇ ਜਾਣਬੁੱਝ ਕੇ ਖਿੱਚੀਆਂ ਜਾਣ ਵਾਲੀਆਂ ਕਾਨੂੰਨੀ ਕਾਰਵਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਉਨ੍ਹਾਂ ਦੀ ਆਰਥਿਕ, ਮਾਨਸਿਕ ਅਤੇ ਪੇਸ਼ੇਵਰ ਜ਼ਿੰਦਗੀ ਨੂੰ ਤਬਾਹ ਕਰ ਰਹੀਆਂ ਹਨ।

### ਅਦਾਲਤਾਂ ਪੱਤਰਕਾਰਾਂ ਨਾਲ ਇਨਸਾਫ ਕਿਉਂ ਨਹੀਂ ਕਰਦੀਆਂ?

ਰਿਪੋਰਟ ਮੁਤਾਬਕ, 2012 ਤੋਂ 2022 ਦਰਮਿਆਨ 427 ਪੱਤਰਕਾਰਾਂ ਵਿਰੁੱਧ 423 ਅਪਰਾਧਿਕ ਮਾਮਲੇ ਦਰਜ ਹੋਏ, ਜਿਨ੍ਹਾਂ ਵਿੱਚ 624 ਅਪਰਾਧਿਕ ਘਟਨਾਵਾਂ ਸ਼ਾਮਲ ਸਨ। ਇਨ੍ਹਾਂ ਵਿੱਚੋਂ 65% ਤੋਂ ਵੱਧ ਮਾਮਲੇ 30 ਅਕਤੂਬਰ 2023 ਤੱਕ ਵੀ ਅਧੂਰੇ ਸਨ, ਜਦਕਿ 40% ਮਾਮਲਿਆਂ ਵਿੱਚ ਪੁਲਿਸ ਨੇ ਜਾਂਚ ਵੀ ਪੂਰੀ ਨਹੀਂ ਕੀਤੀ। ਸਿਰਫ 6% ਮਾਮਲਿਆਂ (16 ਕੇਸ) ਵਿੱਚ ਹੀ ਅੰਤਿਮ ਨਿਪਟਾਰਾ ਹੋਇਆ, ਜਿਸ ਵਿੱਚ ਦੋਸ਼ਮੁਕਤੀ ਜਾਂ ਸਜ਼ਾ ਸ਼ਾਮਲ ਸੀ। ਇਹ ਲੰਬੀਆਂ ਪ੍ਰਕਿਰਿਆਵਾਂ ਪੱਤਰਕਾਰਾਂ ਨੂੰ ਮਾਨਸਿਕ ਅਤੇ ਅਰਥਿਕ ਤੌਰ 'ਤੇ ਤੋੜਨ ਦਾ ਸਾਧਨ ਬਣ ਰਹੀਆਂ ਹਨ। 58% ਪੱਤਰਕਾਰਾਂ ਨੇ ਆਰਥਿਕ ਤੰਗੀ, 56% ਨੇ ਡਰ ਅਤੇ ਚਿੰਤਾ, 73% ਨੇ ਨਿੱਜੀ ਜ਼ਿੰਦਗੀ 'ਤੇ ਅਸਰ ਅਤੇ 56% ਨੇ ਕਰੀਅਰ 'ਤੇ ਨਕਾਰਾਤਮਕ ਪ੍ਰਭਾਵ ਦੀ ਗੱਲ ਕੀਤੀ।

ਇੱਕ ਪੱਤਰਕਾਰ ਨੇ ਕਿਹਾ, "ਮੇਰੀ ਗ੍ਰਿਫਤਾਰੀ ਤੋਂ ਬਾਅਦ ਮੇਰਾ ਪਰਿਵਾਰ, ਖਾਸਕਰ ਮੇਰੇ ਬੱਚੇ, ਬਹੁਤ ਪ੍ਰੇਸ਼ਾਨ ਹੋਏ। ਅਜਿਹੇ ਮਾਮਲੇ ਸਿਰਫ ਇੱਕ ਵਿਅਕਤੀ ਨੂੰ ਨਹੀਂ, ਸਗੋਂ ਪੂਰੇ ਪਰਿਵਾਰ ਨੂੰ ਤੋੜ ਦਿੰਦੇ ਹਨ।"

ਅਦਾਲਤੀ ਪ੍ਰਕਿਰਿਆ ਦੀ ਇਹ ਹੌਲੀ ਚਾਲ ਅਤੇ ਅਸਪਸ਼ਟ ਕਾਨੂੰਨੀ ਪ੍ਰਬੰਧ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਦਾ ਸਾਧਨ ਬਣ ਰਹੇ ਹਨ। ਨਵੀਂ ਭਾਰਤੀ ਨਿਆਂ ਸੰਹਿਤਾ (ਭਨਸ) 2024, ਜਿਸ ਨੇ ਪੁਰਾਣੀ ਆਈਪੀਸੀ ਨੂੰ ਬਦਲਿਆ, ਵਿੱਚ ਵੀ ਅਸਪਸ਼ਟ ਪ੍ਰਬੰਧ ਜਿਵੇਂ ਕਿ ਧਾਰਾ 195(1)(ਦ) ਸ਼ਾਮਲ ਹੈ, ਜੋ "ਭਾਰਤ ਦੀ ਸੰਪ੍ਰਭੂਤਾ, ਏਕਤਾ, ਅਖੰਡਤਾ ਜਾਂ ਸੁਰੱਖਿਆ ਨੂੰ ਖਤਰੇ ਵਿੱਚ ਪਾਉਣ ਵਾਲੀ ਝੂਠੀ ਜਾਂ ਭ੍ਰਮਕ ਜਾਣਕਾਰੀ" ਨੂੰ ਅਪਰਾਧ ਬਣਾਉਂਦੀ ਹੈ। ਅਜਿਹੇ ਕਾਨੂੰਨਾਂ ਦਾ ਦੁਰਉਪਯੋਗ ਪੱਤਰਕਾਰਾਂ ਨੂੰ ਡਰਾਉਣ ਅਤੇ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਲਈ ਕੀਤਾ ਜਾ ਸਕਦਾ ਹੈ।

### ਕੀ ਭਾਰਤ ਵਿਚ ਮੀਡੀਆ ਅਜ਼ਾਦੀ ਨੂੰ ਖਤਰਾ ਹੈ?

ਇਹ ਰਿਪੋਰਟ ਸਪਸ਼ਟ ਕਰਦੀ ਹੈ ਕਿ ਪੱਤਰਕਾਰਾਂ ਵਿਰੁੱਧ ਲੰਬੀਆਂ ਅਦਾਲਤੀ ਕਾਰਵਾਈਆਂ ਅਤੇ ਅਸਪਸ਼ਟ ਕਾਨੂੰਨ ਮੀਡੀਆ ਅਜ਼ਾਦੀ ਨੂੰ ਸਿੱਧਾ ਖਤਰਾ ਪੈਦਾ ਕਰ ਰਹੇ ਹਨ। ਨੈਸ਼ਨਲ ਲਾਅ ਯੂਨੀਵਰਸਿਟੀ, ਦਿੱਲੀ ਦੇ ਪ੍ਰੋਫੈਸਰ ਅਨੂਪ ਸੁਰੇਂਦਰਨਾਥ ਨੇ ਕਿਹਾ ਕਿ ਇਹ ਰਿਪੋਰਟ ਸੰਵਿਧਾਨਕ ਮਹੱਤਵ ਰੱਖਦੀ ਹੈ। ਇਹ ਦਿਖਾਉਂਦੀ ਹੈ ਕਿ ਸੰਵਿਧਾਨ ਵੱਲੋਂ ਸੁਰੱਖਿਅਤ ਪ੍ਰੈਸ ਦੀ ਅਜ਼ਾਦੀ ਨੂੰ ਸਾਧਾਰਣ ਅਪਰਾਧਿਕ ਕਾਨੂੰਨਾਂ ਅਤੇ ਪ੍ਰਕਿਰਿਆਵਾਂ ਦੁਆਰਾ ਕਮਜ਼ੋਰ ਕੀਤਾ ਜਾ ਰਿਹਾ ਹੈ।

ਪੱਤਰਕਾਰਾਂ ਨੂੰ ਨਾ ਸਿਰਫ ਪੇਸ਼ੇਵਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਸਗੋਂ ਉਨ੍ਹਾਂ ਦੇ ਪਰਿਵਾਰਾਂ 'ਤੇ ਵੀ ਇਸ ਦਾ ਗੰਭੀਰ ਅਸਰ ਪੈ ਰਿਹਾ ਹੈ। ਇਹ ਸਥਿਤੀ ਨਾ ਸਿਰਫ ਪੱਤਰਕਾਰਾਂ ਨੂੰ, ਸਗੋਂ ਵ੍ਹਿਸਲਬਲੋਅਰਜ਼ ਅਤੇ ਸਿਟੀਜ਼ਨ ਜਰਨਲਿਸਟਸ ਨੂੰ ਵੀ ਡਰਾਉਣ ਦਾ ਕੰਮ ਕਰ ਰਹੀ ਹੈ। ਇਸ ਨਾਲ ਸਮਾਜ ਵਿੱਚ ਸੱਚਾਈ ਨੂੰ ਸਾਹਮਣੇ ਲਿਆਉਣ ਦੀ ਪ੍ਰਕਿਰਿਆ ਨੂੰ ਰੋਕਿਆ ਜਾ ਰਿਹਾ ਹੈ, ਜੋ ਇੱਕ ਲੋਕਤੰਤਰੀ ਸਮਾਜ ਲਈ ਖਤਰਨਾਕ ਸੰਕੇਤ ਹੈ।

### ਛੋਟੇ ਸ਼ਹਿਰਾਂ ਦੇ ਪੱਤਰਕਾਰ ਸਭ ਤੋਂ ਵੱਧ ਨਿਸ਼ਾਨੇ 'ਤੇ

ਰਿਪੋਰਟ ਵਿੱਚ ਸਭ ਤੋਂ ਚਿੰਤਾਜਨਕ ਖੁਲਾਸਾ ਇਹ ਹੈ ਕਿ ਛੋਟੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਕੰਮ ਕਰਨ ਵਾਲੇ ਪੱਤਰਕਾਰ ਵੱਡੇ ਸ਼ਹਿਰਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਨਿਸ਼ਾਨੇ 'ਤੇ ਹਨ। ਮਹਾਨਗਰਾਂ ਵਿੱਚ ਪੱਤਰਕਾਰਾਂ ਦੀ ਗ੍ਰਿਫਤਾਰੀ 24% ਮਾਮਲਿਆਂ ਵਿੱਚ ਹੋਈ, ਜਦਕਿ ਛੋਟੇ ਸ਼ਹਿਰਾਂ ਵਿੱਚ ਇਹ ਅੰਕੜਾ 58% ਤੱਕ ਪਹੁੰਚ ਗਿਆ। ਵੱਡੇ ਸ਼ਹਿਰਾਂ ਵਿੱਚ 65% ਪੱਤਰਕਾਰਾਂ ਨੂੰ ਅੰਤਰਿਮ ਰਾਹਤ ਮਿਲੀ, ਪਰ ਛੋਟੇ ਸ਼ਹਿਰਾਂ ਵਿੱਚ ਸਿਰਫ 3% ਨੂੰ ਹੀ ਅਜਿਹੀ ਰਾਹਤ ਮਿਲ ਸਕੀ। ਇਸ ਦਾ ਮੁੱਖ ਕਾਰਨ ਸੁਪਰੀਮ ਕੋਰਟ ਦੀ ਪਹੁੰਚ ਸਿਰਫ ਦਿੱਲੀ ਤੱਕ ਸੀਮਤ ਹੋਣਾ ਅਤੇ ਛੋਟੇ ਸ਼ਹਿਰਾਂ ਦੇ ਪੱਤਰਕਾਰਾਂ ਦੀ ਸੀਮਤ ਆਰਥਿਕ ਸਮਰੱਥਾ ਹੈ।ਹਿੰਦੀ ਅਤੇ ਹੋਰ ਖੇਤਰੀ ਭਾਸ਼ਾਵਾਂ ਵਿੱਚ ਕੰਮ ਕਰਨ ਵਾਲੇ ਪੱਤਰਕਾਰਾਂ ਨੂੰ ਅੰਗਰੇਜ਼ੀ ਵਿੱਚ ਕੰਮ ਕਰਨ ਵਾਲਿਆਂ ਦੇ ਮੁਕਾਬਲੇ ਜ਼ਿਆਦਾ ਪ੍ਰਤੀਕੂਲ ਸਥਿਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਿਪੋਰਟ ਅਨੁਸਾਰ, "ਜੇ ਪ੍ਰਕਿਰਿਆ ਹੀ ਸਜ਼ਾ ਹੈ, ਤਾਂ ਇਹ ਸਜ਼ਾ ਦਿੱਲੀ ਤੋਂ ਦੂਰੀ ਦੇ ਅਨੁਪਾਤ ਵਿੱਚ ਵਧਦੀ ਹੈ।"

ਇਥੇ ਜ਼ਿਕਰਯੋਗ ਹੈ ਕਿ ਰਿਪੋਰਟਰਜ਼ ਵਿਦਾਊਟ ਬਾਰਡਰਜ਼ (RSF) ਦੇ ਵਰਲਡ ਪ੍ਰੈਸ ਫ੍ਰੀਡਮ ਇੰਡੈਕਸ 2025 ਅਨੁਸਾਰ, ਭਾਰਤ 180 ਦੇਸ਼ਾਂ ਵਿੱਚ 161ਵੇਂ ਸਥਾਨ 'ਤੇ ਹੈ, ਜੋ ਉੱਤਰੀ ਕੋਰੀਆ ਤੋਂ ਸਿਰਫ 19 ਸਥਾਨ ਉੱਪਰ ਹੈ। ਇਹ ਸਥਿਤੀ ਭਾਰਤੀ ਮੀਡੀਆ ਦੀ ਵਿਗੜਦੀ ਸਥਿਤੀ ਨੂੰ ਦਰਸਾਉਂਦੀ ਹੈ। ਪਿਛਲੇ ਸਾਲਾਂ ਦੌਰਾਨ ਭਾਰਤ ਦੀ ਰੈਂਕਿੰਗ ਲਗਾਤਾਰ ਡਿੱਗਦੀ ਜਾ ਰਹੀ ਹੈ, ਜੋ ਸਰਕਾਰੀ ਨੀਤੀਆਂ, ਪੱਤਰਕਾਰਾਂ 'ਤੇ ਹਮਲਿਆਂ ਅਤੇ ਅਸਪਸ਼ਟ ਕਾਨੂੰਨਾਂ ਦੇ ਦੁਰਉਪਯੋਗ ਦਾ ਨਤੀਜਾ ਹੈ।

### ਅੰਤਰਰਾਸ਼ਟਰੀ ਅਖਬਾਰਾਂ ਦਾ ਨਜ਼ਰੀਆ ਕੀ ਹੈ

ਅੰਤਰਰਾਸ਼ਟਰੀ ਮੀਡੀਆ ਨੇ ਵੀ ਇਸ ਰਿਪੋਰਟ ਨੂੰ ਗੰਭੀਰਤਾ ਨਾਲ ਲਿਆ ਹੈ। ਦਿ ਗਾਰਡੀਅਨ ਅਤੇ ਅਲ ਜਜ਼ੀਰਾ ਵਰਗੇ ਅੰਤਰਰਾਸ਼ਟਰੀ ਅਖਬਾਰਾਂ ਨੇ ਭਾਰਤ ਵਿੱਚ ਪ੍ਰੈਸ ਅਜ਼ਾਦੀ 'ਤੇ ਵਧ ਰਹੇ ਸੰਕਟ ਨੂੰ ਉਜਾਗਰ ਕੀਤਾ ਹੈ। ਦਿ ਗਾਰਡੀਅਨ ਨੇ ਲਿਖਿਆ, "ਭਾਰਤ ਵਿੱਚ ਪੱਤਰਕਾਰਾਂ ਵਿਰੁੱਧ ਕਾਨੂੰਨੀ ਅਤੇ ਸਰਕਾਰੀ ਦਬਾਅ ਵਧ ਰਿਹਾ ਹੈ, ਜੋ ਲੋਕਤੰਤਰ ਦੇ ਚੌਥੇ ਥੰਮ ਨੂੰ ਕਮਜ਼ੋਰ ਕਰ ਰਿਹਾ ਹੈ।"

ਅਲ ਜਜ਼ੀਰਾ ਨੇ ਜ਼ੋਰ ਦਿੱਤਾ ਕਿ ਛੋਟੇ ਸ਼ਹਿਰਾਂ ਦੇ ਪੱਤਰਕਾਰਾਂ ਦੀ ਸੁਰੱਖਿਆ ਅਤੇ ਨਿਆਂ ਤੱਕ ਪਹੁੰਚ ਸਭ ਤੋਂ ਵੱਡੀ ਚੁਣੌਤੀ ਹੈ।ਟ੍ਰਾਇਲਵਾਚ ਦੇ ਕਾਨੂੰਨੀ ਨਿਦੇਸ਼ਕ ਸਟੀਫਨ ਟਾਊਨਲੇ ਨੇ ਕਿਹਾ, "ਇਹ ਰਿਪੋਰਟ ਵਿਸ਼ਵ ਪੱਧਰ 'ਤੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਦੇ ਨਵੇਂ ਤਰੀਕਿਆਂ ਨੂੰ ਉਜਾਗਰ ਕਰਦੀ ਹੈ ਅਤੇ ਭਾਰਤੀ ਸੰਦਰਭ ਵਿੱਚ ਮਹੱਤਵਪੂਰਨ ਅੰਕੜੇ ਪ੍ਰਦਾਨ ਕਰਦੀ ਹੈ।"

ਇਹ ਰਿਪੋਰਟ ਸਪਸ਼ਟ ਕਰਦੀ ਹੈ ਕਿ ਭਾਰਤ ਵਿੱਚ ਪੱਤਰਕਾਰੀ ਇੱਕ ਖਤਰਿਆਂ ਨਾਲ ਜੂਝਣ ਵਾਲਾ ਪੇਸ਼ਾ ਬਣ ਗਿਆ ਹੈ। ਅਦਾਲਤੀ ਪ੍ਰਕਿਰਿਆਵਾਂ, ਅਸਪਸ਼ਟ ਕਾਨੂੰਨ ਅਤੇ ਸਰਕਾਰੀ ਦਬਾਅ ਮੀਡੀਆ ਦੀ ਅਜ਼ਾਦੀ ਨੂੰ ਸੀਮਤ ਕਰ ਰਹੇ ਹਨ। ਖਾਸਕਰ ਛੋਟੇ ਸ਼ਹਿਰਾਂ ਦੇ ਪੱਤਰਕਾਰ, ਜੋ ਸਥਾਨਕ ਮੁੱਦਿਆਂ ਨੂੰ ਉਠਾਉਂਦੇ ਹਨ, ਸਭ ਤੋਂ ਵੱਧ ਪ੍ਰਭਾਵਿਤ ਹਨ। ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦੀ ਬਦਨਾਮੀ ਅਤੇ ਪ੍ਰੈਸ ਅਜ਼ਾਦੀ ਸੂਚਕਾਂਕ ਵਿੱਚ ਡਿੱਗਦੀ ਰੈਂਕਿੰਗ ਇੱਕ ਚੇਤਾਵਨੀ ਹੈ ਕਿ ਲੋਕਤੰਤਰ ਦੇ ਚੌਥੇ ਥੰਮ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਸਰਕਾਰ ਨੂੰ ਅਜਿਹੇ ਕਾਨੂੰਨਾਂ ਨੂੰ ਸਪਸ਼ਟ ਕਰਨ ਦੀ ਲੋੜ ਹੈ ਜੋ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਦਾ ਸਾਧਨ ਬਣ ਰਹੇ ਹਨ। ਨਾਲ ਹੀ, ਛੋਟੇ ਸ਼ਹਿਰਾਂ ਦੇ ਪੱਤਰਕਾਰਾਂ ਲਈ ਕਾਨੂੰਨੀ ਸਹਾਇਤਾ ਅਤੇ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੈ।

# ਯੂਕੇ ਵਿਚ ਸਿੱਖ ਪਛਾਣ ਲਈ ਮੁਹਿੰਮ ਚਲਾਉਣ ਵਾਲਾ ਜਗਜੀਤ ਸਿੰਘ ਰਿਆਤ

**• ਸਿੱਖਾਂ ਨੂੰ ਉਸਾਰੀ ਵਾਲੀਆਂ ਥਾਵਾਂ 'ਤੇ ਸੁਰੱਖਿਆ ਹੈਲਮੇਟ ਦੀ ਬਜਾਏ ਦਸਤਾਰ ਪਹਿਨਣ ਦੀ ਆਜ਼ਾਦੀ ਦਿਵਾਈ**

**• ਦਸਤਾਰ ਲਈ ਕਾਨੂੰਨੀ ਜਿੱਤ ਵਿਚ ਰਿਆਤ ਪਰਿਵਾਰ ਦਾ ਅਣਥੱਕ ਯੋਗਦਾਨ**



ਜਗਜੀਤ ਸਿੰਘ ਰਿਆਤ ਅਤੇ ਉਨ੍ਹਾਂ ਦੇ ਪਿਤਾ ਮਹਿੰਦਰ ਸਿੰਘ ਰਿਆਤ ਨੇ 1988 ਵਿਚ ਯੂਕੇ 'ਚ ਸਿੱਖਾਂ ਦੀ ਧਾਰਮਿਕ ਪਛਾਣ ਨੂੰ ਕਾਇਮ ਰੱਖਣ ਲਈ ਇੱਕ ਇਤਿਹਾਸਕ ਮੁਹਿੰਮ ਚਲਾਈ ਸੀ। ਇਸ ਮੁਹਿੰਮ ਨੇ ਸਿੱਖਾਂ ਨੂੰ ਉਸਾਰੀ ਵਾਲੀਆਂ ਥਾਵਾਂ 'ਤੇ ਸੁਰੱਖਿਆ ਹੈਲਮੇਟ ਦੀ ਬਜਾਏ ਦਸਤਾਰ ਪਹਿਨਣ ਦੀ ਆਜ਼ਾਦੀ ਦਿਵਾਈ। 1989 'ਚ ਇਸ ਮੁੱਦੇ 'ਤੇ ਕਾਨੂੰਨੀ ਛੋਟ ਮਿਲੀ, ਜਿਸ ਨੇ ਸਿੱਖ ਧਰਮ ਦੀ ਪਛਾਣ ਨੂੰ ਮਾਨਤਾ ਦਿੱਤੀ। 2015 ਵਿਚ ਡੀਰੈਗੂਲੇਸ਼ਨ ਬਿੱਲ ਨੇ ਇਸ ਛੋਟ ਨੂੰ ਸਾਰੇ ਕਾਰਜ ਸਥਾਨਾਂ 'ਤੇ ਲਾਗੂ ਕਰ ਦਿੱਤਾ, ਜਿਸ ਨਾਲ ਮਾਲਕਾਂ ਨੂੰ ਸੀਮਤ ਦੇਣਦਾਰੀ ਮਿਲੀ। ਇਸ ਜਿੱਤ ਨੇ ਸਿੱਖਾਂ ਨੂੰ ਆਪਣੀ ਪੱਗ ਨਾਲ ਮਾਣ ਨਾਲ ਕੰਮ ਕਰਨ ਦਾ ਹੱਕ ਦਿੱਤਾ।

ਜਗਜੀਤ ਸਿੰਘ ਰਿਆਤ ਅਨੁਸਾਰ 1960 ਦੇ ਦਹਾਕੇ ਵਿਚ ਸਿੱਖਾਂ ਨੂੰ ਉਸਾਰੀ ਵਾਲੀਆਂ ਥਾਵਾਂ 'ਤੇ ਪੱਗ ਬੰਨ੍ਹਣ ਦੀ ਮਨਾਹੀ ਸੀ। ਹਾਰਡ ਹੈਟ ਪਹਿਨਣਾ ਲਾਜ਼ਮੀ ਸੀ, ਜਿਸ ਕਾਰਨ ਸਿੱਖ ਨੌਜਵਾਨਾਂ ਨੂੰ ਨੌਕਰੀਆਂ ਮਿਲਣ ਵਿਚ ਮੁਸ਼ਕਲ ਆਉਂਦੀ ਸੀ। ਮਹਿੰਦਰ ਸਿੰਘ ਰਿਆਤ ਨੇ ਇਸ ਕਾਨੂੰਨ ਨੂੰ ਬਦਲਣ ਲਈ ਸੰਸਦ ਮੈਂਬਰਾਂ, ਜਿਵੇਂ ਮਾਰਗਰੇਟ ਥੈਚਰ ਅਤੇ ਵਿਲੀਅਮ ਵ੍ਹਾਈਟਲਾਅ ਨਾਲ ਮੁਲਾਕਾਤਾਂ ਕੀਤੀਆਂ ਸਨ। ਉਨ੍ਹਾਂ ਨੇ ਸਿੱਖ ਧਰਮ ਵਿਚ ਪੱਗ ਦੀ ਮਹੱਤਤਾ ਨੂੰ ਸਮਝਾਇਆ। ਇਸ ਸੰਘਰਸ਼ ਵਿਚ ਜਗਜੀਤ ਸਿੰਘ ਨੇ ਵੀ ਪਿਤਾ ਦਾ ਪੂਰਾ ਸਾਥ ਦਿੱਤਾ। ਇਸ ਮੁਹਿੰਮ ਨੂੰ ਸਿੱਖ ਭਾਈਚਾਰੇ ਦੀ ਇਕਜੁਟਤਾ ਅਤੇ ਸਥਾਨਕ ਸੰਸਥਾਵਾਂ ਦੇ ਸਹਿਯੋਗ ਨੇ ਸਫਲਤਾ ਦਿਵਾਈ।

### ਯੂਕੇ ਵਿਚ ਕਈ ਅਦਾਰਿਆਂ ਵਿਚ ਪੱਗ ਉਪਰ ਪਾਬੰਦੀਆਂ

ਹੁਣ ਵੀ ਯੂਕੇ 'ਚ ਕੁਝ ਖਾਸ ਕੰਮਾਂ, ਜਿਵੇਂ ਹਵਾਈ ਜਹਾਜ਼ਾਂ 'ਚ ਪਾਇਲਟ ਵਜੋਂ ਜਾਂ ਖਤਰਨਾਕ ਰਸਾਇਣਕ ਉਦਯੋਗਾਂ ਵਿਚ, ਸੁਰੱਖਿਆ ਨਿਯਮਾਂ ਕਾਰਨ ਪੱਗ 'ਤੇ ਪਾਬੰਦੀਆਂ ਹਨ। ਪਰ ਸਿੱਖਾਂ ਨੇ ਹੋਰ ਖੇਤਰਾਂ ਵਿਚ ਵੀ ਸੰਘਰਸ਼ ਕੀਤਾ ਸੀ। ਮਿਸਾਲ ਵਜੋਂ, 1976 ਵਿਚ ਮੋਟਰਸਾਈਕਲ ਸਵਾਰ ਸਿੱਖਾਂ ਨੂੰ ਹੈਲਮੇਟ ਪਹਿਨਣ ਤੋਂ ਛੋਟ ਮਿਲੀ ਸੀ। 1983 ਵਿਚ ਸਕੂਲੀ ਵਰਦੀਆਂ ਵਿਚ ਪੱਗ ਪਹਿਨਣ ਦੀ ਇਜਾਜ਼ਤ ਲਈ ਮੁਹਿੰਮ ਸਫਲ ਰਹੀ ਸੀ। ਇਨ੍ਹਾਂ ਜਿੱਤਾਂ ਨੇ ਸਿੱਖ ਪਛਾਣ ਨੂੰ ਯੂਕੇ ਦੇ ਬਹੁ-ਸਭਿਆਚਾਰਕ ਸਮਾਜ ਵਿਚ ਮਜ਼ਬੂਤ ਕੀਤਾ ਸੀ।

ਅੰਤਰਰਾਸ਼ਟਰੀ ਮੀਡੀਆ, ਜਿਵੇਂ ਕਿ ਦ ਨਿਊਯਾਰਕ ਟਾਈਮਜ਼ ਅਤੇ ਅਲ ਜਜ਼ੀਰਾ, ਨੇ ਵੀ ਇਸ ਮੁਹਿੰਮ ਨੂੰ ਬਹੁ-ਸਭਿਆਚਾਰਕ ਸਮਾਜ ਵਿਚ ਧਾਰਮਿਕ ਅਜ਼ਾਦੀ ਦੀ ਮਿਸਾਲ ਦੱਸਿਆ ਸੀ। ਅਮਰੀਕਾ ਦੇ 'ਨਿਊਯਾਰਕ ਟਾਈਮਜ਼' ਨੇ 1989 ਵਿੱਚ ਇੱਕ ਲੇਖ ਵਿੱਚ ਲਿਖਿਆ ਸੀ ਕਿ ਯੂਕੇ ਵਿੱਚ ਸਿੱਖਾਂ ਦੀ ਇਸ ਜਿੱਤ ਨੇ ਬਹੁ-ਸੱਭਿਆਚਾਰਕ ਸਮਾਜ ਵਿੱਚ ਧਾਰਮਿਕ ਅਜ਼ਾਦੀ ਦੀ ਮਹੱਤਤਾ ਨੂੰ ਉਜਾਗਰ ਕੀਤਾ। ਅਖ਼ਬਾਰ ਨੇ ਜਗਜੀਤ ਸਿੰਘ ਦੀ ਮੁਹਿੰਮ ਨੂੰ "ਘੱਟ-ਗਿਣਤੀ ਭਾਈਚਾਰਿਆਂ ਦੇ ਅਧਿਕਾਰਾਂ ਦੀ ਰਾਖੀ ਦੀ ਮਿਸਾਲ" ਦੱਸਿਆ ਸੀ।

ਇਸੇ ਤਰ੍ਹਾਂ, ਕੈਨੇਡਾ ਦੇ 'ਦ ਗਲੋਬ ਐਂਡ ਮੇਲ' ਨੇ ਲਿਖਿਆ ਸੀ ਕਿ ਜਗਜੀਤ ਸਿੰਘ ਦੀ ਮੁਹਿੰਮ ਨੇ ਸਿੱਖ ਡਾਇਸਪੋਰਾ ਨੂੰ ਪ੍ਰੇਰਿਤ ਕੀਤਾ ਅਤੇ ਹੋਰ ਮੁਲਕਾਂ ਵਿੱਚ ਸਿੱਖਾਂ ਦੇ ਅਧਿਕਾਰਾਂ ਲਈ ਸੰਘਰਸ਼ ਦੀ ਨੀਂਹ ਰੱਖੀ। ਅਲ ਜਜ਼ੀਰਾ ਨੇ ਇਸ ਨੂੰ ਸਿੱਖ ਭਾਈਚਾਰੇ ਦੀ ਸਮਾਜਕ ਜਾਗਰੂਕਤਾ ਅਤੇ ਸੰਗਠਨ ਦੀ ਜਿੱਤ ਦੱਸਿਆ ਸੀ।

ਯੂਕੇ ਦੀਆਂ ਅਖਬਾਰਾਂ, ਜਿਵੇਂ ਦ ਗਾਰਡੀਅਨ ਅਤੇ ਦ ਟਾਈਮਜ਼, ਨੇ ਰਿਆਤ ਪਰਿਵਾਰ ਦੀ ਮੁਹਿੰਮ ਨੂੰ ਸਿੱਖ ਪੰਥ ਦੀ ਧਾਰਮਿਕ ਅਜ਼ਾਦੀ ਦੀ ਮਿਸਾਲ ਦੱਸਿਆ। ਦ ਗਾਰਡੀਅਨ (ਨਵੰਬਰ 2024) ਨੇ ਲਿਖਿਆ ਸੀ ਕਿ "ਰਿਆਤ ਦੀ ਮੁਹਿੰਮ ਨੇ ਸਿੱਖਾਂ ਦੀ ਪਛਾਣ ਨੂੰ ਯੂਕੇ ਦੇ ਕਾਨੂੰਨੀ ਢਾਂਚੇ ਵਿਚ ਸਥਾਪਤ ਕੀਤਾ।"

'ਇੰਡੀਪੈਂਡੈਂਟ' ਨੇ ਆਪਣੀ ਰਿਪੋਰਟ ਵਿੱਚ ਜ਼ਿਕਰ ਕੀਤਾ ਕਿ ਜਗਜੀਤ ਸਿੰਘ ਦੀ ਮੁਹਿੰਮ ਨੇ ਯੂਕੇ ਦੇ ਸਮਾਜ ਵਿੱਚ ਸਿੱਖ ਪਛਾਣ ਨੂੰ ਮਜ਼ਬੂਤ ਕੀਤਾ ਸੀ ਅਤੇ ਬਹੁ-ਸੱਭਿਆਚਾਰਕ ਨੀਤੀਆਂ 'ਤੇ ਚਰਚਾ ਨੂੰ ਉਤਸ਼ਾਹਿਤ ਕੀਤਾ ਸੀ। ਅਖ਼ਬਾਰ ਨੇ ਲਿਖਿਆ ਸੀ ਕਿ ਇਸ ਜਿੱਤ ਨੇ ਸਿੱਖਾਂ ਨੂੰ ਆਪਣੀ ਪਛਾਣ ਨਾਲ ਮਾਣ ਮਹਿਸੂਸ ਕਰਨ ਦਾ ਮੌਕਾ ਦਿੱਤਾ ਸੀ।

ਇਸ ਮੁਹਿੰਮ ਨੂੰ ਸਮਰਥਨ ਦੇਣ ਲਈ ਸਿੱਖ ਭਾਈਚਾਰੇ ਨੇ ਵੱਡੀਆਂ ਰੈਲੀਆਂ ਅਤੇ ਪ੍ਰਦਰਸ਼ਨ ਵੀ ਕੀਤੇ, ਜਿਨ੍ਹਾਂ ਨੂੰ 'ਦ ਟੈਲੀਗ੍ਰਾਫ' ਨੇ "ਸਿੱਖਾਂ ਦੀ ਏਕਤਾ ਦੀ ਮਿਸਾਲ" ਦੱਸਿਆ ਸੀ।

ਬੀਬੀਸੀ ਨੇ 2010 ਵਿੱਚ ਇੱਕ ਡਾਕੂਮੈਂਟਰੀ ਵਿੱਚ ਜਗਜੀਤ ਸਿੰਘ ਦੇ ਸੰਘਰਸ਼ ਨੂੰ ਯਾਦ ਕੀਤਾ ਅਤੇ ਉਨ੍ਹਾਂ ਨੂੰ "ਸਿੱਖ ਪਛਾਣ ਦਾ ਰਾਖਾ" ਦੱਸਿਆ ਸੀ। ਰਿਪੋਰਟ ਵਿੱਚ ਜ਼ਿਕਰ ਕੀਤਾ ਗਿਆ ਕਿ ਜਗਜੀਤ ਸਿੰਘ ਦੀ ਮੁਹਿੰਮ ਨੇ ਨਾ ਸਿਰਫ ਸਿੱਖਾਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਕੀਤਾ, ਸਗੋਂ ਯੂਕੇ ਦੇ ਕਾਨੂੰਨੀ ਢਾਂਚੇ ਵਿੱਚ ਬਹੁ-ਸੱਭਿਆਚਾਰਕ ਮੁੱਦਿਆਂ ਨੂੰ ਸਮਝਣ ਦੀ ਸਮਰੱਥਾ ਵਧਾਈ ਸੀ।

ਪ੍ਰੋ. ਗੁਰਹਰਪਾਲ ਸਿੰਘ (ਸੋਅਸ ਯੂਨੀਵਰਸਿਟੀ) ਮੁਤਾਬਕ, "ਇਸ ਮੁਹਿੰਮ ਨੇ ਸਿੱਖਾਂ ਦੀ ਸਿਆਸੀ ਤਾਕਤ ਅਤੇ ਬਰਤਾਨਵੀ ਸਮਾਜ 'ਚ ਉਨ੍ਹਾਂ ਦੀ ਹੋਂਦ ਨੂੰ ਵਧਾਇਆ ਸੀ।" ਪਰ ਕੁਝ ਅਖਬਾਰਾਂ, ਜਿਵੇਂ ਦ ਡੇਲੀ ਮੇਲ, ਨੇ ਸੁਰੱਖਿਆ ਨਿਯਮਾਂ 'ਤੇ ਸਵਾਲ ਉਠਾਏ ਸਨ, ਜਿਸ 'ਤੇ ਪੰਥਕ ਜਥੇਬੰਦੀਆਂ ਨੇ ਜਵਾਬ ਦਿੱਤਾ ਸੀ ਕਿ ਪੱਗ ਸਿੱਖਾਂ ਲਈ ਸਿਰਫ ਪਹਿਰਾਵਾ ਨਹੀਂ, ਸਗੋਂ ਧਰਮ ਦਾ ਅਟੁੱਟ ਹਿੱਸਾ ਹੈ।

ਰਿਆਤ ਪਰਿਵਾਰ ਦੀ ਮੁਹਿੰਮ ਨੇ ਸਿੱਖਾਂ ਦੀ ਧਾਰਮਿਕ ਅਜ਼ਾਦੀ ਨੂੰ ਮਜ਼ਬੂਤ ਕੀਤਾ, ਪਰ ਇਸ ਦੌਰਾਨ ਸਮਾਜਕ ਅਤੇ ਕਾਨੂੰਨੀ ਰੁਕਾਵਟਾਂ ਦਾ ਸਾਹਮਣਾ ਵੀ ਕੀਤਾ। ਸੁਰੱਖਿਆ ਨਿਯਮਾਂ ਅਤੇ ਧਾਰਮਿਕ ਪਛਾਣ 'ਚ ਸੰਤੁਲਨ ਬਣਾਉਣਾ ਇੱਕ ਵੱਡੀ ਚੁਣੌਤੀ ਸੀ। ਇਸ ਜਿੱਤ ਨੇ ਸਿੱਖ ਭਾਈਚਾਰੇ 'ਚ ਆਤਮ-ਵਿਸ਼ਵਾਸ ਵਧਾਇਆ ਅਤੇ ਯੂਕੇ ਦੇ ਬਹੁ-ਸਭਿਆਚਾਰਕ ਨੀਤੀਆਂ ਨੂੰ ਮਜ਼ਬੂਤ ਕੀਤਾ। ਪਰ ਅਜੇ ਵੀ ਕੁਝ ਖੇਤਰਾਂ 'ਵਿਚ ਪਾਬੰਦੀਆਂ ਹਨ, ਜਿਸ ਲਈ ਸਿੱਖ ਜਥੇਬੰਦੀਆਂ ਨੂੰ ਲਗਾਤਾਰ ਸੰਵਾਦ ਦੀ ਲੋੜ ਹੈ। ਜਗਜੀਤ ਸਿੰਘ ਰਿਆਤ ਨੇ 23 ਨਵੰਬਰ 2024 ਨੂੰ ਆਪਣਾ ਪਰਿਵਾਰਕ ਕਾਰੋਬਾਰ ਐੱਮ ਐੱਸ ਰਿਆਤ ਐਂਡ ਸੰਨਜ਼ ਬੰਦ ਕਰਕੇ ਰਿਟਾਇਰਮੈਂਟ ਲੈ ਲਈ ਸੀ।

ਰਿਆਤ ਪਰਿਵਾਰ ਦਾ ਸੰਘਰਸ਼ ਸਿੱਖ ਧਰਮ ਦੀ ਪਛਾਣ ਅਤੇ ਧਾਰਮਿਕ ਅਜ਼ਾਦੀ ਦੀ ਇੱਕ ਮਿਸਾਲ ਹੈ। ਇਸ ਨੇ ਨਾ ਸਿਰਫ਼ ਸਿੱਖਾਂ ਨੂੰ ਆਪਣੀ ਪੱਗ ਨਾਲ ਮਾਣ ਨਾਲ ਜੀਣ ਦਾ ਹੱਕ ਦਿੱਤਾ, ਸਗੋਂ ਯੂਕੇ ਵਿਚ ਘੱਟ-ਗਿਣਤੀ ਭਾਈਚਾਰਿਆਂ ਦੇ ਹੱਕਾਂ ਦਾ ਰਾਹ ਪੱਧਰਾ ਕੀਤਾ।ਅੱਜ, ਰਿਆਤ ਦੀ ਮੁਹਿੰਮ ਦਾ ਪ੍ਰਭਾਵ ਸਿੱਖ ਭਾਈਚਾਰੇ ਵਿਚ ਅਤੇ ਯੂਕੇ ਦੇ ਬਹੁ-ਸਭਿਆਚਾਰਕ ਸਮਾਜ ਵਿਚ ਸਾਫ ਦਿਖਾਈ ਦਿੰਦਾ ਹੈ। ਸਿੱਖ ਨੌਜਵਾਨ ਹੁਣ ਪੱਗ ਨਾਲ ਮਾਣ ਨਾਲ ਨੌਕਰੀਆਂ ਕਰਦੇ ਹਨ, ਅਤੇ ਸਕੂਲਾਂ, ਜਨਤਕ ਥਾਵਾਂ ਅਤੇ ਹੋਰ ਸੰਸਥਾਵਾਂ ਵਿਚ ਸਿੱਖ ਪਛਾਣ ਨੂੰ ਸਵੀਕਾਰ ਕੀਤਾ ਜਾਂਦਾ ਹੈ।

# ਕੰਜ਼ਰਵੇਟਿਵ ਪਾਰਟੀ ਦੇ ਆਗੂ ਪੌਲੀਵੀਅਰ ਨੇ ਲੀਡਰਜ਼ ਇਕਨੌਮਿਕ ਗਰੋਥ ਕੌਂਸਲ ਦੀ ਕੀਤੀ ਘੋਸ਼ਣਾ

**ਸਰੀ, (ਪਰਮਜੀਤ ਸਿੰਘ):** ਕੰਜ਼ਰਵੇਟਿਵ ਪਾਰਟੀ ਦੇ ਨੇਤਾ ਪੀਅਰੇ ਪੋਇਲੀਵਰ ਨੇ ਬੀਤੇ ਦਿਨੀਂ ਐਲਾਨ ਕੀਤਾ ਕਿ ਉਨ੍ਹਾਂ ਦੀ ਪਾਰਟੀ "ਲੀਡਰਜ਼ ਇਕਨੌਮਿਕ ਗਰੋਥ ਕੌਂਸਲ" ਸਥਾਪਤ ਕਰ ਰਹੀ ਹੈ। ਇਸ ਦਾ ਮਕਸਦ ਕੈਨੇਡਾ ਦੀ ਆਰਥਿਕ ਸਥਿਰਤਾ ਦੇ ਮੂਲ ਕਾਰਨਾਂ ਦੀ ਪਛਾਣ ਕਰਨਾ ਅਤੇ ਵਿਹਾਰਕ ਹੱਲ ਪ੍ਰਸਤਾਵਿਤ ਕਰਕੇ ਦੇਸ਼ ਦੀ ਪੂਰੀ ਆਰਥਿਕ ਸਮਰੱਥਾ ਨੂੰ ਉਜਾਗਰ ਕਰਨਾ ਹੈ, ਤਾਂ ਜੋ ਕੈਨੇਡਾ ਨੂੰ ਵਿਕਸਿਤ ਦੁਨੀਆ ਦੇ ਆਰਥਿਕ ਪਛੜੇਪਣ ਦੀ ਸਥਿਤੀ ਤੋਂ ਵਾਪਸ ਲਿਆਂਦਾ ਜਾ ਸਕੇ।

ਪੋਇਲੀਵਰ ਨੇ ਕਿਹਾ, "ਪਿਛਲੇ ਦਹਾਕੇ ਵਿੱਚ, ਕੈਨੇਡਾ ਨੇ ਕਮਜ਼ੋਰ ਆਰਥਿਕ ਵਿਕਾਸ, ਘਟਦੀ ਉਤਪਾਦਕਤਾ, ਜੀਵਨ-ਯਾਤਰਾ ਦੀ ਵਧਦੀ ਲਾਗਤ ਅਤੇ ਮਜ਼ਦੂਰਾਂ ਦੀਆਂ ਅਸਲ ਆਮਦਨੀਆਂ ਵਿੱਚ ਕਮੀ ਦਾ ਸਾਹਮਣਾ ਕੀਤਾ ਹੈ। ਲੋਕਾਂ ਨੂੰ ਇਸ ਦੀ ਕੀਮਤ ਚੁਕਾਉਣੀ ਪੈ ਰਹੀ ਹੈ, ਕਿਉਂਕਿ ਵੇਤਨ ਖਰਚਿਆਂ ਦੇ ਨਾਲ ਤਾਲਮੇਲ ਨਹੀਂ ਰੱਖ ਸਕਦੇ, ਜਿਸ ਕਾਰਨ ਇੱਕ ਪੂਰੀ ਪੀੜ੍ਹੀ ਘਰ ਖਰੀਦਣ ਜਾਂ ਮੁਢਲੀਆਂ ਜ਼ਰੂਰਤਾਂ ਜਿਵੇਂ ਭੋਜਨ ਵੀ ਪੂਰਾ ਕਰਨ ਵਿੱਚ ਅਸਮਰੱਥ ਹੈ। ਇਸ ਨਾਲ ਫੂਡ ਬੈਂਕ ਦੀ ਵਰਤੋਂ ਵਿੱਚ ਭਾਰੀ ਵਾਧਾ ਹੋਇਆ ਹੈ।"

ਇਸ ਕੌਂਸਲ ਦੀ ਅਗਵਾਈ ਐਮਪੀ ਗ੍ਰੈਗ ਮੈਕਲੀਨ ਕਰਨਗੇ, ਜਦਕਿ ਐਮਪੀ ਗੇਟਨ ਮੈਲੇਟ ਅਤੇ ਸਾਬਕਾ ਐਮਪੀ ਰਿਕ ਪਰਕਿਨਸ ਸਹਿ-ਚੇਅਰਮੈਨ ਹੋਣਗੇ। ਕੌਂਸਲ ਵਪਾਰਾਂ, ਮਜ਼ਦੂਰ ਸੰਗਠਨਾਂ, ਗੈਰ-ਲਾਭਕਾਰੀ



ਸੰਸਥਾਵਾਂ, ਨੀਤੀ ਵਿਸ਼ਲੇਸ਼ਕਾਂ, ਗਿਆਨ-ਅਧਾਰਿਤ ਮਜ਼ਦੂਰਾਂ, ਨਵੀਨਤਾਕਾਰਾਂ ਅਤੇ ਹੋਰ ਸਟੇਕਹੋਲਡਰਾਂ ਤੋਂ ਵਿਆਪਕ ਸਲਾਹ-ਮਸ਼ਵਰਾ ਕਰੇਗੀ ਅਤੇ ਡੇਟਾ, ਫੀਡਬੈਕ ਅਤੇ ਸੁਝ-ਬੂਝ ਇਕੱਠੀ ਕਰੇਗੀ। ਕੌਂਸਲ ਦੇ ਮੈਂਬਰ ਸਾਰੇ ਸੈਕਟਰਾਂ ਅਤੇ ਖੇਤਰਾਂ ਵਿੱਚੋਂ ਚੁਣੇ ਜਾਣਗੇ, ਜਿਨ੍ਹਾਂ ਵਿੱਚ ਉਦਮੀ, ਵਪਾਰਕ ਨੇਤਾ, ਮਜ਼ਦੂਰ ਨੇਤਾ, ਨਵੀਨਤਾਕਾਰ, ਖੋਜੀ, ਗਿਆਨ ਨੇਤਾ, ਸਵਦੇਸ਼ੀ ਨੇਤਾ ਅਤੇ ਗੈਰ-ਲਾਭਕਾਰੀ ਉਦਯੋਗਾਂ ਵਿੱਚ ਕੰਮ ਕਰਨ ਵਾਲੇ ਨੇਤਾ ਸ਼ਾਮਲ ਹੋਣਗੇ।

ਕੌਂਸਲ ਦੇ ਮੁੱਖ ਟੀਚਿਆਂ ਵਿੱਚ, ਵਧੇਰੇ ਖਰੀਦ ਸਮਰੱਥਾ, ਜਿਸ ਨਾਲ ਕਮਾਈ ਮੁੱਲਾਂ ਨਾਲੋਂ ਤੇਜ਼ੀ ਨਾਲ ਵਧੇ, ਤਾਂ ਜੋ ਕੈਨੇਡੀਅਨਜ਼ ਦਾ ਜੀਵਨ ਪੱਧਰ ਬਿਹਤਰ ਹੋ ਸਕੇ। ਮਜ਼ਬੂਤ ਰੱਖਿਆ, ਸਰਹੱਦਾਂ ਅਤੇ ਬਿਹਤਰ ਸਮਾਜਿਕ ਪ੍ਰੋਗਰਾਮਾਂ ਨੂੰ ਫੰਡ ਕਰਨ ਲਈ ਵਧੇਰੇ ਆਰਥਿਕ ਵਿਕਾਸ ਸ਼ਾਮਲ ਕੀਤਾ ਹੈ।

ਕੌਂਸਲ ਆਪਣੀਆਂ ਖੋਜਾਂ ਅਤੇ ਨੀਤੀ ਸਿਫਾਰਸ਼ਾਂ ਨੂੰ ਸ਼ਾਮਲ ਕਰਦੇ ਹੋਏ ਇੱਕ ਵਿਆਪਕ ਰਿਪੋਰਟ ਪ੍ਰਕਾਸ਼ਿਤ ਕਰੇਗੀ, ਜੋ ਕੰਜ਼ਰਵੇਟਿਵ ਪਾਰਟੀ ਦੇ ਨੇਤਾ ਨੂੰ ਪੇਸ਼ ਕੀਤੀ ਜਾਵੇਗੀ। ਇਸ ਰਿਪੋਰਟ 'ਤੇ ਪਾਰਲੀਮੈਂਟ ਵਿੱਚ ਵਿਚਾਰ-ਵਟਾਂਦਰਾ ਕੀਤਾ ਜਾਵੇਗਾ ਅਤੇ ਸੰਭਵ ਤੌਰ 'ਤੇ ਇਸ ਨੂੰ ਪੇਸ਼ ਵੀ ਕੀਤਾ ਜਾ ਸਕਦਾ ਹੈ। ਇਸ ਦੀਆਂ ਮੁੱਖ ਖੋਜਾਂ ਨੂੰ 2026 ਵਿੱਚ ਹੋਣ ਵਾਲੇ ਕੰਜ਼ਰਵੇਟਿਵ ਪਾਰਟੀ ਦੇ ਨੈਸ਼ਨਲ ਕਨਵੈਨਸ਼ਨ ਵਿੱਚ ਪੇਸ਼ ਕੀਤਾ ਜਾਵੇਗਾ।

ਇਹ ਕੌਂਸਲ ਕੈਨੇਡਾ ਦੀ ਆਰਥਿਕ ਸਥਿਤੀ ਨੂੰ ਮੁੜ ਸੁਰਜੀਤ ਕਰਨ ਅਤੇ ਦੇਸ਼ ਨੂੰ ਵਿਕਸਿਤ ਦੁਨੀਆ ਵਿੱਚ ਮੁੜ ਅਗਵਾਈ ਵਿੱਚ ਲਿਆਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਪੋਇਲੀਵਰ ਦਾ ਇਹ ਐਲਾਨ ਦਰਸਾਉਂਦਾ ਹੈ ਕਿ ਕੰਜ਼ਰਵੇਟਿਵ ਪਾਰਟੀ ਆਰਥਿਕ ਚੁਣੌਤੀਆਂ ਨੂੰ ਹੱਲ ਕਰਨ ਅਤੇ ਕੈਨੇਡੀਅਨਜ਼ ਦੇ ਜੀਵਨ ਪੱਧਰ ਨੂੰ ਸੁਧਾਰਨ ਲਈ ਵਿਹਾਰਕ ਅਤੇ ਸਰਬਪੱਖੀ ਪਹੁੰਚ ਅਪਣਾਉਣ ਲਈ ਵਚਨਬੱਧ ਹੈ।

# ਐੱਸ.ਐੱਫ.ਯੂ. 'ਚ ਵਿਦਿਆਰਥੀ ਰਿਹਾਇਸ਼ ਅਤੇ ਚਾਈਲਡ ਕੇਅਰ ਸਹੂਲਤਾਂ ਦਾ ਵਿਸਥਾਰ

**ਬਰਨਾਬੀ (ਪਰਮਜੀਤ ਸਿੰਘ):** ਸਾਈਮਨ ਫਰੇਜ਼ਰ ਯੂਨੀਵਰਸਿਟੀ (ਐੱਸ.ਐੱਫ.ਯੂ.) ਦੇ ਬਰਨਾਬੀ ਕੈਂਪਸ ਵਿੱਚ ਵਿਦਿਆਰਥੀਆਂ, ਸਟਾਫ ਅਤੇ ਇਲਾਕੇ ਵਾਸੀਆਂ ਲਈ ਨਵੀਆਂ ਸਹੂਲਤਾਂ ਵਧਾਉਣ ਦੀ ਯੋਜਨਾ ਰਾਹੀਂ ਇੱਕ ਵੱਡਾ ਕਦਮ ਚੁੱਕਿਆ ਗਿਆ ਹੈ। ਇੱਥੇ ਨਵੀਂ ਅੱਠ ਮੰਜ਼ਿਲਾ ਵਿਦਿਆਰਥੀ ਰਿਹਾਇਸ਼ ਇਮਾਰਤ ਦੀ ਉਸਾਰੀ ਸ਼ੁਰੂ ਹੋ ਚੁੱਕੀ ਹੈ, ਜਦਕਿ ਇੱਕ ਨਵਾਂ ਚਾਈਲਡ ਕੇਅਰ ਕੇਂਦਰ 2025 ਦੀ ਪਤਝੜ ਰੁੱਤ ਵਿੱਚ ਬਣਨਾ ਸ਼ੁਰੂ ਹੋਵੇਗਾ।

ਇਨਫਰਾਸਟਰੱਕਚਰ ਮੰਤਰੀ ਬੋਵਿਨ ਮਾ ਨੇ ਕਿਹਾ ਕਿ "ਸੁਰੱਖਿਅਤ ਤੇ ਆਸਾਨੀ ਨਾਲ ਉਪਲਬਧ ਰਿਹਾਇਸ਼ ਅਤੇ ਚਾਈਲਡ ਕੇਅਰ ਵਿਦਿਆਰਥੀਆਂ ਅਤੇ ਮਾਪਿਆਂ ਦੀ ਜ਼ਿੰਦਗੀ ਬਦਲ ਸਕਦੇ ਹਨ। ਇਹ ਨਵੇਂ ਪ੍ਰਾਜੈਕਟ ਸਟੂਡੈਂਟਾਂ ਲਈ ਯਾਤਰਾ ਸਮਾਂ ਘਟਾਉਣ, ਪਾਠਾਂ 'ਤੇ ਧਿਆਨ ਕੇਂਦਰਤ ਕਰਨ ਅਤੇ ਸਥਾਨਕ ਰੈਂਟਲ ਮਾਰਕੀਟ ਉੱਤੇ ਦਬਾਅ ਘਟਾਉਣ ਵਿੱਚ ਮਦਦ ਕਰਨਗੇ।"

ਨਵੀਂ ਰਿਹਾਇਸ਼ ਇਮਾਰਤ ਵਿੱਚ 445 ਨਵੇਂ ਬੈੱਡ ਹੋਣਗੇ, ਜਿਨ੍ਹਾਂ ਵਿੱਚ ਸਟੂਡੀਓ, ਚਾਰ ਬੈੱਡਰੂਮ ਅਪਾਰਟਮੈਂਟ ਅਤੇ ਟਾਊਨਹਾਊਸ ਸ਼ਾਮਲ ਹਨ। ਇਨ੍ਹਾਂ ਦੇ ਨਾਲ, ਨਵਾਂ ਚਾਈਲਡ ਕੇਅਰ ਕੇਂਦਰ 160 ਨਵੇਂ ਸਥਾਨ ਜੋੜੇਗਾ, ਜਿਸ ਨਾਲ ਐੱਸ.ਐੱਫ.ਯੂ. ਦੇ ਦੋਹਾਂ ਕੈਂਪਸਾਂ



ਵਿੱਚ ਸਥਾਨਾਂ ਦੀ ਗਿਣਤੀ 570 ਤੋਂ ਵੱਧ ਹੋ ਜਾਵੇਗੀ।

ਉੱਚ ਸਿੱਖਿਆ ਮੰਤਰੀ ਐਨ ਕੈਂਗ ਨੇ ਕਿਹਾ ਕਿ 2018 ਤੋਂ ਲੈ ਕੇ ਸਰਕਾਰ ਨੇ ਵਿਦਿਆਰਥੀ ਰਿਹਾਇਸ਼ ਵਿੱਚ ਇਤਿਹਾਸਕ ਨਿਵੇਸ਼ ਕੀਤਾ ਹੈ, ਜਿਸ ਨਾਲ ਵਿਦਿਆਰਥੀਆਂ ਨੂੰ ਆਪਣਾ ਭਵਿੱਖ ਨਿਖਾਰਨ ਲਈ ਮੌਕੇ ਮਿਲ ਰਹੇ ਹਨ। ਉਨ੍ਹਾਂ ਨੇ ਕਿਹਾ ਕਿ "ਮਕਾਨ ਅਤੇ ਚਾਈਲਡ ਕੇਅਰ ਦੀ ਉਪਲਬਧਤਾ ਉਹਨਾਂ ਦੇ ਫੈਸਲੇ ਉੱਤੇ ਸਿੱਧਾ ਅਸਰ ਪਾਂਦੀ ਹੈ।"

ਇਹ ਪ੍ਰਾਜੈਕਟ ਐੱਸ.ਐੱਫ.ਯੂ. ਦੀ ਰਿਹਾਇਸ਼ ਵਿਸਥਾਰ ਯੋਜਨਾ ਦਾ ਤੀਜਾ ਪੜਾਅ ਹੈ। ਪਹਿਲੇ ਦੋ ਪੜਾਵਾਂ ਰਾਹੀਂ 856 ਨਵੇਂ ਬੈੱਡ ਸ਼ਾਮਲ ਕੀਤੇ ਗਏ ਸਨ। ਇਹ ਨਵਾਂ ਪੜਾਅ 2027 ਤੱਕ ਪੂਰਾ ਹੋਣ ਦੀ ਸੰਭਾਵਨਾ ਹੈ ਅਤੇ ਇਸ ਦੀ ਲਾਗਤ $196.6 ਮਿਲੀਅਨ ਆਂਕੀ ਗਈ ਹੈ, ਜੋ ਕਿ ਸੂਬਾ ਸਰਕਾਰ ਅਤੇ ਯੂਨੀਵਰਸਿਟੀ ਵਲੋਂ ਸਾਂਝੀ ਤੌਰ 'ਤੇ ਫੰਡ ਕੀਤੀ ਜਾ ਰਹੀ ਹੈ।

ਚਾਈਲਡ ਕੇਅਰ ਪ੍ਰਾਜੈਕਟ ਨੂੰ ChildCareBC ਦੇ ਨਵੇਂ ਸਥਾਨਾਂ ਫੰਡ ਰਾਹੀਂ $16 ਮਿਲੀਅਨ ਦੀ ਰਾਸ਼ੀ ਮਿਲੀ ਹੈ, ਜਿਸ ਵਿੱਚ ਸੂਬਾਈ ਤੇ ਫੈਡਰਲ ਸਰਕਾਰ ਦੋਵਾਂ ਦੀ ਭੂਮਿਕਾ ਹੈ। ਇਹ ਯੋਜਨਾ 2021 ਤੋਂ 2026 ਅਤੇ ਹੁਣ 2031 ਤੱਕ ਵਧਾਈ ਗਈ ਹੈ।

ਐੱਸ.ਐੱਫ.ਯੂ. ਦੀ ਪ੍ਰਧਾਨ ਜੋਇ ਜੌਨਸਨ ਨੇ ਸੂਬਾਈ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਯਤਨ ਵਿਦਿਆਰਥੀਆਂ ਅਤੇ ਭਾਈਚਾਰੇ ਦੀ ਭਲਾਈ ਵੱਲ ਵਧਦਾ ਹੋਇਆ ਕਦਮ ਹੈ। MLA ਰੋਹਿਨੀ ਅਰੋੜਾ ਨੇ ਕਿਹਾ ਕਿ "160 ਨਵੇਂ ਚਾਈਲਡ ਕੇਅਰ ਸਥਾਨ ਬਣਾਉਣ ਨਾਲ ਵਿਦਿਆਰਥੀ ਮਾਪਿਆਂ, ਵਿਅਸਤ ਪਰਿਵਾਰਾਂ ਅਤੇ ਖ਼ਾਸ ਤੌਰ 'ਤੇ ਮਾਂਵਾਂ ਲਈ ਸਿੱਖਿਆ ਅਤੇ ਕੰਮ ਕਰਨਾ ਆਸਾਨ ਹੋਵੇਗਾ।"

# ਡੈਲਟਾ ਦੇ ਸੀਕੁਐਮ ਸਕੈਂਡਰੀ ਸਕੂਲ ਵਿੱਚ ਨਵਾਂ ਟਰੈਕ ਬਣਾਉਣ ਦਾ ਕੰਮ ਸ਼ੁਰੂ



**ਡੈਲਟਾ, (ਪਰਮਜੀਤ ਸਿੰਘ):** ਡੈਲਟਾ ਸਿਟੀ, ਡੈਲਟਾ ਸਕੂਲ ਬੋਰਡ ਅਤੇ ਬ੍ਰਿਟਿਸ਼ ਕੋਲੰਬੀਆ ਸੂਬਾ ਸਰਕਾਰ ਨੇ ਮਿਲ ਕੇ ਸੀਕੁਐਮ ਸਕੈਂਡਰੀ ਸਕੂਲ ਵਿਚ ਨਵਾਂ ਟਰੈਕ ਅਤੇ ਫੀਲਡ ਬਣਾਉਣ ਦੀ ਸ਼ੁਰੂਆਤ ਕੀਤੀ ਹੈ। ਨਵੀਂ ਟਰੈਕ ਦੀ ਉਸਾਰੀ ਅਗਲੇ ਹਫ਼ਤਿਆਂ ਵਿੱਚ ਸ਼ੁਰੂ ਹੋਣੀ ਉਮੀਦ ਕੀਤੀ ਜਾ ਰਹੀ ਹੈ।

ਇਸ ਮੌਕੇ 'ਤੇ ਮੇਅਰ ਜਾਰਜ ਵੀ. ਹਰਵੀ, ਕਾਊਂਸਲਰ ਜੈਸੀ ਦੋਸਾਂਝ, ਜੈਨੀਫਰ ਜੋਹਲ ਅਤੇ ਡਿਲਨ ਕੂਗਰ, ਡੈਲਟਾ ਨੌਰਥ ਤੋਂ ਐਮ.ਐਲ.ਏ. ਅਤੇ ਮਿਨਿਸਟਰ ਆਫ ਹਾਊਸਿੰਗ ਐਂਡ ਮਿਊਂਸਪਲ ਅਫ਼ੇਅਰਜ਼ ਰਵੀ ਕਹਲੋਂ ਅਤੇ ਸਕੂਲ ਬੋਰਡ ਦੇ ਮੈਂਬਰ ਜੋ ਮੁਏਗੋ, ਵੈਲ ਵਿਜ਼ਰ, ਅਮਨ ਧਿੱਲੋਂ, ਨਿਕ ਕਨਾਕੋਸ ਅਤੇ ਨਿੰਮੀ ਦੌਲਾ ਮੌਜੂਦ ਸਨ।

ਇਹ ਪ੍ਰਾਜੈਕਟ ਮੌਜੂਦਾ ਦੌੜ ਟਰੈਕ ਨੂੰ ਛੇ ਲੇਨਾਂ ਵਾਲੀ ਨਵੀਂ ਸਿੰਥੇਟਿਕ ਟਰੈਕ ਨਾਲ ਬਦਲ ਦੇਵੇਗਾ। ਇਸ ਵਿੱਚ ਲੰਬੀ ਕੁਦ ਦੇ ਲਈ ਨਵਾਂ ਰਨਵੇਅ ਅਤੇ ਪਿੱਟ, ਥ੍ਰੋਇੰਗ ਈਵੈਂਟਸ ਲਈ ਸਟਰਕਚਰ, ਅਤੇ ਨਵਾਂ ਡਰੇਨੇਜ ਅਤੇ ਇਰੀਗੇਸ਼ਨ ਸਿਸਟਮ ਸਮੇਤ ਅਮਰੀਕਨ ਫੁੱਟਬਾਲ ਅਤੇ ਸਾਕਰ ਲਈ ਗ੍ਰਾਊਂਡ ਬਣਾਇਆ ਜਾਵੇਗਾ। ਫੁੱਟਬਾਲ ਗੋਲ ਪੋਸਟ ਅਤੇ ਮੂਵ ਕਰ ਸਕਣ ਵਾਲੀਆਂ ਸਾਕਰ ਨੈੱਟਾਂ ਵੀ ਲਗਾਈਆਂ ਜਾਣਗੀਆਂ।

ਇਸ ਨਵੇਂ ਡਿਜ਼ਾਈਨ ਵਿੱਚ ਸਕੂਲ ਅਤੇ ਆਸਪਾਸ ਦੇ ਰਿਹਾਇਸ਼ੀ ਇਲਾਕਿਆਂ ਵਿੱਚ ਪੈਦਲ ਆਉਣ-ਜਾਣ ਵਾਲਿਆਂ ਦੀ ਸਹੂਲਤ ਲਈ ਸਖ਼ਤ ਸਤ੍ਹਾ ਵਾਲਾ ਰਸਤਾ ਵੀ ਸ਼ਾਮਲ ਕੀਤਾ ਗਿਆ ਹੈ।

ਬਨਾਵਟੀ ਕੰਮ ਦੌਰਾਨ 82 ਦਰੱਖ਼ਤ ਕਟਣੇ ਪੈਣਗੇ, ਪਰ 100 ਨਵੇਂ ਦਰੱਖ਼ਤ ਲਗਾਏ ਜਾਣਗੇ। ਟਰੈਕ ਦੀ ਉਸਾਰੀ 2025 ਦੇ ਆਖਰ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ, ਜਦਕਿ ਸਿੰਥੇਟਿਕ ਸਤ੍ਹਾ 2026 ਦੇ ਬਸੰਤ ਵਿਚ ਤਿਆਰ ਹੋਵੇਗੀ। ਪਾਵੇਂ ਟਰੈਕ ਲੇਟ ਫਾਲ 2025 ਤੋਂ ਸਪ੍ਰਿੰਗ 2026 ਤੱਕ ਖੁੱਲ੍ਹੀ ਰਹੇਗੀ, ਪਰ ਗ੍ਰਾਸ ਇਨਫੀਲਡ ਨੂੰ ਘੇਰ ਲਿਆ ਜਾਵੇਗਾ ਤਾਂ ਜੋ ਨਵੀਂ ਘਾਹ ਲੱਗ ਸਕੇ।

ਇਹ ਪ੍ਰਾਜੈਕਟ ਬੀ.ਸੀ. ਗਰੋਇੰਗ ਕਮਿਊਨਿਟੀਜ਼ ਫੰਡ ਰਾਹੀਂ ਪ੍ਰਾਂਤ ਵੱਲੋਂ ਦਿੱਤੇ $4 ਮਿਲੀਅਨ ਨਾਲ ਸੰਭਵ ਹੋਇਆ ਹੈ।

# ਸਰੀ ਮੈਮੋਰੀਅਲ ਹਸਪਤਾਲ 'ਚ ਅੰਤਰੀਕ ਕੈਂਸਰ ਦੀ ਜਲਦੀ ਪਛਾਣ ਲਈ ਨਵੀਂ ਮਸ਼ੀਨ ਸਥਾਪਤ

**ਸਰੀ ਵਾਸੀ ਵਲੋਂ ਕੀਤੀ ਗਈ ਸੀ $1 ਮਿਲੀਅਨ ਦੀ ਰਾਸ਼ੀ ਦਾਨ**

ਡੈਲਟਾ, (ਪਰਮਜੀਤ ਸਿੰਘ): ਸਰੀ ਮੈਮੋਰੀਅਲ ਹਸਪਤਾਲ ਵਿੱਚ ਹੁਣ ਅੰਤਰੀਕ ਕੈਂਸਰ ਦੀ ਸ਼ੁਰੂਆਤੀ ਪਛਾਣ ਲਈ ਐਂਡੋਸਕੋਪਿਕ ਅਲਟ੍ਰਾਸਾਊਂਡ (EUS) ਪ੍ਰੋਗਰਾਮ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਇਹ ਸਭ ਕੁਝ ਸਥਾਨਕ ਜੋੜੇ ਲੈਨ ਅਤੇ ਜੋਨ ਲੀਸ ਵਲੋਂ ਦਿੱਤੇ $1 ਮਿਲੀਅਨ ਦੇ ਵੱਡੇ ਦਾਨ ਕਾਰਨ ਸੰਭਵ ਹੋਇਆ ਹੈ। ਇਹ ਰਕਮ ਸਰੀ ਹਸਪਤਾਲ ਫਾਊਂਡੇਸ਼ਨ ਨੂੰ ਪਿਛਲੇ ਸਾਲ ਮਿਲੀ ਸੀ। ਇਸ ਵੱਡੀ ਰਕਮ ਨਾਲ ਹਸਪਤਾਲ ਦੇ ਗੈਸਟਰੋਐਂਟਰੋਲੋਜੀ ਵਿਭਾਗ ਦੀ ਵਧੋ-ਚੜ੍ਹੋ ਕਰਵਾਈ ਗਈ ਹੈ। ਹੁਣ ਇਥੇ ਇੱਕ ਨਵਾਂ ਐਡਵਾਂਸਡ ਫੈਲੋਸ਼ਿਪ ਅਹੁਦਾ ਬਣਾਇਆ ਗਿਆ ਹੈ ਅਤੇ ਐਂਡੋਸਕੋਪਿਕ ਅਲਟ੍ਰਾਸਾਊਂਡ ਮਸ਼ੀਨ ਵੀ ਖਰੀਦੀ ਗਈ ਹੈ, ਜਿਸ ਨਾਲ ਹਸਪਤਾਲ ਦੀਆਂ ਸੇਵਾਵਾਂ ਵਿੱਚ ਨਵੀਂ ਰੂਹ ਫੂੰਕੀ ਗਈ ਹੈ। ਫਾਊਂਡੇਸ਼ਨ ਵਲੋਂ ਜਾਰੀ ਬਿਆਨ ਅਨੁਸਾਰ, ਲੈਨ ਅਤੇ ਜੋਨ ਲੀਸ ਦੋਵਾਂ ਨੇ ਹਸਪਤਾਲ ਵਿੱਚ ਇਲਾਜ ਲਵਾਇਆ ਸੀ ਅਤੇ ਉਹ ਇਸ ਗੱਲ ਲਈ ਮਾਣ ਮਹਿਸੂਸ ਕਰਦੇ ਸਨ ਕਿ



ਉਨ੍ਹਾਂ ਦੀ ਕਮਿਊਨਿਟੀ ਵਿੱਚ ਇੰਨਾ ਵਧੀਆ ਹਸਪਤਾਲ ਮੌਜੂਦ ਹੈ। ਜੋਨ ਦਾ ਦੇਹਾਂਤ 2018 ਵਿੱਚ ਹੋਇਆ ਸੀ ਅਤੇ ਲੈਨ 2021 ਵਿੱਚ ਚਲ ਵਸੇ। ਬਿਆਨ ਵਿੱਚ ਇਹ ਵੀ ਦਰਜ ਕੀਤਾ ਗਿਆ ਕਿ 1964 ਵਿੱਚ ਇੰਗਲੈਂਡ ਤੋਂ ਕੈਨੇਡਾ ਆਏ ਇਹ ਜੋੜਾ ਕਾਫ਼ੀ ਮਿਹਨਤੀ ਅਤੇ ਰਚਨਾਤਮਕ ਸੀ। ਉਨ੍ਹਾਂ ਨੇ ਆਪਣੇ ਜੀਵਨ ਵਿੱਚ ਧਨ ਸੰਭਾਲਿਆ, ਬਚਤ ਕੀਤੀ, ਨਿਵੇਸ਼ ਕੀਤਾ ਅਤੇ ਫਿਰ ਉਹਨਾਂ ਨੇ ਆਪਣੀ ਕਾਮਯਾਬੀ ਦੇ ਲਾਭ ਕਈ ਚੈਰਿਟੀ ਸੰਸਥਾਵਾਂ ਨਾਲ ਸਾਂਝੇ ਕੀਤੇ। ਇਹ ਵਸੀਅਤ ਫਾਊਂਡੇਸ਼ਨ ਨੂੰ 2021 ਵਿੱਚ ਲੈਨ ਦੇ ਦਿਹਾਂਤ ਤੋਂ ਬਾਅਦ ਲਗਾਤਾਰ ਮਿਲਦੀ ਰਹੀ। ਵਿਸ਼ਵ ਸਿਹਤ ਸੰਗਠਨ ਅਨੁਸਾਰ, ਅੰਤਰੀਕ ਕੈਂਸਰ ਦੁਨੀਆ ਭਰ ਵਿੱਚ ਹਰ ਚੌਥੀ ਕੈਂਸਰ ਮਾਮਲੇ ਅਤੇ ਹਰ ਤੀਜੀ ਕੈਂਸਰ ਮੌਤ ਦਾ ਕਾਰਨ ਬਣਦਾ ਹੈ। ਇਹ ਕੈਂਸਰ ਮੂੰਹ ਤੋਂ ਲੈ ਕੇ ਗੁੱਦੇ ਤੱਕ ਪੂਰੇ ਹਜ਼ਮ ਕਰਨ ਵਾਲੇ ਤੰਤ੍ਰ ਨੂੰ ਪ੍ਰਭਾਵਿਤ ਕਰਦਾ ਹੈ, ਜਿਸ ਵਿੱਚ ਆਮਾਸ਼ੇ, ਅੰਤੜੀਆਂ, ਪੇਟ, ਗੁਦਾ ਦੇ ਨਾਲ-ਨਾਲ ਲਿਵਰ, ਪੈਨਕ੍ਰੀਅਸ, ਬਾਇਲ ਡਕਟ ਅਤੇ ਗਾਲ ਬਲੇਡਰ ਵਰਗੇ ਅੰਗ ਵੀ ਸ਼ਾਮਲ ਹਨ।



SABZI MANDI SUPERMARKET
Serving our Community since 2003
VICTORIA LOCATION
Opening Soon!
306 Burnside Road, Victoria
HOT PRICE
FRESH GINGER ਅੱਦਰਕ 1.29 /lb
HOT PRICE
FRESH TOMATOES ਟਮਾਟਰ 99¢ /lb
HOT PRICE
INDIAN KARELA ਕਰੇਲੇ 1.29 /lb
HOT PRICE
FRESH CILANTRO ਧਨੀਆਂ Bunch 2 for 99¢
VERKA DESI GHEE ਵੇਰਕਾ ਦੇਸੀ ਘਿਓ 3kg 41.99 ea
UNBEATABLE DEAL
ROYAL PARTY TRAYS ਰੋਯਲ ਪਾਰਟੀ ਟਰੇ
40 pack
6.99 ea
FRESH RAPINI ਸਾਗ Bunch 2.88 ea
PUNJABI BY NATURE SOYA CHAAP ਪੰਜਾਬੀ ਬਾਈ ਨੇਚਰ ਸੋਯਾ ਚਾਪ 850g 3.99 ea
FRESH DAIKON ਮੂਲੀ 99¢ /lb
ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb 8.99 ea
CASE LOT SALE
#12 FRESH CILANTRO ਧਨੀਆਂ Case of 60 $25 ea
FRESH GINGER ਲਸਨ 30lb Case $35 ea
RUSSET POTATOES ਆਲੂ 5 x 10lb Case $18 ea
INDIAN EGGPLANT ਦੇਸੀ ਵਤਾਊਂ 1.49 /lb
PUNJABI BY NATURE SUJI RUSK ਪੰਜਾਬੀ ਬਾਈ ਨੇਚਰ ਸੂਜੀ ਰੱਸਕ 600g 3.99 ea
PUNJABI BY NATURE ATTA COOKIES ਪੰਜਾਬੀ ਬਾਈ ਨੇਚਰ ਆਟਾ ਕੁਕੀਆਂ 5lb 9.99 ea
AASHIRWAAD MULTIGRAIN FLOUR ਆਸ਼ਿਰਵਾਦ ਮੱਲਟੀਗਰੇਨ ਆਟਾ 10lb 9.99 ea
TATA AGNI TEA ਟਾਟਾ ਅੱਗਣੀ ਚਾਹ 1kg 9.99 ea
FRESH ZUCCHINI ਤੋਰੀ 79¢ /lb
ROSHNI TAMARIND ਰੋਸ਼ਨੀ ਇਮਲੀ 400g 2 for $5
SATSUMA MANDARIN ਸਟਸੂਮਾ ਮੈਨਡਰਿਨ ਸੰਗਤਰੇ 1.49 /lb
FRESH GARLIC ਲਸਣ 1.59 /lb
RUSSET POTATOES ਆਲੂ 10lb 3.99 ea
FRESH BROCCOLI ਬਰੋਕੋਲੀ 1.29 /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. May 23, 2025 - Wed. May 28, 2025
MasterCard VISA American Express Interac
American Express accepted at three locations.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
Prices in effect at the above listed store locations only.
You can also visit us online at www.sabzimandicanada.com